ੴ

# ਸੰਸਾਰ ਤੋਂ ਨਿਰੰਕਾਰ ਤੱਕ

ਸਫ਼ਲ ਯਾਤਰਾ
ਜੋਤੀ ਜੋਤਿ ਰਲੀ
ਬ੍ਰਹਮ ਗਿਆਨੀ
ਸਹਿਜ ਅਵਸਥਾ
ਦਰਸ਼ਨ ਦੇਖਤ
ਜੀਵਨ ਮੁਕਤ ਸੁ ਆਖੀਐ
ਦਰਸ਼ਨ ਪਿਆਸ
ਸਾਚੀ ਪ੍ਰੀਤ
ਨਿਰਮਲ ਭਉ
ਗੁਰ ਪ੍ਰਸਾਦੀ ਜਿਨਾ ਲਿਵ ਲਾਗੀ
ਖਿਨਉ ਮੋਹਿ ਸਾਰਿਆ
ਆਪੇ ਦੀ ਪਹਿਚਾਣ
ਦੋ ਭਿਆਨਕ ਰੂਪ
ਸ਼ਬਦ ਗੁਰ ਸੁਰਤਿ ਧੁਨਿ ਚੇਲਾ
ਸਤਸੰਗਤਿ
ਸਤਿਗੁਰ ਤੇ ਕਰਣੀ ਕਮਾਣੀ
ਗੁਰੂ ਦਾ ਮਿਲਾਪ
ਮਨੁੱਖਾ ਦੇਹੀ
ਰੱਬ ਤੋਂ ਵਿਛੜ ਕੇ ਜੂਨੀਆਂ ਦੀ ਭਟਕਣਾ



ਗਿ. ਅਮਰੀਕ ਸਿੰਘ

Sri Satguru Jagjit Singh Ji eLibrary NamdhariElibrary@gmail.com

# ਸੰਸਾਰ ਤੋਂ
# ਨਿਰੰਕਾਰ ਤੱਕ

Sri Satguru Jagjit Singh Ji eLibrary NamdhariElibrary@gmail.com

# ਸੰਸਾਰ ਤੋਂ ਨਿਰੰਕਾਰ ਤੱਕ

ਲੇਖਕ :
ਗਿ. ਅਮਰੀਕ ਸਿੰਘ

ਪ੍ਰਕਾਸ਼ਕ
ਭਾ. ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

© ਪ੍ਰਕਾਸ਼ਕ

**Sansaar Ton Nirankaar Tak**
Giani Amrik Singh Chandigarh

ISBN : 81-7601-490-7

ਦੂਜੀ ਐਡੀਸ਼ਨ ਅਪ੍ਰੈਲ 2011
ਤੀਜੀ ਐਡੀਸ਼ਨ ਮਈ 2014
ਭੇਟਾ : 125-00

An ISO 9001:2008 Certified Publishing House
No. 101809-A01

ਪ੍ਰਕਾਸ਼ਕ :
**ਭਾ: ਚਤਰ ਸਿੰਘ ਜੀਵਨ ਸਿੰਘ**
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।
ਫੋਨ : (0183) 2542346, 2547974
ਫੈਕਸ : (0183) 5017488
E-mail : csjssales@hotmail.com
: csjspurchase@yahoo.com

Visit our Website : www.csjs.com

ਪ੍ਰਿੰਟਰ :
ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ।
ਫੋਨ : 0183-2705003, 5095774

Printed & Bound in India

Sri Satguru Jagjit Singh Ji eLibrary NamdhariElibrary@gmail.com

# ਤਤਕਰਾ


ਰੱਬ ਤੋਂ ਵਿਛੁੜ ਕੇ ਜੂਨੀਆਂ ਦੀ ਭਟਕਣਾ ---------- 15

ਮਨੁੱਖਾ ਦੇਹੀ ---------- 22

ਗੁਰੂ ਦਾ ਮਿਲਾਪ ---------- 27

ਸਤਿਗੁਰ ਤੇ ਕਰਣੀ ਕਮਾਣੀ ---------- 32

ਸਤਸੰਗਤਿ ---------- 38

ਸਬਦੁ ਗੁਰੂ ਸੁਰਤਿ ਧੁਨਿ ਚੇਲਾ ---------- 44

ਦੋ ਭਿਆਨਕ ਰੂਪ ---------- 50

ਆਪੇ ਦੀ ਪਹਿਚਾਣ ---------- 54

ਬਿਨਉ ਮੋਹਿ ਸਾਰਿਆ ---------- 59

ਗੁਰ ਪਰਸਾਦੀ ਜਿਨਾ ਲਿਵ ਲਾਗੀ ---------- 62

ਨਿਰਮਲ ਭਉ ---------- 68

ਸਾਚੀ ਪ੍ਰੀਤ ---------- 74

ਦਰਸਨ ਪਿਆਸ ---------- 79

ਜੀਵਨ ਮੁਕਤਿ ਸੁ ਆਖੀਐ ---------- 84

ਦਰਸਨ ਦੇਖਤ ---------- 91

ਸਹਿਜ ਅਵਸਥਾ ---------- 98

ਬ੍ਰਹਮ ਗਿਆਨੀ ---------- 106

ਜੋਤੀ ਜੋਤਿ ਰਲੀ ---------- 113

ਸਫਲ ਯਾਤਰਾ ---------- 118



Sri Satguru Jagjit Singh Ji eLibrary NamdhariElibrary@gmail.com

# ਸਮਰਪਿਤ

**ਉਨ੍ਹਾਂ ਨੂੰ ਜਿੰਨ੍ਹਾਂ ਨੇ ਨਾਮ ਜਪ ਕੇ ਸੰਸਾਰ ਵਿਚ ਰਹਿੰਦਿਆਂ**

**ਨਿਰੰਕਾਰ ਨਾਲ ਅਭੇਦਤਾ ਹਾਸਿਲ ਕਰ ਲਈ**

*ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ॥*
*ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥*

*—ਗਿ. ਅਮਰੀਕ ਸਿੰਘ*

***ੴ ਸਤਿਗੁਰ ਪ੍ਰਸਾਦਿ॥***

ਗੁਰੂ ਪਿਆਰੇ, ਗੁਰੂ ਸਵਾਰੇ ਸਿੱਖ ਪੰਥ ਦੇ ਮਹਾਨ ਵਿਦਵਾਨ ਗਿਆਨੀ ਅਮਰੀਕ ਸਿੰਘ ਜੀ ਦਾ ਨਾਮ ਪੰਥ ਪ੍ਰਸਿੱਧ ਹੈ। ਦੇਸ਼ਾਂ ਵਿਦੇਸ਼ਾਂ ਵਿਚ ਵਸੀਆਂ ਸੰਗਤਾਂ ਦਾ ਉਨ੍ਹਾਂ ਪ੍ਰਤੀ ਅਥਾਹ ਸਨੇਹ ਤੇ ਸਤਿਕਾਰ ਗੁਰੂ ਬਖਸ਼ਿਸ਼ ਦੁਆਰਾ ਬਣਿਆ ਹੋਇਆ ਹੈ। ਅਕਾਲ ਪੁਰਖ ਦੀ ਕਿਰਪਾ ਸਦਕਾ ਇਨ੍ਹਾਂ ਦਾ ਮਨ ਗੁਰ ਸ਼ਬਦ ਦੀ ਵੀਚਾਰ ਵਿਚ ਲੀਨ ਰਹਿੰਦਾ ਹੈ।

ਜਿਸ ਸਦਕਾ ਇਨ੍ਹਾਂ ਦੀ ਪਲੇਠੀ ਦੀ ਪੁਸਤਕ ***'ਗਿਆਨ ਅੰਜਨਿ ਗੁਰਿ ਦੀਆ'*** ਤੋਂ ਬਾਅਦ ***'ਸੰਸਾਰ ਤੋਂ ਨਿਰੰਕਾਰ ਤੱਕ'*** ਪੁਸਤਕ ਸੰਗਤਾਂ ਦੀ ਸੇਵਾ ਵਿਚ ਹਾਜ਼ਰ ਹੋਈ ਹੈ। ਨਿਰੋਲ ਗੁਰਬਾਣੀ ਦੇ ਆਸ਼ੇ ਅਨੁਸਾਰ ਹੀ ਇਸ ਵਿਸ਼ੇ ਨੂੰ ਬਾ-ਖ਼ੂਬੀ ਨਿਭਾਇਆ ਹੈ। ਇਸ ਵਿਚ ਵੀਚਾਰਾਂ ਦੀ ਪਰੋੜਤਾ, ਨਵੀਨਤਾ, ਬਿਆਨ ਕਰਨ ਦੀ ਵਿਧੀ ਅਤਿ ਸ਼ਲਾਘਾ ਯੋਗ ਹੈ। ਪਾਠਕ ਮਹਿਸੂਸ ਕਰਦਾ ਹੈ ਕਿ ਗੱਲ ਮੇਰੇ ਨਾਲ, ਮੇਰੇ ਲਈ ਹੀ ਹੈ, ਅਤੇ ਇਹ ਮੇਰਾ ਮਿੱਤਰ, ਮੇਰਾ ਹਮ ਉਮਰ ਹੀ ਮੈਨੂੰ ਦਰਸਾ ਰਿਹਾ ਹੈ। ਵਿਚਾਰ ਕਦੇ ਵੀ ਬੇਹੇ, ਪੁਰਾਣੇ ਜਾਂ ਦਕਿਆਨੂਸੀ ਨਹੀਂ ਜਾਪਦੇ, ਸਗੋਂ ਹਮੇਸ਼ਾ ਨਵੇਂ, ਆਧੁਨਿਕ ਅਤੇ ਅੱਜ ਦੇ ਯੁਗ ਦੇ ਹੀ ਸਦੀਵੀ ਸਾਂਝੇ ਹਰ ਪਲ ਢੁਕਵੇਂ ਤੇ ਲਾਗੂ ਸਮਝੇ ਜਾ ਸਕਣ ਵਾਲੇ ਹਨ।

ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਚੌਤਾਂ ਕਲਾਂ ਰੋਪੜ ਨੂੰ ਮਾਣ ਹੈ ਕਿ ਕਾਲਜ ਦੇ ਪਹਿਲੇ ਬੈਚ (ਸੰਨ 1983-85) ਵਿਚ ਗਿ. ਅਮਰੀਕ ਸਿੰਘ ਜੀ ਨਾਮੀ ਲਗਾਇਆ ਪੌਦਾ ਅੱਜ ਦੁਨੀਆਂ ਨੂੰ ਗੁਰਮਤਿ ਗੁਰ ਵੀਚਾਰਾਂ ਰੂਪ ਫੁਲ ਫਲ ਤੇ ਸੁਗੰਧੀ ਵੰਡ ਰਿਹਾ ਹੈ। ਸਾਡੀ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਆਪ ਜੀ ਦੀਆਂ ਲਿਖਤਾਂ ਸੰਸਾਰੀ ਮਨੁੱਖਤਾ ਲਈ ਧਰਮ ਦਾ ਪ੍ਰੇਰਣਾ ਸ੍ਰੋਤ ਤੇ ਚਾਨਣ ਮੁਨਾਰਾ ਬਣਨ ਤਾਂਕਿ ਮਨੁੱਖੀ ਹਿਰਦਿਆਂ ਨੂੰ ਸੰਸਾਰ ਤੋਂ ਨਿਰੰਕਾਰ ਤੱਕ ਪਹੁੰਚਣ ਲਈ ਮਾਰਗ ਦਰਸ਼ਨ ਕਰ ਸਕਣ।

ਗੁਰੂ ਪੰਥ ਦਾ ਦਾਸਰਾ
ਬਲਜੀਤ ਸਿੰਘ
ਪ੍ਰਿੰਸੀਪਲ
ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ, ਚੌਤਾਂ ਕਲਾਂ
ਡਾ: ਝਲੀਆਂ ਖ਼ੁਰਦ, ਰੋਪੜ।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਇਹ ਕਿਤਾਬ ਕੀ ਹੈ ਅਤੇ ਕਿਉਂ ਹੈ ?

ਵੈਸੇ ਤਾਂ ਇਸ ਵਿਸ਼ੇ ਉਤੇ ਹੋਰ ਵੀ ਅਨੇਕਾਂ ਕਿਤਾਬਾਂ ਪਹਿਲਾਂ ਹੀ ਬਜ਼ਾਰ ਵਿਚ ਉਪਲੱਬਧ ਹਨ। ਪਰ ਇਕ ਗੱਲ ਨਾਲ ਹੀ ਵੇਖਣ ਵਿਚ ਆਈ ਕਿ ਇਨਾਂ ਸਾਰੀਆਂ ਹੀ ਕਿਤਾਬਾਂ ਵਿਚ ਆਮ ਕਰਕੇ ਹਰ ਲਿਖਾਰੀ ਨੇ ਆਪਣੀ ਹੀ ਜ਼ਿੰਦਗੀ ਦੇ ਅਜ਼ਮਾਏ ਹੋਏ ਬਹੁਤ ਵੀਚਾਰ ਸਾਂਝੇ ਕੀਤੇ ਹੋਏ ਹਨ। ਕਈ ਅਜਿਹੀਆਂ ਨਿੱਜੀ ਜੀਵਨ ਨਾਲ ਸੰਬੰਧਿਤ ਘਟਨਾਵਾਂ, ਜਿਨ੍ਹਾਂ ਨੂੰ ਪੜ੍ਹ ਕੇ ਇਕ ਆਮ ਪਾਠਕ ਵੀਚਾਰਾਂ ਸਮਝਣ ਦੀ ਬਜਾਇ ਅਣਹੋਣੀ ਜਿਹੀ ਸਮਝ ਕੇ ਪੜ੍ਹ ਛੱਡਦਾ ਹੈ। ਹਰ ਇਕ ਲਿਖਾਰੀ ਗੁਰਮੁਖ ਪਿਆਰੇ ਦੇ ਅਨੁਭਵ ਵੀ ਬਹੁਤ ਹੀ ਵੱਖੋ ਵੱਖਰੇ ਹਨ। ਜਿਸ ਕਰਕੇ ਭਟਕਣਾ ਵਿਚ ਬਹੁਤ ਵਾਧਾ ਹੋਇਆ। ਇਕ ਅਨੁਭਵੀ ਦੀ ਵੀਚਾਰ ਕਿਸੇ ਦੂਸਰੇ ਅਨੁਭਵੀ ਪੁਰਸ਼ ਨਾਲ ਬਿਲਕੁਲ ਵੀ, ਇਥੋਂ ਤੱਕ ਕਈ ਵਾਰੀ ਤਾਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਪਾਵਨ ਪਵਿੱਤਰ ਸਿਧਾਤਾਂ ਦੀ ਵੀ ਸਖ਼ਤ ਵਿਰੋਧਤਾ ਨਜ਼ਰ ਆਉਂਦੀ ਹੈ। ਅੱਜ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਬਾਣੀ ਵਿਚੋਂ ਭਾਵੇਂ ਉਹ ਕਿਸੇ ਰੱਬੀ ਭਗਤ ਦੀ ਬਾਣੀ ਹੈ, ਭਾਵੇਂ ਗੁਰੂ ਜੋਤਿ ਦੀ ਬਾਣੀ ਹੈ, ਭਾਵੇਂ ਕਿਸੇ ਗੁਰਸਿੱਖ ਦੀ ਰਸਨਾ ਤੇ ਆਏ ਇਲਾਹੀ ਬਚਨ ਹਨ ਅਤੇ ਭਾਵੇਂ ਕਿਸੇ ਸਤਿਕਾਰ ਯੋਗ ਭੱਟ ਸਾਹਿਬਾਨ ਜੀ ਦੀ ਬਾਣੀ ਹੈ ਪਰ ਸਾਰੀ ਹੀ ਇਕ ਸੁਰ ਹੋ ਜੀਵ ਦੇ ਕਲਿਆਣ ਦਾ ਅਤੇ ਰੱਬ ਘਰ ਪਹੁੰਚਣ ਦਾ ਇਕੋ ਰਸਤਾ ਦਿਖਾ ਰਹੀ ਹੈ। ਭਾਵ, ਹਰ ਇਕ ਦਾ ਰੱਬੀ ਵੀਚਾਰਾਂ ਬਾਰੇ ਇਕੋ ਜਿਹਾ ਹੀ ਅਨੁਭਵ ਹੈ। ਪਰ ਅੱਜ ***"ਇਕਾ ਬਾਣੀ ਇਕੁ ਗੁਰੁ ਇਕੋ ਸਬਦ ਵੀਚਾਰਿ"*** ਦੇ ਪੁਜਾਰੀਆਂ ਦੇ ਅਨੁਭਵ ਅਜਿਹੇ ਹਨ ਕਿ ਸਗੋਂ ਧੰਨ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਵੀ ਉਂਗਲਾਂ ਚੁੱਕ ਰਹੇ ਹਨ।

ਇਸ ਪੁਸਤਕ ਵਿਚ ਅਤਿਅੰਤ ਕੋਸ਼ਿਸ਼ ਇਹੋ ਹੀ ਕੀਤੀ ਗਈ ਹੈ ਕਿ ਜੀਵ ਦਾ ਪ੍ਰਭੂ ਪ੍ਰਾਪਤੀ ਲਈ ਰਸਤਾ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੀ ਖੋਜਿਆ ਜਾਵੇ। ਆਪਣੀ ਨਿੱਜੀ ਜ਼ਿੰਦਗੀ ਦਾ ਕੋਈ ਵੀ ਨਿੱਜੀ ਤਜ਼ਰਬਾ ਜਾਂ ਹੋਰ ਕੋਈ ਆਮ ਪ੍ਰਚੱਲਤ ਮਨ ਘੜਤ ਕਥਾ ਕਹਾਣੀਆਂ ਦਾ ਸਹਾਰਾ ਲੈਣ ਦੀ ਬਜਾਇ ਨਿਰੋਲ ਰੱਬੀ ਬਾਣੀ ਦੇ ਟੇਕ ਆਸਰੇ ਨੂੰ ਹੀ ਪ੍ਰਧਾਨਤਾ ਦਿੱਤੀ ਹੋਈ ਹੈ। ਇਥੋਂ ਤੱਕ ਕਿ ਭਾਈ ਗੁਰਦਾਸ ਜੀ ਜਾਂ ਹੋਰ ਸਤਿਗੁਰੂ ਜੀ ਦੇ ਅਤੇ ਗੁਰਮਤਿ ਦੇ ਪ੍ਰਵਾਨੇ ਮਹਾਨ ਗੁਰਸਿੱਖਾਂ ਦਾ ਵੀ ਕਿਧਰੇ ਕੋਈ ਟੂਕ ਮਾਤਰ ਹੀ ਇਸ਼ਾਰਾ ਹੈ।

ਇਸ ਪੁਸਤਕ ਦਾ ਪ੍ਰਮੁੱਖ ਮਜ਼ਬੂਨ (ਅੰਗ ਵਿਸ਼ਾ) ਅਸਲ ਵਿਚ ਇਕੋ ਹੀ ਹੈ, ਕਿ ਜੀਵ

Sri Satguru Jagjit Singh Ji eLibrary NamdhariElibrary@gmail.com

ਪਰਮੇਸ਼ਰ ਨਾਲ ਕਿਵੇਂ ਮਿਲ ਸਕਦਾ ਹੈ। ਸਾਰੇ ਲੇਖ ਮਾਨੋ ਇਕ ਪੌੜੀ ਦੇ ਡੰਡੇ ਵਾਂਗੂ ਇਕ ਦੂਜੇ ਮਗਰੋਂ ਜੁੜ ਕੇ ਮਾਨੋਂ ਇਸ ਫਰਸ਼ੀ ਜੀਵ ਨੂੰ ਮੁੜ ਅਰਸ਼ੀ ਬਣਾਉਣ ਲਈ ਇਕ ਨਿੱਕਾ ਜਿਹਾ ਉਪਰਾਲਾ ਜਾਂ ਨਿਗੁਣਾ ਜਿਹਾ ਯਤਨ ਹੈ। ਜਿਵੇਂ ਲੇਖਾਂ ਤੋਂ ਵੀ ਸਪਸ਼ਟ ਹੋ ਜਾਵੇਗਾ ਕਿ ਆਤਮਾ ਕਿਵੇਂ ਰੱਬ ਤੋਂ ਵਿਛੁੜ ਕੇ ਜੀਵ ਆਤਮਾਂ ਦਾ ਅਹਿਸਾਸ ਪੈਦਾ ਹੋ ਜਾਣ ਕਰਕੇ ਜੂਨੀਆਂ ਦੀ ਭਟਕਣਾਂ ਵਿਚ ਪੈ ਗਈ। ਅਨੇਕਾਂ ਜੂਨੀਆਂ ਵਿਚ ਭਟਕਦੀ ਇਸ ਜੀਵ ਆਤਮਾ ਤੇ ਰੱਬ ਨੂੰ ਤਰਸ ਆਇਆ ਜਿਸ ਨੇ ਪ੍ਰਭੂ ਮਿਲਾਪ ਦਾ ਇਕ ਸੁਨਿਹਰੀ ਅਵਸਰ ਬਖ਼ਸ਼ਿਆ ਜਿਸ ਨੂੰ ਮਨੁੱਖੀ ਜਾਮੇਂ ਦਾ ਨਾ ਦਿੱਤਾ। ਮਨੁੱਖੀ ਜਾਮਾ ਵੀ ਤਦ ਹੀ ਸਫਲ ਹੋ ਸਕਦਾ ਹੈ ਜੇਕਰ ਗੁਰੂ ਮਿਲ ਜਾਵੇ। ਗੁਰੂ ਮਿਲਾਪ ਦੀਆਂ ਵੀ ਤਿੰਨ ਵੱਖੋ ਵੱਖਰੀਆਂ ਅਵਸਥਾਵਾਂ ਹਨ, ਜਿਵੇਂ ਗੁਰੂ ਨੂੰ ਮਿਲਣਾ ਹੋਰ ਗੱਲ ਹੈ, ਗੁਰੂ ਨੂੰ ਧਾਰਨਾ ਹੋਰ ਗੱਲ ਹੈ, ਫਿਰ ਗੁਰੂ ਧਾਰ ਕੇ ਵੀ ਤੀਸਰੀ ਗੱਲ ਕਿ ਗੁਰੂ ਦੀ ਕਰਣੀ ਕਮਾਈ ਵੀ ਅਤਿਅੰਤ ਜ਼ਰੂਰੀ ਹੈ। ਜਿਸ ਨਾਲ ਫਿਰ ਗੁਰੂ ਸ਼ਬਦ ਰੂਪ ਵਿਚ ਹੋ ਜਾਂਦਾ ਹੈ ਅਤੇ ਸਿੱਖ ਸੁਰਤਿ ਰੂਪ ਵਿਚ ਇਕਮਿਕ ਹੋ ਜਾਂਦੇ ਹਨ। ਇਥੋਂ ਤੱਕ ਦਾ ਸਫਰ ਸਿਰਫ ਸੰਸਾਰ ਤੋਂ ਤੁਰ ਕੇ ਗੁਰੂ ਤੱਕ ਦਾ ਹੈ। ਇਥੋਂ ਫਿਰ ਨਿਰੰਕਾਰ ਵੱਲ ਸਫਰ ਹੈ। ਸਭ ਤੋਂ ਪਹਿਲਾਂ ਸੂਖਸ਼ਮ ਹਉਮੈ ਅਤੇ ਮਾਇਆ ਆਪਣਾ ਰੂਪ ਵਟਾ ਕੇ ਭਿਆਨਕ ਰੂਪ ਵਿਚ ਇਸ ਰੱਬੀ ਪਾਂਧੀ ਨੂੰ ਭਟਕਾਉਣ ਦਾ ਯਤਨ ਕਰਦੀਆਂ ਹਨ ਪਰ ਗੁਰੂ ਬਖਸ਼ਿਸ਼ ਇਸ ਬਿਖੜੇ ਦਾਂਵ ਤੋਂ ਵੀ ਅੱਗੇ ਲੰਘਾ ਲੈ ਜਾਂਦੀ ਹੈ। ਇਸ ਤੋਂ ਅੱਗੇ ਆਪੇ ਦੀ ਪਹਿਚਾਣ ਹੁੰਦੀ ਹੈ ਕਿ ਮੈਂ ਅਸਲ ਵਿਚ ਕੀ ਹਾਂ? ਆਪੇ ਵੱਲ ਨਜ਼ਰ ਮਾਰਿਆਂ ਆਪਣੇ ਔਗੁਣ ਆਪ ਹੀ ਦੇਖਣ ਦਾ ਮੌਕਾ ਮਿਲਿਆ। ਆਪ ਦੇਖ ਕੇ ਆਪਣੇ ਹੀ ਔਗੁਣ ਫਿਰ ਸੱਚ ਦੇ ਦਰਬਾਰ ਅੱਗੇ ਹੱਥ ਜੋੜ ਕੇ ਇਨ੍ਹਾਂ ਤੋਂ ਨਜ਼ਾਤ ਪਾਉਣ ਲਈ ਅਤੇ ਇਨਾਂ ਔਗੁਣਾਂ ਨੂੰ ਬਖਸ਼ਾਉਣ ਲਈ ਅਰਦਾਸ ਹੈ, ਜਿਸ ਨੂੰ 'ਬਿਨਉ ਮੋਹਿ ਸਾਰਿਆ ਰਾਹੀਂ ਪ੍ਰਗਟ ਕਰਨ ਦਾ ਯਤਨ ਕੀਤਾ ਹੈ।

ਬਖਸ਼ਾਉਣ ਦੇ ਅਹਿਸਾਸ ਵਿਚੋਂ ਸੱਚੀ ਯਾਦ ਭਾਵ ਨਿਰਸੁਆਰਥ ਯਾਦ ਨੇ 'ਗੁਰ ਪ੍ਰਸਾਦੀ ਜਿਨਾ ਲਿਵ ਲਾਗੀ' ਦਾ ਰੂਪ ਧਾਰਨ ਕਰ ਲਿਆ। ਲਿਵ ਕਦੇ ਟੁੱਟੇ ਹੀ ਨਾ ਇਸ ਕਰਕੇ ਨਿਰਮਲ ਭਉ ਭਾਵ ਅਦਬ ਪੈਦਾ ਹੋ ਗਿਆ। ਇਸ ਨਾਲ ਹੀ ਸਾਚੀ ਪ੍ਰੀਤਿ ਬਣ ਗਈ। ਪ੍ਰੀਤ ਦਾ ਇਕ ਖਾਸ ਗੁਣ ਹੈ ਕਿ ਇਹ ਹਮੇਸ਼ਾਂ ਆਪਣੇ ਪਿਆਰੇ ਦਾ ਦੀਦਾਰ ਆਪਣੀਆਂ ਅੱਖਾਂ ਦੇ ਸਾਹਮਣੇ ਹੀ ਚਾਹੁੰਦੀ ਹੈ, ਜਿਸ ਕਰਕੇ ਰੱਬੀ ਦੀਦਾਰਾਂ ਦੀ ਲਗਨ ਬੇ-ਕਰਾਰੀ ਪੈਦਾ ਕਰਦੀ ਹੈ। ਜਿਸ ਨਾਲ ਇਕ ਦੀ ਹੀ ਇੰਤਜ਼ਾਰੀ ਜੀਵ ਨੂੰ ਜੀਵਨ ਮੁਕਤਿ ਬਣਾ ਦਿੰਦੀ ਹੈ। ਹਰ ਦੁਨੀਆਂ ਦੀ ਪਕੜ ਕਮਜ਼ੋਰ ਹੋ ਜਾਂਦੀ ਹੈ। ਲਗਨ ਅਤੇ ਪ੍ਰਾਪਤੀ ਦਾ ਬਹੁਤ ਹੀ ਗਹਿਰਾ ਰਿਸ਼ਤਾ ਹੈ। ਇਹ ਲਗਨ ਫਿਰ ਦਰਸ਼ਨਾਂ ਦੀ ਭੀਖ ਸ਼ਰਧਾ ਦੀ ਝੋਲੀ ਵਿਚ ਪਾ ਦਿੰਦੀ ਹੈ। ਦਰਸ਼ਨ ਕਰਕੇ ਤਾਂ ਅੰਤਰ ਆਤਮਾ ਅਜਿਹੀ ਟਿਕਾ ਦੀ ਬ੍ਰਿਤੀ ਵਿਚ ਆ ਜਾਂਦਾ ਹੈ ਕਿ ਇਸ ਪੂਰਨ ਟਿਕਾ ਨੂੰ ਸਹਿਜ ਅਵਸਥਾ ਦਾ ਨਾਂ ਸਤਿਗੁਰੂ ਜੀ ਬਖਸ਼ਦੇ ਹਨ। ਇਸ ਸਹਿਜ ਅਵਸਥਾ ਵਿਚ ਟਿਕੇ ਪ੍ਰਭੂ ਰਾਹ ਦੇ ਪਾਂਧੀ ਨੂੰ ਬ੍ਰਹਮ ਗਿਆਨੀ, ਸੰਤ, ਭਗਤ, ਮਹਾਤਮਾ ਆਦਿਕ ਨਾਵਾਂ

Sri Satguru Jagjit Singh Ji eLibrary NamdhariElibrary@gmail.com

ਨਾਲ ਜਾਣਿਆ ਜਾਂਦਾ ਹੈ।

ਮਿਲਾਪ ਲਈ ਦੋਵੇਂ ਚੀਜ਼ਾਂ ਦਾ ਇਕੋ ਜਿਹਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ ਜਿਸ ਕਰਕੇ ਸਤਿਗੁਰੂ ਜੀ ਦੀ ਰਹਿਮਤ ਦਾ ਸਦਕਾ ਹੁਣ ਬ੍ਰਹਮ ਗਿਆਨੀ ਵਿਚ ਤੇ ਪ੍ਰਮੇਸ਼ਰ ਵਿਚ ਅੰਤਰ ਮਿਟ ਜਾਂਦਾ ਹੈ। ਭਾਵ ਬ੍ਰਹਮ ਆਪ ਪਰਮੇਸ਼ਰ ਰੂਪ ਬਣ ਜਾਂਦਾ ਹੈ, ਜਿਸ ਕਰਕੇ ਹੁਣ ਆਤਮਾ ਪ੍ਰਮਾਤਮਾ ਵਿਚ ਸਦੀਵੀ ਅਭੇਦਤਾ ਪਾ ਕੇ ਰੱਬੀ ਬਚਨਾਂ ਅਨੁਸਾਰ:

***"ਜਿਉ ਜਲ ਮਹਿ ਜਲ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥***
***ਮਿਟਿ ਗਏ ਗਵਨ ਪਾਏ ਬਿਸ੍ਰਾਮ॥ ਨਾਨਕ ਪ੍ਰਭ ਕੈ ਸਦ ਕੁਰਬਾਨ॥*** (੨੭੮)

ਦੇ ਇਸ ਮੁਕਾਮ 'ਤੇ ਪਹੁੰਚ ਜਾਂਦੀ ਹੈ। ਇਥੇ ਆ ਕੇ ਫਿਰ ਯਾਤਰਾ ਪੂਰੀ ਹੀ ਨਹੀਂ ਹੋਈ ਬਲਕਿ ਸਫਲ ਵੀ ਹੋ ਗਈ ਕਿਉਂਕਿ ਜਿਸ ਪ੍ਰਭੂ ਦੀ ਪ੍ਰਾਪਤੀ ਲਈ ਮਨੁੱਖੀ ਜਾਮਾਂ ਨਸੀਬ ਹੋਇਆ ਸੀ ਉਹ ਮਕਸਦ ਪੂਰਾ ਹੋ ਗਿਆ।

ਅਜਿਹੇ ਲੇਖਾਂ ਦੀ ਸਮੁੱਚੀ ਲੜੀ ਮਾਨੋ ਇਕ ਹੀ ਮਜ਼ਬੂਨ ਬਣ ਜਾਂਦੀ ਹੈ ਕਿ "ਸੰਸਾਰ ਤੋਂ ਨਿਰੰਕਾਰ ਤੱਕ।"

ਇਹ ਕਿਤਾਬ ਕੀ ਹੈ ਅਤੇ ਕਿਉਂ ਹੈ? ਇਸ ਸੁਆਲ ਦਾ ਜੁਆਬ ਅੱਧਾ ਹਾਲਿ ਬਾਕੀ ਰਹਿੰਦਾ ਹੈ, ਕਿ ਕਿਉਂ ਹੈ? ਆਓ ! ਉਸ ਬਾਰੇ ਵਿਚ ਵੀ ਕੁਝ ਕੁ ਵੀਚਾਰ ਕਰੀਏ। ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਵੱਲੋਂ ਪ੍ਰਭੂ ਮਿਲਾਪ ਲਈ ਚਲਾਏ ਇਸ ਮਾਰਗ ਨੂੰ ਨਿਰਮਲ ਪੰਥ ਕਹਿ ਕੇ ਸਤਿਕਾਰਿਆ ਜਾਂਦਾ ਹੈ। ਨਿਰਮਲ ਪੰਥ ਦਾ ਅਰਥ ਹੈ ਕਿ ਇਸ ਰਸਤੇ ਉਤੇ ਪਾਖੰਡੀ, ਜੀਅਹੁ ਮੈਲੇ, ਵਹਿਮਾਂ ਭਰਮਾਂ ਦੇ ਮਾਰੇ, ਪਾਪੀ ਬ੍ਰਿਤੀ ਵਾਲੇ, ਕੂੜੇ, ਭੇਖੀ ਅਤੇ ਕੂੜੀ ਕੂੜੀ ਅੱਖੀਂ ਮੀਟ ਮਨੁੱਖਤਾ ਨੂੰ ਲੁੱਟਣ ਵਾਲੇ ਨਹੀਂ ਚੱਲ ਸਕਣਗੇ। ਇਹ ਮਾਰਗ ਤਾਂ ਸਗੋਂ ਕੂੜੇ, ਫਰੇਬੀ, ਠੱਗਾਂ ਤੇ ਪਾਖੰਡੀ ਬ੍ਰਿਤੀ ਵਾਲਿਆਂ ਤੋਂ ਨਿਆਰਾ ਰੱਖਿਆ ਗਿਆ ਹੈ। ਇਸ ਮਾਰਗ ਦੇ ਪਾਂਧੀ ਕੇਵਲ ਤੇ ਕੇਵਲ ***"ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ"*** ਹੀ ਹੋਣਗੇ। ਅਸਲ ਵਿਚ ਦਿਲ ਦੀ ਮੁਹੱਬਤ ਹੀ ਪ੍ਰਭੂ ਮਿਲਾਪ ਦੀ ਸੱਚੀ ਤਾਂਘ ਬਣ ਇਸ ਮਾਰਗ 'ਤੇ ਤੋਰ ਸਕਦੀ ਹੈ।

ਪਰ ਅੱਜ ਦੁੱਖ ਦੀ ਗੱਲ ਹੈ ਕਿ ਜਿਨ੍ਹਾਂ ਤੋਂ ਇਸ ਮਾਰਗ ਨੂੰ ਨਿਆਰਾ ਰੱਖਣਾ ਸੀ, ਉਹੋ ਹੀ ਇਸ ਮਾਰਗ 'ਤੇ ਬਹੁਤੇ ਰਾਹੀ ਨਜ਼ਰ ਆ ਰਹੇ ਹਨ। ਇਥੋਂ ਤੱਕ ਕਿ ਰਾਹ ਦੱਸਣ ਵਾਲੇ ਵੀ ਸਗੋਂ ਹੋਰ ਕੁਰਾਹੇ ਪਾ ਕੇ ਆਪਣੇ ਸੁਆਰਥ ਦੀਆਂ ਰੋਟੀਆਂ ਸੇਕ ਰਹੇ ਹਨ। ਅੱਜ ਮਹਾਨ ਸਤਿਕਾਰ ਯੋਗ ਪਦਵੀਆਂ ਤੇ ਬੈਠੇ ਸਤਿਕਾਰਤ ਵਿਅਕਤੀ ਵੀ ਨੋਟਾਂ ਦੀ ਗੁਲਾਮੀ ਕਾਰਨ ਵੋਟਾਂ ਦੇ ਪੁਜਾਰੀਆਂ ਦੀਆਂ ਝੋਲੀਆਂ ਚੁੱਕੀ ਫਿਰਦੇ ਹਨ, ਗੁਰਮਤਿ ਦੇ ਸੁਨਿਹਰੀ ਅਸੂਲਾਂ ਨੂੰ ਛਿੱਕੇ ਟੰਗ, ਮਨੁੱਖੀ ਟੇਕ ਲੈ ਕੇ, ਸਤਿਗੁਰੂ ਦਾ ਅਦਬ ਸਤਿਕਾਰ ਮਨੋ ਭੁਲਾ ਕੇ ਆਪਣੀਆਂ ਪਦਵੀਆਂ ਨੂੰ ਬਚਾਉਣ ਲਈ ਹਾਕਮ ਦੇ ਹਰ ਹੁਕਮ ਦੀ ਪਾਲਣਾ ਕਰਨ ਲਈ ਤਿਆਰ ਰਹਿੰਦੇ ਹਨ। ਜਿਨ੍ਹਾਂ ਨੇ ਰਾਹ ਦੱਸਣੇ ਸਨ ਉਹ ਸਗੋਂ ਆਪ ਹੱਥ ਜੋੜ ਜੋੜ ਰਾਹ ਪੁੱਛਦੇ ਹਨ।

Sri Satguru Jagjit Singh Ji eLibrary NamdhariElibrary@gmail.com

ਜਦੋਂ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਵੀ ਜਗਤ ਜਲੰਦੇ ਵੱਲ ਧਿਆਨ ਧਰ ਕੇ ਦੇਖਿਆ ਸੀ ਤਾਂ ਉਦੋਂ ਵੀ ਮਨੁੱਖਤਾ ਨੂੰ ਲੁੱਟਣ ਵਾਲੇ ਜਰਵਾਣੇ ਜਾਂ ਨਾਸਤਿਕ ਧਰਮ ਤੋਂ ਟੁੱਟੇ ਲੋਕ ਨਹੀਂ ਸਨ। ਸਗੋਂ ਉਦੋਂ ਵੀ ਜਿਹੜੇ ਮਨੁੱਖ ਸਾਹਿਬ ਜੀ ਨੇ ਮਾਨਵਤਾ ਦੇ ਲੁਟੇਰੇ ਆਖੇ ਸਨ ਉਹ ਤਾਂ ਸਗੋਂ ਧਰਮ ਦੀਆਂ ਪੁਸ਼ਾਕਾਂ ਪਾ ਕੇ ਮਹਾਨ ਪਦਵੀਆਂ ਤੇ ਬੈਠੇ ਤਿੰਨੇ ਹੀ ਅਤਿ ਦੇ ਧਰਮੀ ਮੰਨੇ ਜਾਂਦੇ ਸਨ। ਸਾਹਿਬ ਜੀ ਦਾ ਬਚਨ ਹੈ:

***ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਹਮਣੁ ਨਾਵੈ ਜੀਆ ਘਾਇ॥***
***ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥*** (੬੬੨)

ਕਾਦੀ ਖ਼ੁਦਾ ਦੇ ਨੇੜੇ ਹੋਣ ਕਰਕੇ ਲੋਕ ਉਸ ਦੇ ਮੁੱਖ ਤੋਂ ਨਿਕਲੇ ਬਚਨ ਨੂੰ ਇਲਾਹੀ ਬਚਨ ਕਹਿ ਕੇ ਸਤਿਕਾਰ ਦਿੰਦੇ ਅਤੇ ਮੰਨਦੇ ਸਨ। ਇਸਲਾਮੀ ਦੁਨੀਆਂ ਅਨੁਸਾਰ ਝੂਠ, ਕੁਫ਼ਰ ਨੂੰ ਕਹਿੰਦੇ ਹਨ ਅਤੇ ਝੂਠ ਬੋਲਣ ਵਾਲੇ ਨੂੰ ਕਾਫਰ ਕਹਿੰਦੇ ਸਨ, ਹੈਰਾਨੀ ਦੀ ਗੱਲ ਹੈ ਕਿ ਰੱਜ ਕੇ ਝੂਠ ਬੋਲ, ਲੋਕਾਂ ਨੂੰ ਗੁਮਰਾਹ ਕਰਨ ਵਾਲਾ ਸਗੋਂ ਹੋਰਾਂ ਨੂੰ ਕਾਫਰ ਕਹਿੰਦਾ ਸੀ। ਦੂਜੇ ਪਾਸੇ ਬ੍ਰਹਮ ਦਾ ਗਿਆਤਾ ਹੋ ਕੇ ਬ੍ਰਹਮਣ ਨੇ ਲੋਕਾਂ ਨੂੰ ਰੱਬ ਦੇ ਘਰ ਜਾਣ ਵਾਲਾ ਰਸਤਾ ਦੱਸਣਾ ਸੀ, ਉਸ ਨੇ ਵੀ ਪੰਡਿਤ ਪਾੜੀ ਵਾਟੁ ਵਾਲਾ ਕਰਮ ਕੀਤਾ। ਰੱਬ ਦੇ ਘਰ ਨੂੰ ਜਾਣ ਵਾਲਾ ਰਸਤਾ ਹੀ ਪਾੜ ਕੇ ਲੋਕਾਈ ਨੂੰ ਵਹਿਮਾਂ, ਭਰਮਾਂ ਦੀ ਭੱਠੀ ਵਿਚ ਝੋਕ ਕੇ ਉਨ੍ਹਾਂ ਦੀ ਰੱਤ ਨਾਲ ਭਿੱਜੀ ਰੋਟੀ ਖਾ ਕੇ ਫਿਰ ਆਪਣੇ ਆਪ ਨੂੰ ਸਵਰਨ ਜਾਤੀ ਦਾ ਅਖਵਾਉਂਦਾ ਸੀ। ਤੀਜਾ ਜੋਗੀ ਰੱਬ ਨਾਲ ਜੁੜਨਾ ਤਾਂ ਦੂਰ ਦੀ ਗੱਲ, ਜੁੜਨ ਦੀ ਜੁਗਤਿ ਵੀ ਨਹੀਂ ਜਾਣਦਾ ਸਗੋਂ ਕੁਰਾਹੇ ਪਾ ਕੇ ਆਪਣੀ ਮਾਣ ਪ੍ਰਤਿਸ਼ਟਾ ਦਾ ਭੁੱਖਾ ਰੱਜ ਰੱਜ ਕੇ ਲੁੱਟ ਰਿਹਾ ਸੀ। ਇਹ ਵੀਚਾਰ ਲਿਖਣ ਤੋਂ ਮੁਰਾਦ ਹੈ ਕਿ ਧਰਮ ਦੇ ਨਾਂ ਥੱਲੇ ਹੀ ਸਭ ਤੋਂ ਵੱਡਾ ਅਧਰਮ ਹੋ ਰਿਹਾ ਸੀ। ਅੱਜ ਵੀ ਫਿਰ ਅਜਿਹਾ ਕੁਝ ਹੀ ਹੋ ਰਿਹਾ ਹੈ। ਚੰਦ ਰੋਜ਼ ਗੁਰਬਾਣੀ ਦਾ ਆਸਰਾ ਲੈ ਕੇ ਲੋਕਾਂ ਨੂੰ ਗੁਮਰਾਹ ਕਰਕੇ ਆਪਣੇ ਸੰਗੀ ਬਣਾ ਕੇ ਡੇਰੇਦਾਰ ਬਣ ਬੈਠਦਾ ਹੈ। ਸਰਕਾਰੇ ਦਰਬਾਰੇ ਪਹੁੰਚ ਕਰਕੇ ਫਿਰ ਦੁਨੀਆਂ ਦੇ ਰੰਗ ਤਮਾਸ਼ੇ ਮਾਨਣ ਲੱਗ ਪੈਂਦਾ ਹੈ। ਪਰ ਜਿਵੇਂ ਗੁਰਬਾਣੀ ਦਾ ਫੁਰਮਾਣ ਹੈ ਕਿ:

***ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ॥***
***ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ॥*** (੩੮੧)

ਦੇ ਮਹਾਂਵਾਕ ਅਨੁਸਾਰ ਉਨ੍ਹਾਂ ਦੀਆਂ ਨੇਕ ਨਾਮੀਆਂ ਅਖ਼ਬਾਰਾਂ ਦਾ ਸ਼ਿੰਗਾਰ ਬਣ ਜਾਂਦੀਆਂ ਹਨ। ਭਾਵ ਸਾਰੇ ਗੁੱਝੇ ਭੇਦ ਪ੍ਰਗਟ ਹੋ ਜਾਂਦੇ ਹਨ। ਪਿਛਲੇ ਇਕ ਦਹਾਕੇ ਵਿਚ ਹੀ ਅਜਿਹੇ ਅਨੇਕਾਂ ਕਾਰਨਾਮੇ ਪ੍ਰਗਟ ਹੋਏ ਹਨ।

ਆਮ ਕਰਕੇ ਚਾਰ ਕੁ ਗੱਲਾਂ ਹੀ ਹਨ, ਜਿਨ੍ਹਾਂ ਦੇ ਓਟ ਆਸਰੇ ਵਿਚ ਇਹ ਲੋਕ ਆਪਣੀ ਮਨ ਮਰਜ਼ੀ ਦੀ ਖੀਰ ਪਕਾਈ ਜਾਂਦੇ ਹਨ। ਸਭ ਤੋਂ ਪਹਿਲਾਂ ਨਾਮ ਜਪਣ ਦੀਆਂ ਜੁਗਤੀਆਂ। ਇਸ ਕਰਮ ਰਾਹੀਂ ਅਨੇਕਾਂ ਭੋਲੇ ਭਾਲੇ ਲੋਕਾਂ ਨੂੰ ਅਜਿਹੇ ਪਾਖੰਡੀ ਡੇਰੇਦਾਰ ਲੁੱਟੀ ਜਾ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

ਕੋਈ ਕਿਸੇ ਬਿਧੀ ਨੂੰ ਦੱਸਦਾ ਹੈ, ਕੋਈ ਕਿਸੇ ਬਿਧੀ ਦੀ ਮੋਹਰ ਲਾਉਂਦਾ ਹੈ। ਵਿਧੀਆਂ ਵੀ ਅਜਿਹੀਆਂ ਹੁੰਦੀਆਂ ਹਨ ਕਿ ਜਿਨ੍ਹਾਂ ਨਾਲ ਜੀਵ ਵਿਚਾਰਾ ਨਾਮ ਸਿਮਰਨ ਵਿਚ ਜੁੜ ਕੇ ਆਤਮਿਕ ਰਸ ਲੈਣ ਦੀ ਬਜਾਇ ਬਾਹਰੀ ਇਨ੍ਹਾਂ ਤਰੀਕਿਆਂ ਵਿਚ ਹੀ ਉਲਝਿਆ ਰਹਿੰਦਾ ਹੈ। ਜਦ ਕਿ ਸਤਿਗੁਰੂ ਜੀ ਨੇ ਬਹੁਤ ਸਰਲ ਤਰੀਕੇ ਬਖਸ਼ਿਸ਼ ਕੀਤੇ ਹੋਏ ਹਨ। ਕਿਰਸਾਨੀ ਕਰਨ ਵਾਲੇ ਨੂੰ ਕਿਰਸਾਣੀ ਕਰਦਿਆਂ ਹੀ ਕਿਵੇਂ ਰੱਬ ਮਿਲ ਸਕਦਾ ਬਖ਼ਸ਼ੇ ਸਨ।

ਆਖਿਰ 'ਤੇ ਮੋਹਰ ਲਾ ਦਿੱਤੀ ਸੀ ਕਿ ਜਿਹੜਾ ਵੀ ਨਾਮ ਰੂਪ ਵਸਤੂ ਨੂੰ ਖਾ ਕੇ ਪਚਾ ਲਵੇਗਾ ਉਸ ਦਾ ਹੀ ਉਧਾਰ ਹੋ ਜਾਵੇਗਾ। ਦੂਜਾ ਵੱਡਾ ਹਥਿਆਰ ਇਨ੍ਹਾਂ ਪਾਖੰਡੀਆਂ ਕੋਲ ਅਨੁਭਵ ਦਾ ਹੈ। ਇਸ ਸ਼ਬਦ ਦੇ ਓਟ ਆਸਰੇ ਵਿਚ ਵੀ ਬਹੁਤ ਜ਼ਿਆਦਾ ਮਾਰ ਮਾਰੀ ਜਾ ਰਹੀ ਹੈ। ਜਿਹੜੀ ਗੱਲ ਨਾ ਗੁਰੂ ਇਤਿਹਾਸ ਦੀ, ਨਾ ਹੀ ਗੁਰਬਾਣੀ ਦੀ ਅਤੇ ਨਾ ਹੀ ਗੁਰਮਤਿ ਦੀ ਹੁੰਦੀ ਹੈ, ਉਸੇ ਉਤੇ ਅਨੁਭਵ ਦੀ ਮੋਹਰ ਲਾ ਕੇ ਸੰਗਤਾਂ 'ਤੇ ਥੱਪ ਕੇ ਪ੍ਰਮੇਸ਼ਰ ਦੇ ਮਿਲਾਪ ਦੀ ਵਾਰੀ ਨੂੰ ਆਪਣੀ ਹੀ ਜਾਂ ਡੇਰੇ ਦੀ ਹੀ ਸੇਵਾ ਵਾਸਤੇ ਵਰਤੀ ਜਾਂਦੇ ਹਨ। ਤੀਸਰਾ ਮਨੁੱਖੀ ਲੁੱਟ ਵਿਚ ਮਦਦਗਾਰ ਹਥਿਆਰ ਹੈ ਕਿ ਗੁਰਬਾਣੀ ਨੂੰ ਚੌਥੇ ਪਦ ਦੀ ਦੱਸ ਕੇ ਭਾਵ ਬਹੁਤ ਬਿਖਮ ਦੱਸ ਕੇ ਕੱਚੀਆਂ ਧਾਰਨਾਂ ਰਾਹੀਂ ਜੀਵ ਨੂੰ ਗੁਰਬਾਣੀ ਤੋਂ ਅਜਿਹਾ ਦੂਰ ਕਰਦੇ ਹਨ ਕਿ ਸਾਰੀ ਜ਼ਿੰਦਗੀ ਧਰਮ ਕਮਾਉਣ ਦੇ ਭੁਲੇਖੇ ਭੋਲੇ ਭਾਲੇ ਲੋਕ ਵਿਚਾਰੇ ਅਧਰਮ ਹੀ ਕਮਾਈ ਜਾਂਦੇ ਹਨ। ਚੌਥਾ ਤੇ ਬਹੁਤ ਹੀ ਕਾਰਗਰ ਸਿੱਧ ਹੋ ਰਿਹਾ ਹਥਿਆਰ ਹੈ, ਅੰਨੀ ਸ਼ਰਧਾ। ਅੰਨੀ ਸ਼ਰਧਾ ਪੈਦਾ ਕਰਕੇ ਅਜਿਹੇ ਕਰਮ ਕਾਂਡ ਕਰਵਾਏ ਜਾ ਰਹੇ ਹਨ, ਜਿਨ੍ਹਾਂ ਦਾ ਗੁਰਬਾਣੀ ਡੱਟ ਕੇ ਵਿਰੋਧ ਕਰਦੀ ਹੈ। ਪਰ ਇਹ ਸਭ ਕੁਝ ਦਾ ਗਿਆਨ ਤਾਂ ਤਦ ਹੀ ਪੈਦਾ ਹੁੰਦਾ ਹੈਂ ਜੇਕਰ ਕੋਈ ਰੱਬੀ ਆਸ਼ਿਕ ਗੁਰਬਾਣੀ ਪੜ੍ਹ, ਸਮਝ ਕੇ, ਗੁਰਮਤਿ ਦੇ ਅਸੂਲਾਂ 'ਤੇ ਪਹਿਰਾ ਦੇ ਕੇ ਸਤਿਗੁਰਾਂ ਦੀ ਪਾਵਨ ਪਵਿੱਤਰ ਸਿੱਖੀ ਅਨੁਸਾਰ ਜੀਵਨ ਗੁਜ਼ਾਰੇ। ਅੰਨੀ ਸ਼ਰਧਾ ਨਾਲ ਜੀਵ ਨੂੰ ਡਰਾ ਹੀ ਇਤਨਾ ਦਿੱਤਾ ਜਾਂਦਾ ਹੈ ਕਿ ਉਹ ਇਸ ਹੋ ਰਹੇ ਅਨਰਥ ਵਿਰੁੱਧ ਆਪਣੀ ਜ਼ੁਬਾਨ ਖ਼ੋਲਣੀ ਸੰਤਾਂ ਦੀ ਨਿੰਦਾ ਦਾ ਪਾਪ ਸਮਝ ਬੈਠਦਾ ਹੈ। ਕਈ ਵਾਰੀ ਹੈਰਾਨਗੀ ਹੁੰਦੀ ਹੈ ਕਿ ਉਸ ਸਤਿਗੁਰੂ ਜੀ ਦੀ ਹੀ ਜੋਤਿ ਦੀਆਂ ਬਾਕੀ ਬਾਣੀਆਂ ਵੀ ਉਚਾਰੀਆਂ ਹੋਈਆਂ ਹਨ ਪਰ ਕੇਵਲ ਤੇ ਕੇਵਲ ਸੁਖਮਨੀ ਸਾਹਿਬ ਦੀਆਂ ਹੀ ਸੁਸਾਇਟੀਆਂ ਆਮ ਸੁਣਨ ਵੇਖਣ ਵਿਚ ਆਉਂਦੀਆਂ ਹਨ। ਕਦੇ ਕਿਸੇ ਨੇ ਜਪੁਜੀ ਸਾਹਿਬ, ਜਾਪੁ ਸਾਹਿਬ, ਰਹਰਾਸਿ ਸਾਹਿਬ, ਸੋਹਿਲਾ ਸਾਹਿਬ ਜਾਂ ਫਿਰ ਆਸਾ ਦੀ ਵਾਰ ਆਦਿਕ ਹੋਰ ਕਿਸੇ ਨਾਮ 'ਤੇ ਕੋਈ ਸੁਸਾਇਟੀ ਨਹੀਂ ਬਣਾਈ। ਇਥੋਂ ਤੱਕ ਕਿ ਸ਼ੁਭ ਤੋਂ ਵਧੀਕ ਤੇ ਹਰ ਦੀਵਾਨ ਦੀ ਸਮਾਪਤੀ ਵੇਲੇ ਪੜ੍ਹੀ ਜਾਣ ਵਾਲੀ ਬਾਣੀ ਆਨੰਦੁ ਸਾਹਿਬ ਤੇ ਵੀ ਕੋਈ ਸੁਸਾਇਟੀ ਦਾ ਨਾਮ ਨਹੀਂ ਸੁਣਿਆ। ਸੁਖਮਨੀ ਸਾਹਿਬ ਵੀ ਬਹੁਤ ਪਿਆਰੀ ਅਤੇ ਬਾਕੀ ਬਾਣੀਆਂ ਸਮਾਨ ਹੀ ਹੈ। ਮੇਰੀ ਕੋਈ ਮਨਸ਼ਾ ਸੁਖਮਨੀ ਸਾਹਿਬ ਦੀ ਕਦਰ ਕੀਮਤ ਘੱਟ ਕਰਨਾ ਨਹੀਂ ਪਰ ਇਸ ਬਾਣੀ ਵਿਚ ਪਾਕ ਪਵਿੱਤਰ ਸ਼ਬਦ ਸਾਧ, ਸੰਤ ਤੇ ਬ੍ਰਹਮ ਗਿਆਨੀ ਆਦਿਕ ਨੂੰ ਵਰਤ ਕੇ ਇਹ ਲੋਕ ਆਪਣੇ ਝੂਠ ਨੂੰ ਸੱਚ ਕਹਿ

ਕੇ ਵੇਚੀ ਜਾ ਰਹੇ ਹਨ।

ਦਾਸ ਹੇਮਕੁੰਟ ਸਾਹਿਬ ਦਾ ਕੋਈ ਵਿਰੋਧੀ ਨਹੀਂ ਜੰਮ ਜੰਮ ਜਾਓ ਪਰ ਇਹ ਵੀ ਕਦੇ ਖਿਆਲ ਕੀਤਾ ਹੈ ਕਿ ਜਿਥੇ ਕਲਗੀਧਰ ਦੇ ਲਖਤੇ ਜ਼ਿਗਰਾਂ ਦੀਆਂ ਲਾਸ਼ਾਂ ਬਿਨਾਂ ਕੱਫਣ 'ਤੇ ਸੰਸਕਾਰਾਂ ਤੋਂ ਬਿਨਾਂ ਜੰਗੀ ਮੈਦਾਨ ਵਿਚ ਪਈਆਂ ਰਹੀਆਂ। ਕਦੀ ਉਨ੍ਹਾਂ ਅਸਥਾਨਾਂ ਦੀ ਵੀ ਆਪਾਂ ਯਾਤਰਾ ਉਸ ਤਰ੍ਹਾਂ ਦੀ ਭਾਵਨਾ ਨਾਲ ਕੀਤੀ ਹੈ? ਇਥੋਂ ਦਾ ਇਤਿਹਾਸ ਸੁਣ ਕੇ ਮਾਧੋ ਦਾਸ ਵਰਗੇ ਬੈਰਾਗੀ ਜਰਨੈਲ ਬਣ ਅੰਮ੍ਰਿਤ ਛੱਕ ਕੇ, ਕਲਗੀਆਂ ਵਾਲੇ ਦੀ ਅਸੀਸ ਲੈ ਕੇ, ਜਰਵਾਨਿਆਂ ਨੂੰ ਸੋਧਣ ਵਾਸਤੇ ਤਿਆਰ ਹੋ ਸਕਦੇ ਹਨ ਤਾਂ ਫਿਰ ਸਾਡੇ ਬੱਚੇ ਕਿਉਂ ਨਾ ਸਿੱਖੀ ਵਿਚ ਪਰਪੱਕ ਹੋਣਗੇ? ਪਰ ਸਾਨੂੰ ਤਾਂ ਬਹੁਤਿਆਂ ਨੂੰ ਇਹ ਵੀ ਪਤਾ ਨਹੀਂ ਚਮਕੌਰ ਸਾਹਿਬ ਤੇ ਫਤਹਿਗੜ੍ਹ ਸਾਹਿਬ ਜਿਹੜੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਅਸਥਾਨ ਹਨ, ਉਹ ਪੰਜਾਬ ਦੀ ਧਰਤੀ 'ਤੇ ਕਿਥੇ ਕੁ ਹਨ।

"ਅਤੇ ਕਿਉਂ" ਦਾ ਬਸ ਇਹੋ ਜਵਾਬ ਸੀ ਕਿ ਅੱਜ ਫਿਰ ਧਰਮ ਦੇ ਪਰਦੇ ਥੱਲੇ ਅਧਰਮ ਹੋ ਰਿਹਾ ਹੈ। ਗੁਰੂ ਘਰ ਦਾ ਪਰਚਾਰਕ ਹੋਣ ਨਾਤੇ ਆਪਣੇ ਫਰਜ਼ ਨੂੰ ਪਹਿਚਾਣਦਿਆਂ ਨਿਕੜਾ ਜਿਹਾ ਯਤਨ ਕੀਤਾ ਹੈ। ਮੈਨੂੰ ਇਹ ਵੀ ਪੂਰਾ ਅਹਿਸਾਸ ਹੈ ਕਿ ਮੇਰੇ ਜਿਹੇ ਗਰੀਬੜੇ ਦੀ ਅਵਾਜ਼ ਵੀ ***"ਮਾਇਆਧਾਰੀ ਅਤਿ ਅੰਨਾ ਬੋਲਾ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ"*** ਵਿਚ ਹੀ ਗੁਆਚ ਜਾਣੀ ਹੈ। ਇਸ ਨਾਲ ਕੰਮ ਸੇ ਕੰਮ ਮੇਰੇ ਮਨ ਦਾ ਤਾਂ ਕੁਝ ਭਾਰ ਹਲਕਾ ਹੋਇਆ ਹੈ ਕਿ ਜਿਸ ਮਾਲਿਕ ਦਾ ਦਿੱਤਾ ਖਾਂਦਾ ਪਹਿਨਦਾ ਹਾਂ ਉਸ ਦੀ ਸੰਗਤ ਨੂੰ ਝੂਠੇ, ਫ਼ਰੇਬੀ ਤੇ ਪਾਖੰਡੀਆਂ ਤੋਂ ਬਚਾਉਣ ਲਈ ਸੱਚੇ ਦਿਲੋਂ ਹੋਕਾ ਤਾਂ ਦੇਵਾਂ, ਅੱਗੇ ਮੇਰਾ ਮਾਲਿਕ ਜਾਣੇ।

ਇਸ ਦੇ ਨਾਲ ਹੀ ਅਤਿ ਨਿਮਰਤਾ ਨਾਲ ਦਾਸ ਹੱਥ ਜੋੜ ਬੇਨਤੀ ਕਰਦਾ ਹੈ ਕਿ ਸਾਰੇ ਹੀ ਅਜਿਹੇ ਨਹੀਂ ਹੁੰਦੇ, ਜਿਨ੍ਹਾਂ ਨੂੰ ਝੂਠੇ, ਫਰੇਬੀ, ਕਪਟੀ ਤੇ ਪਾਖੰਡੀ ਕਿਹਾ ਜਾਵੇ। ਕੁਝ ਅਜਿਹੇ ਵੀ ਹਨ, ਜਿਨ੍ਹਾਂ ਅੰਦਰ ਸਿੱਖੀ ਦਾ ਦਰਦ, ਗੁਰਮਤਿ ਦੀ ਸੋਝੀ ਅਤੇ ਗੁਰਬਾਣੀ ਦਾ ਪਾਵਨ ਖਜ਼ਾਨਾ ਹੈ ਅਜਿਹੇ ਸੰਤ, ਮਹਾਤਮਾ ਬਹੁਤ ਹੀ ਯੋਗ ਉਪਰਾਲੇ ਕਰ ਵੀ ਰਹੇ ਹਨ। ਅਜਿਹੇ ਮਹਾਂਪੁਰਸ਼ਾਂ ਦੀ ਤਾਂ ਚਰਨ ਧੂੜ ਮਸਤਕ ਲਾਉਣਾ ਪੁੰਨ ਕਰਮ ਕਮਾਉਣਾ ਹੈ। ਦਾਸ ਦਾ ਇਹ ਵੀ ਮਕਸਦ ਨਹੀਂ ਕਿ ਮੈਂ ਕੋਈ ਦੂਜਿਆਂ ਨਾਲੋਂ ਬਹੁਤਾ ਪੰਥ ਦਰਦੀ ਜਾਂ ਗੁਣੀ ਗਿਆਨੀ ਹਾਂ ਬਲਕਿ ਦਾਸ ਤਾਂ ਗੁਰਮਤਿ ਦਾ ਵਿਦਿਆਰਥੀ ਹੈ। ਪਰ ਇਕ ਲੋਚਾ ਹੈ ਕਿ ਸਾਹਿਬ ਜੀ ਕਿਰਪਾ ਕਰਨ ਜਿਸ ਨਾਲ ਸਾਨੂੰ ਗੁਰਮਤਿ ਤੇ ਗੁਰਬਾਣੀ ਦੀ ਸੋਝੀ ਆ ਜਾਵੇ ਅਤੇ ਹਰ ਕੋਈ ਗੁਰਬਾਣੀ ਦੀ ਰੋਸ਼ਨੀ ਵਿਚ ਦਰਸਾਏ ਸੱਚ ਦੇ ਮਾਰਗ ਦਾ ਰਾਹੀ ਬਣ ਕੇ ਸਚਿਆਰ ਹੋ ਸੱਚਖੰਡ ਵੱਸਦੇ ਪ੍ਰੀਤਮ ਮਾਹੀ ਨਾਲ ਇਕਮਿਕ ਹੋ ਸਕੇ। ਤਦ ਹੀ ਇਹ ਯਤਨ ਸਫਲਾ ਸਮਝਿਆ ਜਾ ਸਕਦਾ ਹੈ। ਨਹੀਂ ਤਾਂ ਮੂਰਖਾਂ ਦੀ ਦੁਨੀਆਂ ਵਿਚੋਂ ਇਕ ਹੋਰ ਮੂਰਖ ਨੇ ਕਲਮ ਦਾ ਮੂੰਹ ਕਾਲਾ ਕਰਕੇ ਕਾਗਜ਼ਾਂ ਦੇ ਧੱਬੇ ਉਤੇ ਕੁਝ ਹੋਰ ਕਾਲੇ ਅੱਖਰਾਂ ਦਾ ਭਾਰ ਲੱਦ ਕੇ ਐਵੇਂ ਪਾਠਕਾਂ ਦਾ ਕੀਮਤੀ ਸਮਾਂ ਹੀ ਖਰਾਬ ਕੀਤਾ ਹੈ। ਅਖੀਰ ਵਿਚ ਭੁਲਾਂ ਗਲਤੀਆਂ ਦੀ ਖਿਮਾ ਮੰਗਦਾ ਹੋਇਆ, ਆਪ

Sri Satguru Jagjit Singh Ji eLibrary NamdhariElibrary@gmail.com

ਜੀ ਵੱਲੋਂ ਭੇਜੇ ਹੋਏ ਕੀਮਤੀ ਸੁਝਾਵਾਂ ਦੀ ਇੰਤਜ਼ਾਰ ਵਿਚ ਨੈਣ ਵਿਛਾਈ ਰੱਖਾਂਗਾ।

ਇਸ ਕਾਰਜ ਵਿਚ ਸਹਿਯੋਗੀ ਬਣ ਜਿਨ੍ਹਾਂ ਇਹ ਬਿਖਮ ਕਾਰਜ ਪੂਰਾ ਕਰਵਾਇਆ, ਉਨ੍ਹਾਂ ਲਈ ਦਿਲ ਦੀਆਂ ਗਹਿਰਾਈਆਂ ਵਿਚੋਂ ਵਾਰ ਵਾਰ ਸ਼ੁਕਰਾਨਾ ਸ਼ਬਦ ਨਿਕਲਦਾ ਹੈ। ਸਭ ਤੋਂ ਪਹਿਲਾ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਧੰਨਵਾਦ, ਜਿਨ੍ਹਾਂ ਦੀ ਅਥਾਹ ਕ੍ਰਿਪਾ ਬਖਸ਼ਿਸ਼ ਨੇ ਇਸ ਕਾਰਜ ਨੂੰ ਪੂਰਾ ਕਰਵਾਇਆ ਹੈ। ਸਤਿਕਾਰ ਯੋਗ ਗਿਆਨੀ ਬਲਜੀਤ ਸਿੰਘ ਜੀ ਪ੍ਰਿੰਸੀਪਲ, ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਚੌਂਤਾ (ਰੋਪੜ) ਸ: ਸੁਰਿੰਦਰ ਸਿੰਘ ਜੀ ਚੰਡੀਗੜ੍ਹ BHEL ਵਾਲੇ ਵੀਰ ਛਨਬੀਰ ਸਿੰਘ ਜਲੰਧਰ, ਉੱਘੇ ਕਥਾ ਵਾਚਕ ਗਿ: ਸਾਹਿਬ ਸਿੰਘ ਜੀ ਕਨੇਡਾ, ਗਿ: ਪਿੰਦਰਪਾਲ ਸਿੰਘ ਜੀ, ਗਿਆਨੀ ਸਤਨਾਮ ਸਿੰਘ ਹੈੱਡ ਗ੍ਰੰਥੀ ਦਿੱਲੀ, ਘਰ ਪਰਿਵਾਰ ਵੱਲੋਂ ਪਰਮਜੀਤ ਕੌਰ, ਬੇਟੇ ਮਨਪ੍ਰੀਤ ਸਿੰਘ ਤੇ ਗੁਰਪ੍ਰੀਤ ਸਿੰਘ ਅਤੇ ਸ: ਦਲਵਿੰਦਰ ਸਿੰਘ, ਬਲਵਿੰਦਰ ਸਿੰਘ ਆਦਿਕ ਸਾਰਿਆਂ ਨੇ ਅਜਿਹਾ ਮਹੌਲ ਦਿੱਤਾ ਜਿਸ ਨਾਲ ਘਰੋਗੀ ਜ਼ਿੰਮੇਵਾਰੀਆਂ ਬਹੁਤੀ ਰੁਕਾਵਟ ਨਹੀਂ ਬਣ ਸਕੀਆਂ। ਅੰਤ ਵਿਚ ਪ੍ਰਸਿੱਧ ਕਥਾਵਾਚਕ ਗਿ: ਜਸਵੰਤ ਸਿੰਘ "ਨਲਵੀ" ਸ਼ਾਹਬਾਦ ਮਾਰਕੰਡਾ ਵਾਲਿਆਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਗੁਰਬਾਣੀ ਦੀਆਂ ਲਗਾਂ ਮਾਤਰਾ ਦੀ ਸੁਧਾਈ ਦੀ ਜ਼ਿੰਮੇਵਾਰੀ ਨਿਭਾਈ, ਭਾਈ ਚਤਰ ਸਿੰਘ ਜੀਵਨ ਸਿੰਘ ਜੀ ਨੇ ਕਿਤਾਬ ਛਾਪ ਕੇ ਇਕ ਹੋਰ ਅਹਿਸਾਨ ਕਰ ਦਿੱਤਾ ਹੈ।

***"ਤੁਮ ਸਭ ਸਾਜੇ ਸਾਜਿ ਨਿਵਾਜੇ ਜੀਉ ਪਿੰਡੁ ਦੇ ਪ੍ਰਾਨਾ॥***
***ਨਿਰਗੁਣੀਆਰੇ ਗੁਣੁ ਨਹੀ ਕੋਈ ਤੁਮ ਦਾਨੁ ਦੇਹੁ ਮਿਹਰਵਾਨਾ॥*** *(੬੧੩)*

ਦਾਸ-***ਅਮਰੀਕ ਸਿੰਘ, (ਚੰਡੀਗੜ੍ਹ)***

*ਕੋਠੀ ਨੰ: 370, ਫੇਸ - 9*
*ਮੁਹਾਲੀ ਫੋਨ:- ਘਰ - 0172-384647,*
*01881-40741 (ਰੋਪੜ) ਸੋਲਖੀਆਂ*
*ਮੋਬਾਇਲ - 98140-27052*

Sri Satguru Jagjit Singh Ji eLibrary NamdhariElibrary@gmail.com

# ਕੁਝ ਕੁ ਆਪਣੇ ਵਲੋਂ ਹੋਰ

ਵਿਦੇਸ਼ਾਂ ਵਿਚ ਵਿਚਰਦਿਆਂ ਮਿਲੀ ਹੋਈ ਇਕਾਂਤ ਵਿਚੋਂ ਪੈਦਾ ਹੋਏ ਕੁਝ ਖਿਆਲਾਂ ਨੇ ਬਸ ਸੁਭਾਵਿਕ ਹੀ ਲਿਖਤ ਦਾ ਰੂਪ ਧਾਰ ਲਿਆ। ਇਸ ਲਿਖਤ ਨੂੰ ਫਿਰ ਕੁਝ ਵੀਰਾਂ ਦੇ ਸਹਿਯੋਗ ਨਾਲ ਕਿਤਾਬੀ ਜਾਮਾ ਪਹਿਨਾ ਕੇ ਸੰਗਤਾਂ ਦੇ ਦਰ ਭੇਟਾ ਕਰ ਦਿੱਤਾ। ਜਿਹੜੀ ਕਿ *"ਗਿਆਨ ਅੰਜਨਿ ਗੁਰਿ ਦੀਆਂ"* ਨਾਂ ਹੇਠ ਛੱਪ ਚੁੱਕੀ ਹੈ। ਪਹਿਲਾਂ ਕਦੇ ਨਾ ਲਿਖਣ ਕਰਕੇ ਕੋਈ ਅਭਿਆਸ ਵੀ ਨਹੀਂ ਸੀ ਪਰ ਫਿਰ ਵੀ ਮਿੱਤਰਾਂ ਦੋਸਤਾਂ ਤੇ ਵਾਕਿਫਕਾਰਾਂ ਦੀ ਦੁਨੀਆਂ ਵਿਚੋਂ ਮਿਲੇ ਪਿਆਰ, ਪ੍ਰੇਮ ਤੇ ਉਤਸ਼ਾਹ ਨੇ ਫਿਰ ਇਸ ਆਹਰੇ ਲਾ ਦਿੱਤਾ। ਭਾਵੇਂ ਪਹਿਲੀ ਵਾਰ ਬਹੁਤ ਔਕੜਾਂ ਦਾ ਸਾਹਮਣਾ ਵੀ ਕਰਨਾ ਪਿਆ ਜਿਵੇਂ ਕਿਤਾਬ ਦਾ ਨਾਂ ਹੀ ਸੀ। ਜਦੋਂ ਇਹ ਲਿਖਤ ਲਿਖੀ ਤਾਂ ਦਿਮਾਗ ਵਿਚ ਇਸ ਦਾ ਨਾਂ "ਇਕ ਵੱਖਰੀ ਅੱਖ" ਮੰਨਿਆ, ਪਰ ਮਗਰੋਂ ਵੀਰਾਂ ਦੀ ਵੀਚਾਰ ਨਾਲ ਇਸ ਦਾ ਨਾਮ *"ਸੇ ਅਖੜੀਆਂ ਬਿਅੰਨਿ"* ਰੱਖਿਆ ਪਰ ਫਿਰ ਕੁਝ ਪ੍ਰਕਾਸ਼ਕਾਂ ਦੀਆਂ ਮਜ਼ਬੂਰੀਆਂ ਨੇ ਆਖਿਰ *"ਗਿਆਨ ਅੰਜਨਿ ਗੁਰਿ ਦੀਆ"* ਨਾਮ ਰੱਖ ਦਿੱਤਾ। ਉਸ ਕਿਤਾਬ ਦਾ ਅਸਲ ਮਕਸਦ ਤਾਂ ਇਹ ਸੀ ਕਿ ਜੇ ਸਾਡੀ ਅੱਖ ਨਾਲ ਦਰਸ਼ਨ ਕਰਿਆ ਸਾਡਾ ਜੰਮਣ ਮਰਨਾ ਨਹੀਂ ਕਟਿਆ ਜਾਂਦਾ ਤਾਂ ਆਓ ਫਿਰ ਉਨ੍ਹਾਂ ਅੱਖਾਂ ਰਾਹੀਂ ਸਤਿਗੁਰੂ ਜੀ ਦੇ ਦੀਦਾਰ ਕਰੀਏ, ਜਿਨ੍ਹਾਂ ਨੇ ਉਸ ਸ਼ਰਧਾ ਭਾਵਨਾ ਨਾਲ ਦਰਸ਼ਨ ਕੀਤੇ ਕਿ ਉਹ ਆਪਣਾ ਜੰਮਣ ਮਰਨਾ ਹੀ ਨਹੀਂ ਕੱਟ ਗਏ ਬਲਕਿ ਇਕ ਸੱਚਾ ਹੋਕਾ ਮਨੁੱਖਤਾ ਲਈ ਵੀ ਲਾ ਗਏ। 'ਗਿਆਨ ਅੰਜਨ ਗੁਰ ਦੀਆਂ' ਦਾ ਆਖਰੀ ਪਰੂਫ ਵੀ ਦਾਸ ਪੜ੍ਹ ਨਹੀਂ ਸੀ ਸਕਿਆ, ਜਿਸ ਕਰਕੇ ਗਲਤੀਆਂ ਵੀ ਬਹੁਤ ਰਹਿ ਗਈਆਂ ਸਨ ਜਿਨ੍ਹਾਂ ਦੀ ਦਾਸ ਖਿੰਮਾਂ ਮੰਗਦਾ ਹੈ। ਖੈਰ, ਜੋ ਕੁਝ ਵੀ ਸਾਹਿਬ ਜੀ ਨੇ ਕਰਵਾਇਆ ਚੰਗਾ ਹੀ ਕਰਵਾਇਆ।

ਇਹ ਕਿਤਾਬ *'ਸੰਸਾਰ ਤੋਂ ਨਿਰੰਕਾਰ ਤੱਕ'* ਲਿਖਣੀ ਤਾਂ ਜਲਦੀ ਹੀ ਸ਼ੁਰੂ ਕਰ ਦਿੱਤੀ ਸੀ ਪਰ ਕਈ ਪ੍ਰੀਵਾਰਕ ਜ਼ਿੰਮੇਵਾਰੀਆਂ ਨੇ ਅਜਿਹਾ ਰਾਹ ਰੋਕਿਆ ਕਿ ਇਧਰ ਮੁੜ ਤੁਰਨ ਹੀ ਨਹੀਂ ਦਿੱਤਾ। ਸਤਿਗੁਰੂ ਜੀ ਦੀ ਸਵੱਲੀ ਨਦਰਿ ਨੇ ਫਿਰ ਕੁਝ ਰਾਹਤ ਬਖ਼ਸ਼ੀ ਜਿਸ ਨਾਲ ਇਹ ਅਧੂਰਾ ਕਾਰਜ ਪੂਰਾ ਕਰਵਾ ਲਿਆ।

ਸਮਰੱਥ ਸਤਿਗੁਰੂ ਜੀ ਦੀਆਂ, ਸਮਰੱਥ ਸੰਗਤਾਂ ਲਈ ਇਹ ਤੁੱਛ ਜਿਹੀ ਭੇਟਾ ਇਸ ਭਾਵਨਾ ਨਾਲ ਭੇਟਾ ਕਰਦਾ ਹਾਂ ਕਿ ਸਿੱਖ ਸੰਗਤਾਂ ਦੀ ਅਸੀਸ ਸਾਂਈ ਦੇ ਦਰਬਾਰ ਮੇਰੇ ਵਰਗੇ ਨਾਚੀਜ਼ ਜਿਹੇ ਦੀਆਂ ਭੁਲਾਂ 'ਤੇ ਪਰਦਾ ਬਣ ਜਾਏਗੀ ਜਿਸ ਨਾਲ ਮੇਰਾ ਮਿਹਰਬਾਨ ਪਿਤਾ ਮੇਰੇ ਔਗੁਣ ਚਿਤਾਰਨ ਦੀ ਥਾਂ ਆਪਣਾ ਖਸਮਾਨਾ ਸੁਭਾ ਪਹਿਚਾਣ ਕੇ ਬਖ਼ਸ਼ ਲਵੇਗਾ।

*— ਅਮਰੀਕ ਸਿੰਘ ਚੰਡੀਗੜ੍ਹ,*

Sri Satguru Jagjit Singh Ji eLibrary NamdhariElibrary@gmail.com

# ਰੱਬ ਤੋਂ ਵਿਛੁੜ ਕੇ ਜੂਨੀਆਂ ਦੀ ਭਟਕਣਾ

ਲੰਮਾ ਸਮਾਂ ਕਾਦਰ ਸਭ ਕੁਝ ਆਪਣੇ ਵਿਚ ਹੀ ਸਮੇਟ ਕੇ ਸੁੰਨ ਸਮਾਧਿ ਦੀ ਅਵਸਥਾ ਵਿਚ ਟਿਕਿਆ ਰਿਹਾ।

*ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥*
*ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥* (੧੦੩੫)

ਫਿਰ ਆਪਣੇ ਹੀ ਫੁਰਨੇ ਅਨੁਸਾਰ, ਇਸ ਸੁੰਨ ਸਮਾਧਿ ਦੀ ਅਵਸਥਾ ਵਿਚੋਂ-

*ਤੁਧੁ ਆਪੇ ਆਪੁ ਉਪਾਇਆ॥ ਦੂਜਾ ਖੇਲੁ ਕਰਿ ਦਿਖਲਾਇਆ॥* (੭੩)

ਕਰਤੇ ਪੁਰਖ ਨੇ ਸਾਰੀ ਰਚਨਾ ਰਚ ਦਿੱਤੀ। ਆਪਣੇ ਆਪ ਤੋਂ ਹੀ ਸਭ ਕੁਝ ਪੈਦਾ ਕਰਕੇ ਵਿਚ ਬੈਠਾ ਆਪ ਵੀ ਜਗਤ ਦੀ ਖੇਡ ਦੇਖਣ ਲੱਗ ਪਿਆ—

*ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥* (੪੬੩)

ਹੁਣ ਸੰਸਾਰ ਨਿਰੰਕਾਰ ਦਾ—

*ਆਵਨ ਜਾਣੁ ਇਕੁ ਖੇਲੁ ਬਨਾਇਆ॥ ਆਗਿਆਕਾਰੀ ਕੀਨੀ ਮਾਇਆ॥* (੨੯੪)

ਅਨੁਸਾਰ ਇਕ ਖੇਲ ਬਣ ਗਿਆ, ਇਸ ਖੇਡ ਦੇ ਕੁਝ ਅਸੂਲ ਵੀ ਨਿਸਚਿਤ ਕੀਤੇ। ਸਭ ਤੋਂ ਪ੍ਰਥਮ ਤੇ ਵੱਡਾ ਨਿਯਮ ਇਹ ਬਣਾਇਆ ਕਿ ਜਿਹੜਾ ਵੀ ਖਿਡਾਰੀ ਭਾਣੇ ਅਨੁਸਾਰ ਭਾਵ ਮੇਰੇ ਆਖੇ ਅਨੁਸਾਰ ਖੇਡਦਾ ਰਹੇਗਾ ਉਸ ਉਪਰ ਮੇਰੀ ਖ਼ੁਸ਼ੀ ਰਹੇਗੀ। ਜਿਹੜਾ ਹੁਕਮ ਦੀ ਉਲੰਘਣਾ ਕਰਕੇ ਖੇਡਣ ਦੀ ਕੋਸ਼ਿਸ਼ ਕਰੇਗਾ ਉਹ ਸਜ਼ਾ ਦਾ ਹੱਕਦਾਰ ਹੋਵੇਗਾ। ਪਰ ਇਸ ਨੇ ਆਉਂਦਿਆਂ ਹੀ ਆਗਿਆ ਭੰਗ ਕੀਤੀ

*ਵਿਚਹੁ ਗਰਭੈ ਨਿਕਲਿ ਆਇਆ॥ ਖਸਮੁ ਵਿਸਾਰਿ ਦੁਨੀ ਚਿਤੁ ਲਾਇਆ॥* (੧੦੦੭)

ਜਾਂ ਫਿਰ—

*ਜੋਨਿ ਛਾਡਿ ਜਉ ਜਗ ਮਹਿ ਆਇਓ ॥ ਲਾਗਤ ਪਵਨ ਖਸਮੁ ਬਿਸਰਾਇਓ॥* (੩੩੭)

ਭਾਣੇ ਵਿਚ ਜਨਮਿਆ ਤੇ ਮਗਰੋਂ ਰੱਬੀ ਹੁਕਮ ਤੋਂ ਬਾਗੀ ਹੋ ਗਿਆ।

*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥*

Sri Satguru Jagjit Singh Ji eLibrary NamdhariElibrary@gmail.com

***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*** (੯੨੧)

ਪ੍ਰਭੂ ਚਰਨਾਂ ਵਿਚੋਂ ਲਿਵ ਛੁਟਕ ਜਾਣ ਦੇ ਕਾਰਨ ਤ੍ਰਿਸ਼ਨਾ ਲਗ ਗਈ। ਜੇ ਤ੍ਰਿਸ਼ਨਾ ਦੀ ਮੈਲ ਨਾ ਲਗਦੀ ਲਿਵ ਫਿਰ ਵੀ ਜੁੜ ਸਕਦੀ ਸੀ ਪਰ ਹੁਣ ਤ੍ਰਿਸ਼ਨਾ ਦੀ ਮੈਲ ਨੇ ਜੁੜਨ ਤਾਂ ਕੀ ਦੇਣਾ ਸੀ ਸਗੋਂ ਪ੍ਰਮੇਸ਼ਰ ਨੂੰ ਭੁਲਾ ਕੇ ਰੋਗ ਲਗਾ ਦਿੱਤਾ, ਭਾਵ ਤ੍ਰਿਸ਼ਨਾ ਵੱਡਾ ਰੋਗ ਬਣ ਕੇ ਲਗ ਗਈ। ਇਸ ਨੂੰ ਵੱਡਾ ਰੋਗ ਤਾਂ ਕਰਕੇ ਕਹਿੰਦੇ ਹਨ ਕਿਉਂਕਿ ਇਸ ਨੇ ਆਵਣ ਜਾਣ ਖੇਲ ਨੂੰ ਭੁਲਾ ਕੇ ***"ਮਰਣੁ ਮਨਹੁ ਵਿਸਾਰਿਆ"*** ਭਾਵ ਇਥੋਂ ਜਾਣਾ ਭੁਲਾ ਦਿੱਤਾ। ਹੁਣ ਇਸ ਨੇ ਮੈਂ ਕਦੇ ਇਸ ਸੰਸਾਰ ਤੋਂ ਨਾ ਜਾਵਾਂ ਇਸ ਲਈ ਰੱਬੀ ਹੁਕਮ ਤੋਂ ਬਾਗੀ ਹੋ ਕੇ "ਮਾਇਆ ਅਮਰੁ" ਭਾਵ ਮਾਇਆ ਦੇ ਹੁਕਮ ਵਿਚ ਟੁਰਨਾ ਸ਼ੁਰੂ ਕਰ ਦਿੱਤਾ। ਮਾਇਆ ਦਾ ਸੁਭਾ ਤਾਂ ਪਹਿਲਾਂ ਹੀ ਪ੍ਰਭੂ ਦੀ ਯਾਦ ਤੋਂ ਤੋੜਨ ਵਾਲਾ ਹੋਣ ਕਰਕੇ ਪੂਰਨ ਤੌਰ 'ਤੇ ਰੱਬ ਤੋਂ ਅਲੱਗ ਹੋ ਕੇ ਆਪਣੀ ਹਸਤੀ ਹੀ ਵੱਖਰੀ ਮੰਨਣ ਲਗ ਪਿਆ। ਬਸ ਇਸ ਵੱਖਰੀ ਹਸਤੀ ਦਾ ਨਾਂ ਹੀ ਜੀਵ ਪੈ ਗਿਆ। ਇਕ ਤ੍ਰਿਸ਼ਨਾ ਵੱਡਾ ਰੋਗ ਹੋਣ ਕਰਕੇ ਦੂਜਾ ਮਾਇਆ ਅਮਰ ਵਰਤਾਇਆ ਤੀਜਾ ***"ਜਬ ਇਹੁ ਮਨ ਮਹਿ ਕਰਤ ਗੁਮਾਨਾ॥ ਤਬ ਇਹੁ ਬਾਵਰੁ ਫਿਰਤ ਬਿਗਾਨਾ॥"*** *(੨੩੫)* ਦੀ ਅਵਸਥਾ 'ਤੇ ਪਹੁੰਚ ਗਿਆ। ਹੁਣ ਜੋ ਕੁਝ ਵੀ ਕਰਦਾ ਹੈ ਉਹ ਮਾਇਆ ਦੇ ਹੁਕਮ ਵਿਚ ਹੀ ਕਰਦਾ ਹੈ। ਮਾਇਆ ਨੇ ਇਹ ਪ੍ਰਪੱਕਤਾ ਬਣਾ ਦਿੱਤੀ ਕਿ ਮੇਰੀ ਹੋਂਦ ਹੀ ਸੱਚ ਵਾਲੀ ਹੈ। ਜੀਵ ਸਗੋਂ ਰੱਬ 'ਤੇ ਵੀ ਸ਼ੱਕ ਕਰਨ ਲੱਗ ਪਿਆ ਕਿ ਰੱਬ ਹੈ ਵੀ ਜਾਂ ਨਹੀਂ। ਮਾਇਆ ਦਾ ਦੀਵਾਨਾ ਹੋਣ ਕਰਕੇ ਮਾਲਕ ਦੀ ਹੋਂਦ ਵੀ ਸ਼ੱਕੀ ਹੋ ਗਈ।

***ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ॥*** (੨੨੯)

ਆਪਣੀ ਹੋਂਦ ਦੀ ਪ੍ਰਪੱਕਤਾ ਲਈ ਮਾਇਆ ਦੀ ਸਹਾਇਤਾ ਨਾਲ ਰੱਬ ਨਾਲ ਲੜਾਈ ਛੇੜ ਬੈਠਾ। ਹਰ ਰੱਬੀ ਹੁਕਮ ਨੂੰ ਮਾਇਆ ਦੀ ਤਾਕਤ ਨਾਲ ਮੰਨਣ ਤੋਂ ਇਨਕਾਰੀ ਹੋ ਗਿਆ। ਐਸਾ ਭਰਮ ਪੈ ਗਿਆ ਸੋਚਣ ਲੱਗਾ ਜਿਨ੍ਹਾਂ ਵੀ ਪਿਆਰ ਸਤਿਕਾਰ ਹੈ, ਇਹ ਸਭ ਕੁਝ ਮਾਇਆਧਾਰੀ ਦਾ ਹੀ ਤਾਂ ਹੈ। ਮਾਇਆ ਤੋਂ ਬਿਨਾਂ ਕੋਈ ਰਿਸ਼ਤੇਦਾਰੀ, ਸਬੰਧੀ ਨਹੀਂ। ਮਾਇਆ ਨਾਲ ਤਾਂ ਸਗੋ ਦੁਨੀਆਂ ਦਾ ਹਰ ਸੁਖ ਖਰੀਦਿਆ ਜਾ ਸਕਦਾ ਹੈ। ਇਸ ਭਰਮ ਜਾਲ ਕਾਰਣ ਮਾਇਆ ਦੀ ਹੀ ਗੁਲਾਮੀ ਕਰਨ ਲੱਗ ਪਿਆ।

ਮਾਇਆ ਨੇ ਰਹਿੰਦੀ ਕਸਰ ਵੀ ਉਦੋਂ ਕੱਢ ਦਿੱਤੀ ਜਦੋਂ ਇਸ ਜੀਵ ਕੋਲੋਂ ਸਮਝ ਵੀਚਾਰ ਦੇ ਦੋ ਸਰੋਤ ਵੀ ਆਪਣੇ ਕਬਜ਼ੇ ਵਿਚ ਕਰ ਲਏ। ਸਮਝਣ ਲਈ ਅੱਖਾਂ ਦਾ ਸੱਚ ਵੇਖਣਾ ਤੇ ਕੰਨਾਂ ਦਾ ਸੱਚ ਸੁਣਨਾ ਜ਼ਰੂਰੀ ਹੈ। ਜਿਹੜਾ ਦੇਖ ਨਹੀਂ ਸਕਦਾ ਉਹ ਸੁਣ ਕੇ ਮਾਰਗ ਪਾ ਲੈਂਦਾ ਹੈ ਪਰ ਜਿਹੜਾ ਸੁਣ ਨਹੀਂ ਸਕਦਾ ਉਹ ਇਸ਼ਾਰਾ ਦੇਖ ਕੇ ਸਮਝ ਜਾਂਦਾ ਹੈ। ਮਾਇਆ ਨੇ ਤਾਂ ਸਦੀਵੀ ਗੁਲਾਮੀ ਲਈ ਜੀਵ ਕੋਲੋਂ ਉਹ ਅੱਖਾਂ ਵੀ ਲੈ ਲਈਆਂ ਤੇ ਉਹ ਕੰਨ ਵੀ ਲੈ ਲਏ ਜਿਹੜੇ ਕਦੇ ਇਸ ਨੂੰ ਮੁੜ ਰੱਬੀ ਰੂਪ ਹੋਣ ਦਾ ਚੇਤਾ ਕਰਵਾ ਦੇਣ।

***ਮਾਇਆਧਾਰੀ ਅਤਿ ਅੰਨਾ ਬੋਲਾ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ॥*** (੩੧੩)

ਮਾਇਆ ਨੇ ਅਜਿਹੀ ਮਿੱਠੀ ਮੋਹ ਭਰੀ ਲੋਰੀ ਦੇ ਕੇ ਸੁਆ ਦਿੱਤਾ ਕਿ ਰਾਜਾ ਹੋਣ ਦੇ ਬਾਵਜੂਦ ਵੀ ਭਿਖਾਰੀ ਵਾਂਗੂ ਭਟਕਦਾ ਫਿਰਦਾ ਹੈ ਅਤੇ ਬੇਅੰਤ ਦੁੱਖ ਪਾਉਂਦਾ ਹੈ ਭਗਤ ਰਵਿਦਾਸ ਜੀ ਦੀ ਪਵਿੱਤਰ ਵੀਚਾਰ ਹੈ ਕਿ—

***ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥***
***ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥*** (੬੫੭)

ਮਾਇਆ ਨੇ ਇਸ ਜੀਵ ਨੂੰ ਪ੍ਰਭੂ ਭੁਲਾਇਆ ਹੀ ਨਹੀਂ ਬਲਕਿ ਪ੍ਰਭੂ ਨਾਲ ਲੜਾਇਆ ਵੀ। ਇਥੋਂ ਤੱਕ ਕਿ ਦੋ ਹਥਿਆਰ ਵੀ ਦੇ ਦਿੱਤੇ। ਇਹ ਦੋ ਹਥਿਆਰ ਹਨ ਮੈਂ ਅਤੇ ਮੇਰਾ। ਹੁਣ ਸਭ ਤੋਂ ਵੱਧ ਪਿਆਰ ਹੈ ਤਾਂ ਮੈਂ ਅਤੇ ਮੇਰੇ ਨਾਲ। ਸਭ ਤੋਂ ਵੱਧ ਨਫ਼ਰਤ ਹੈ ਤਾਂ ਤੂੰ ਅਤੇ ਤੇਰੇ ਨਾਲ। ਅਜਿਹਾ ਪਾਪਾਂ ਦੇ ਰਾਹ ਤੇ ਤੋਰਿਆ ਕਿ ਹੁਣ ਤਾਂ ਰੱਬੀ ਸਿਫ਼ਤ ਸਲਾਹ ਕਰਨ ਦੀ ਬਜਾਇ ਜਿ ਕਿਧਰੇ ਕੰਨਾਂ ਵਿਚ ਪੈ ਵੀ ਜਾਏ ਤਾਂ ਸਗੋਂ ਇਸ ਤਰ੍ਹਾਂ ਤੜਫਦਾ ਹੈ ਜਿਵੇਂ ਕਿਸੇ ਬਿਛੂ ਨੇ ਡੰਗ ਮਾਰ ਕੇ ਜ਼ਹਿਰ ਭਰ ਦਿੱਤਾ ਹੋਵੇ।

***ਨਾਮੁ ਸੁਨਤ ਜਨੁ ਬਿਛੂਅ ਡਸਾਨਾ॥*** (੮੯੩)
***ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ॥***
***ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ॥*** (੧੩੬੮)

ਬਸ ਹੁਣ ਸਗੋਂ ਜਿਹੜੇ ਅਸਲ ਵੈਰੀ ਹਨ ਉਹ ਆਪਣੇ ਪ੍ਰਤੀਤ ਹੁੰਦੇ ਹਨ। ਜਿਨ੍ਹਾਂ ਨੇ ਕੱਲ ਸਾਥੀ ਨਹੀਂ ਬਣਨਾ ਉਨ੍ਹਾਂ ਨਾਲ ਸਗੋਂ ਚਿਤ ਲਾਈ ਬੈਠਾ ਹੈ। ਸਾਰਾ ਕੁਝ ਹੀ ਅਜਿਹਾ ਕਰਦਾ ਹੈ ਕਿ ਅਸਲ ਕਣ ਭਾਵ ਫਲ ਛੱਡ ਕੇ ਸਿਰਫ ਘਾਹ ਫੂਸ ਹੀ ਇਕੱਠਾ ਕਰਨ ਵਿਚ ਲੱਗ ਗਿਆ। ਹਰੀ ਦਾ ਤਾਂ ਕਦੇ ਚੇਤਾ ਹੀ ਨਹੀਂ ਆਉਂਦਾ ਬਸ ਦਾਤਾਂ ਨਾਲ ਹੀ ਪਿਆਰ ਹੈ।

***ਛੋਡਿ ਜਾਹਿ ਸੇ ਕਰਹਿ ਪਰਾਲ॥ ਕਾਮਿ ਨ ਆਵਹਿ ਸੇ ਜੰਜਾਲ॥***
***ਸੰਗਿ ਨ ਚਾਲਹਿ ਤਿਨ ਸਿਉ ਹੀਤ॥ ਜੋ ਬੈਰਾਈ ਸੇਈ ਮੀਤ॥ ੧॥***
***ਐਸੇ ਭਰਮਿ ਭੁਲੇ ਸੰਸਾਰਾ॥ ਜਨਮੁ ਪਦਾਰਥੁ ਖੋਇ ਗਵਾਰਾ॥ ਰਹਾਉ॥***
***ਸਾਚੁ ਧਰਮੁ ਨਹੀ ਭਾਵੈ ਡੀਠਾ॥ ਝੂਠ ਧੋਹ ਸਿਉ ਰਚਿਓ ਮੀਠਾ॥***
***ਦਾਤਿ ਪਿਆਰੀ ਵਿਸਰਿਆ ਦਾਤਾਰਾ॥ ਜਾਣੈ ਨਾਹੀ ਮਰਣੁ ਵਿਚਾਰਾ॥ ੨॥***
***ਵਸਤੁ ਪਰਾਈ ਕਉ ਉਠਿ ਰੋਵੈ॥ ਕਰਮ ਧਰਮ ਸਗਲਾ ਈ ਖੋਵੈ॥***
***ਹੁਕਮੁ ਨ ਬੂਝੈ ਆਵਣ ਜਾਣੇ॥ ਪਾਪ ਕਰੈ ਤਾ ਪਛੋਤਾਣੇ॥ ੩॥*** (੬੭੬)

ਅਜਿਹੇ ਕਰਮਾਂ ਦੇ ਬੰਧਨਾਂ ਵਿਚ ਜਕੜਿਆ ਹੋਇਆ ਜਨਮ ਮਰਨ ਦੇ ਗੇੜ ਦੀ ਸਜ਼ਾ ਦਾ ਹੱਕਦਾਰ ਬਣ ਗਿਆ। ਰੱਬੀ ਹੁਕਮ ਵਿਚ ਤੁਰਨ ਵਾਲਾ ਤਾਂ ਪਰਵਾਨ ਹੋ ਜਾਂਦਾ ਹੈ ਪਰ ਰੱਬੀ ਰਜ਼ਾ ਨਾਲ ਲੜ ਕੇ ਜਿੱਤ ਕਿਵੇਂ ਹਾਸਿਲ ਕਰ ਸਕਦਾ ਸੀ? ਆਪਣੇ ਹੀ ਕੀਤੇ ਕਰਮਾਂ ਦਾ ਅਜਿਹਾ ਜਾਲ ਬੁਣਿਆ ਗਿਆ ਜਿਸ ਵਿਚ ਫਸਿਆ ਹੋਇਆ ਹੁਣ

***ਜਮਿ ਜਮਿ ਮਰੈ ਮਰੈ ਫਿਰਿ ਜੰਮੈ॥ ਬਹੁਤੁ ਸਜਾਇ ਪਇਆ ਦੇਸਿ ਲੰਮੈ॥*** (੧੦੨੦)

ਜਾਂ ਫਿਰ—

*ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥* (੧੦੭੩)

ਨਿਰੰਕਾਰ ਦੇ ਦੇਸ਼ ਨੂੰ ਜਾਣ ਵਾਲੇ ਕੋਲੋਂ ਮਾਇਆ ਨੇ ਅਜਿਹੇ ਕਰਮ ਕਰਵਾਏ ਕਿ ਜਿਸ ਨਾਲ ਮਾਇਆ ਨੇ ਆਪ ਆਪਣੇ ਸਿਰ ਦੋਸ਼ ਵੀ ਨਾ ਆਉਣ ਦਿੱਤਾ ਜੀਵ ਆਪਣੇ ਕਰਮਾਂ ਵਿਚ ਆਪੇ ਹੀ ਜਕੜਿਆ ਗਿਆ।

*ਜੋ ਜੋ ਕਰਮ ਕੀਏ ਲਾਲਚ ਸਿਉ ਤੇ ਫਿਰਿ ਗਰਹਿ ਪਰਿਓ॥* (੩੩੬)
*ਆਪਨ ਕਰਮ ਆਪੇ ਹੀ ਬੰਧ॥ ਆਵਨੁ ਜਾਵਨੁ ਮਾਇਆ ਧੰਧ॥* (੮੮੮)

ਇਕ ਰਾਜੇ ਨੇ ਦੋ ਅਹਿਲਕਾਰ ਆਪਣੇ ਰਾਜ ਦੇ ਇਕ ਹਿੱਸੇ ਵਿਚ ਇਹ ਸਮਝਾ ਕੇ ਭੇਜੇ ਕਿ ਉਥੇ ਜਾ ਕੇ ਹਰ ਇਕ ਦੀ ਚੰਗੀ ਤਰ੍ਹਾਂ ਦੇਖ ਭਾਲ ਕਰਨੀ, ਮੇਰੇ ਰਾਜ ਵਿਚ ਕੋਈ ਦੁੱਖਾਂ ਭਰੀ ਜ਼ਿੰਦਗੀ ਨਾ ਗੁਜ਼ਾਰਦਾ ਹੋਵੇ, ਤੁਸੀਂ ਸਾਰੀ ਰਿਪੋਰਟ ਭੇਜਦੇ ਰਹਿਣਾ। ਇਧਰੋਂ ਮੈਂ ਵੀ ਜਿਵੇਂ ਜਿਵੇਂ ਲੋੜ ਪਈ ਹੁਕਮ ਭੇਜਦਾ ਰਹਾਂਗਾ। ਦੋਵੇਂ ਅਹਿਲਕਾਰ ਸਤਿਬਚਨ ਕਹਿ ਕੇ, ਲੋੜੀਂਦਾ ਸਮਾਨ ਲੈ ਕੇ ਚਲੇ ਗਏ। ਰਾਜ ਵਿਚ ਰਾਜੇ ਦੇ ਦੱਸੇ ਮੁਤਾਬਿਕ ਸੇਵਾ ਕਰਨ ਲੱਗ ਪਏ। ਨਾਲ ਫ਼ੌਜ ਵੀ ਸੀ ਜਿਸ ਕਰਕੇ ਹਰ ਤਰ੍ਹਾਂ ਨਾਲ ਲੋੜਵੰਦਾਂ ਦੀ ਸੇਵਾ ਹੋਣ ਲੱਗ ਪਈ। ਇਥੋਂ ਦੇ ਵਸਨੀਕ ਲੋਕਾਂ ਨੇ ਦੋਨਾਂ ਅਹਿਲਕਾਰਾਂ ਦਾ ਸਨਮਾਨ ਕਰਨਾ ਆਰੰਭ ਕਰ ਦਿੱਤਾ। ਇਕ ਅਹਿਲਕਾਰ ਤਾਂ ਇਸ ਨੂੰ ਅਸਲ ਵਿਚ ਉਸ ਰਾਜੇ ਦਾ ਸਨਮਾਨ ਸਮਝਦਾ ਸੀ ਜਿਸ ਦੇ ਹੁਕਮ ਨਾਲ ਮੈਂ ਇਥੇ ਆਇਆ ਹਾਂ। ਦੂਜੇ ਅਹਿਲਕਾਰ ਅੰਦਰ ਰਾਜੇ ਦੀ ਵਡਿਆਈ ਦੀ ਥਾਂ ਇਹ ਸਨਮਾਨ, ਵਡਿਆਈ ਆਪਣੀ ਹੀ ਲੱਗਣ ਲੱਗ ਪਈ। ਇਤਨੀ ਮਾਣ ਵਡਿਆਈ ਪਾ ਕੇ ਹੰਕਾਰੀ ਹੁੰਦਾ ਗਿਆ। ਇਕ ਵੀਚਾਰ ਧਿਆਨ ਦੇਣ ਯੋਗ ਹੈ ਕਿ ਹੰਕਾਰੀ ਕਦੇ ਆਗਿਆਕਾਰੀ ਨਹੀਂ ਹੁੰਦਾ ਅਤੇ ਆਗਿਆਕਾਰੀ ਕਦੇ ਹੰਕਾਰੀ ਨਹੀਂ ਹੁੰਦਾ। ਗੁਰੂ ਪਾਤਿਸ਼ਾਹ ਜੀ ਦੀ ਅੰਮ੍ਰਿਤ ਵੀਚਾਰ ਹੈ-

*ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥ ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥* (੪੭੪)
*ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥*
*ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥*

ਕੁਝ ਸਮੇਂ ਮਗਰੋਂ ਰਾਜੇ ਦਾ ਵਾਪਸੀ ਲਈ ਹੁਕਮ ਆ ਗਿਆ ਜਿਹੜਾ ਆਗਿਆਕਾਰੀ ਸੀ, ਉਸ ਨੂੰ ਤਾਂ ਖੁਸ਼ੀ ਹੋਈ। ਜਲਦੀ ਨਾਲ ਤਿਆਰੀ ਕਰਕੇ ਹੁਕਮ ਨੂੰ ਸਿਰ ਮੱਥੇ ਮੰਨਦਾ ਹੋਇਆ ਵਾਪਸ ਚਲਾ ਗਿਆ। ਰਾਜ ਦਰਬਾਰ ਵਿਚ ਪਹੁੰਚਦਿਆਂ ਹੀ ਰਾਜੇ ਨੇ ਬਹੁਤ ਮਾਣ ਸਤਿਕਾਰ ਬਖਸ਼ਿਸ਼ ਕੀਤਾ। ਇਥੇ ਹੀ ਬੱਸ ਨਹੀਂ ਨਾਲ ਚੰਗਾ ਰੁਤਬਾ ਦੇ ਕੇ ਵੀ ਨਿਵਾਜਿਆ। ਹੰਕਾਰੀ ਵਾਪਸ ਜਾਣ ਦੀ ਥਾਂ ਬਾਗੀ ਹੋ ਬੈਠਾ। ਰਾਜੇ ਨੇ ਫਿਰ ਹੁਕਮ ਭੇਜਿਆ ਪਰ ਹੰਕਾਰੀ ਅਹਿਲਕਾਰ ਨੇ ਕੋਈ ਪ੍ਰਵਾਹ ਨਾ ਕੀਤੀ। ਪਰ ਰਾਜੇ ਨਾਲ ਇਕ ਅਹਿਲਕਾਰ ਕਿਵੇਂ ਜਿੱਤ ਸਕਦਾ ਸੀ। ਜਿਸ ਕਰਕੇ ਰਾਜੇ ਨੇ ਆਪਣੀ ਫ਼ੌਜ ਭੇਜ ਕੇ ਬੰਦੀ ਬਣਾ ਕੇ ਵਾਪਸ ਮੰਗਵਾ

Sri Satguru Jagjit Singh Ji eLibrary NamdhariElibrary@gmail.com

ਲਿਆ। ਇਸ ਦਾ ਮਾਣ ਸਤਿਕਾਰ ਕਰਨ ਦੀ ਥਾਂ ਮੂੰਹ ਕਾਲਾ ਕਰਕੇ ਬਾਗੀ ਹੋਣ ਦਾ ਦੋਸ਼ ਲਾ ਕੇ ਸਾਰੇ ਸ਼ਹਿਰ ਵਿਚ ਘੁੰਮਾਇਆ, ਫਿਰ ਇਥੇ ਹੀ ਬੱਸ ਨਹੀਂ ਸਗੋਂ ਕੈਦੀ ਬਣਾ ਕੇ ਕੈਦ ਵਿਚ ਸੁੱਟ ਦਿੱਤਾ। ਲੰਮੀ ਕੈਦ ਦੀ ਸਜ਼ਾ ਲਾਗੂ ਹੋ ਗਈ। ਇਸ ਗਾਥਾ ਵਿਚ ਇਹੋ ਹੀ ਜੀਵਨ ਦਾ ਭੇਦ ਛੁਪਿਆ ਹੋਇਆ ਹੈ ਕਿ ਜਿਹੜੇ ਜੀਵ ਤਾਂ ਰੱਬੀ ਹੁਕਮ ਵਿਚ ਤੁਰਦਿਆਂ। ***"ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ"*** ਦੇ ਸੱਚ ਨੂੰ ਸੰਭਾਲ ਕੇ ਇਕ ਦਿਨ ਰੱਬੀ ਦਰਬਾਰ ਰੱਬੀ ਹੁਕਮ ਨਾਲ ਚਲੇ ਜਾਂਦੇ ਹਨ, ਉਨ੍ਹਾਂ ਨੂੰ ਤਾਂ ਗੁਰਮੁਖਤਾਈ ਦੇ ਉਚਤਮ ਰੁਤਬੇ ਦੇ ਕੇ ਮਾਣ ਸਤਿਕਾਰ ਨਾਲ ਨਿਵਾਜਿਆ ਜਾਂਦਾ ਹੈ, ਪਰ ਜਿਹੜੇ

***ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥***
***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥***
***ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥***
***ਥਾਉ ਨ ਹੋਵੀ ਪਾਉਦੀਈ ਹੁਣਿ ਸੁਣੀਐ ਕਿਆ ਰੂਆਇਆ॥***
***ਮਨਿ ਅੰਧੈ ਜਨਮੁ ਗਵਾਇਆ॥*** (੪੬੪)

ਉਨ੍ਹਾਂ ਨੂੰ ਰੱਬੀ ਦਰਬਾਰ ਵਿਚ ਦੁਰਕਾਰਿਆ ਹੀ ਨਹੀਂ ਜਾਂਦਾ ਬਲਕਿ-

***ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ॥***
***ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ॥*** (੭੨੭)

ਹੋਣ ਕਰਕੇ ਜੰਮਣ ਮਰਣ ਦੀ ਲੰਮੀ ਭਟਕਣਾ ਵਿਚ ਪਾ ਦਿੱਤਾ ਜਾਂਦਾ ਹੈ।

***ਕੀਨ੍ੇ ਪਾਪ ਕੇ ਬਹੁ ਕੋਟ॥ ਦਿਨਸੁ ਰੈਨੀ ਥਕਤ ਨਾਹੀ ਕਤਹਿ ਨਾਹੀ ਛੋਟ॥ ੧ ॥ ਰਹਾਉ॥***
***ਮਹਾ ਬਜਰ ਬਿਖ ਬਿਆਧੀ ਸਿਰਿ ਉਠਾਈ ਪੋਟ॥***
***ਉਘਰਿ ਗਈਆਂ ਖਿਨਹਿ ਭੀਤਰਿ ਜਮਹਿ ਗ੍ਰਾਸੇ ਝੋਟ॥***
***ਪਸੁ ਪਰੇਤ ਉਸਟ ਗਰਧਭ ਅਨਿਕ ਜੋਨੀ ਲੇਟ॥*** (੧੨੨੪)

ਇਕ ਨਗਰ ਵਿਚ ਇਕ ਬਾਂਦਰ ਅਤੇ ਬਾਂਦਰੀ ਲੈ ਕੇ ਤਮਾਸ਼ਾ ਕਰਨ ਵਾਲਾ ਬਾਂਦਰ ਤੇ ਬਾਂਦਰੀ ਨੂੰ ਨਚਾ ਨਚਾ ਕੇ ਤਮਾਸ਼ਾ ਦਿਖਾ ਰਿਹਾ ਸੀ। ਦੇਖਣ ਵਾਲੇ ਦੇਖ ਦੇਖ ਕੇ ਬਹੁਤ ਖੁਸ਼ ਹੋ ਰਹੇ ਸਨ। ਇਕ ਸਿਆਣਾ ਦਾਨਾ ਪੁਰਖ ਵੀ ਇਕੱਠ ਵੇਖ ਕੇ ਲੰਘਦਾ ਹੋਇਆ ਖਲੋ ਗਿਆ। ਆਮ ਲੋਕੀਂ ਹੱਸ ਰਹੇ ਸਨ ਪਰ ਇਸ ਪੁਰਖ ਨੂੰ ਹਾਸੇ ਦੀ ਥਾਂ ਰੋਣਾ ਆ ਗਿਆ। ਪਹਿਲਾਂ ਤਾਂ ਕਿਸੇ ਖਿਆਲ ਨਾ ਕੀਤਾ ਸਾਰੇ ਤਮਾਸ਼ਾ ਦੇਖਣ ਵਿਚ ਮਸਤ ਸਨ, ਪਰ ਜਦੋਂ ਇਸ ਦਾਨੇ ਪੁਰਖ ਦੇ ਹਟਕੋਰੇ ਉਚੇ ਹੋ ਗਏ ਤਦ ਸਾਰਿਆਂ ਦਾ ਖਿਆਲ ਗਿਆ ਸਾਰੇ ਹੈਰਾਨ ਹੋਏ ਇਹ ਤਾਂ ਇਸੇ ਹੀ ਨਗਰ ਦਾ ਬਹੁਤ ਸਤਿਕਾਰਿਆ ਹੋਇਆ ਫਕੀਰ ਸੀ। ਫਕੀਰ ਦਾ ਹਾਸਾ ਅਤੇ ਅੱਖ ਦਾ ਅੱਥਰੂ ਹਮੇਸ਼ਾਂ ਹੀ ਕੋਈ ਗਹਿਰਾ ਅਰਥ ਰੱਖਦਾ ਹੁੰਦਾ ਹੈ। ਫਕੀਰ ਸੰਸਾਰੀਆਂ ਵਾਂਗ ਹੱਸਦਾ ਵੀ ਨਹੀਂ ਤੇ ਸੰਸਾਰੀਆਂ ਵਾਂਗ ਅੱਥਰੂ ਵੀ ਨਹੀਂ ਕੇਰਦਾ। ਜਿਸ ਕਰਕੇ ਲੋਕਾਂ ਦੇ ਇਕੱਠ ਨੇ ਅਜਿਹੀ ਖੁਸ਼ੀ ਮੌਕੇ ਉਲਟਾ ਫਕੀਰ ਕੋਲੋਂ ਸਗੋਂ ਰੋਣ ਦਾ ਕਾਰਣ ਪੁਛਿਆ ਤਾਂ ਫਕੀਰ

Sri Satguru Jagjit Singh Ji eLibrary NamdhariElibrary@gmail.com

ਦੱਸਣ ਲੱਗਾ ਕਿ ਜਿਸ ਬਾਂਦਰ ਨੂੰ ਨੱਚਦਿਆਂ ਵੇਖ ਕੇ ਤੁਹਾਨੂੰ ਹਾਸਾ ਆਉਂਦਾ ਹੈ, ਇਹ ਅਸਲ ਵਿਚ ਬਾਂਦਰ ਦਾ ਤਮਾਸ਼ਾ ਨਹੀਂ ਬਲਕਿ ਇਕ ਜੀਵ ਦੀ ਦਰਦ ਭਰੀ ਕਹਾਣੀ ਹੈ। ਲੋਕਾਂ ਦਾ ਪੂਰਨ ਧਿਆਨ ਲੱਗ ਗਿਆ। ਫਕੀਰ ਕਹਿੰਦਾ ਗਿਆ ਕਿ ਇਹ ਬਾਂਦਰ ਪਕੜਨ ਵਾਲੇ ਬਾਹਰ ਜੰਗਲ ਵਿਚ ਜਾ ਕੇ ਇਕ ਤੰਗ ਮੂੰਹ ਵਾਲੀ ਛੋਟੀ ਜਿਹੀ ਕੁੱਜੀ (ਇਕ ਮਿੱਟੀ ਦਾ ਭਾਂਡਾ ਜਿਸ ਦਾ ਮੂੰਹ ਉਪਰੋਂ ਤੰਗ ਭਾਵ ਛੋਟਾ ਹੁੰਦਾ ਹੈ) ਲੈ ਕੇ ਉਸ ਵਿਚ ਭੁੱਜੇ ਹੋਏ ਛੋਲੇ ਪਾ ਕੇ ਧਰਤੀ ਵਿਚ ਚੰਗੀ ਤਰ੍ਹਾਂ ਗੱਡ ਦਿੰਦੇ ਹਨ। ਭੁਜੇ ਛੋਲਿਆਂ ਦੀ ਸੁਗੰਧੀ ਕਾਰਣ ਬਾਂਦਰ ਆ ਕੇ ਇਸ ਕੁੱਜੀ ਵਿਚੋਂ ਛੋਲੇ ਕੱਢਣ ਲਈ ਜਦੋਂ ਆਪਣਾ ਹੱਥ ਵਿਚ ਪਾਉਂਦਾ ਹੈ ਤਦ ਖਾਲੀ ਹੱਥ ਤਾਂ ਵਿਚ ਪੈ ਜਾਂਦਾ ਹੈ ਪਰ ਛੋਲਿਆਂ ਦੀ ਮੁੱਠ ਭਰਕੇ ਜਦੋਂ ਬਾਂਦਰ ਬਾਹਰ ਕੱਢਣ ਲੱਗਦਾ ਤਾਂ ਉਸ ਦਾ ਹੱਥ ਵਿਚ ਫੱਸ ਜਾਂਦਾ ਹੈ। ਥੋੜੀ ਦੂਰ ਛੁਪ ਕੇ ਬੈਠਾ ਸ਼ਿਕਾਰੀ ਰੱਸੀ ਲੈ ਕੇ ਆ ਜਾਂਦਾ ਹੈ। ਬਾਂਦਰ ਦੇਖ ਵੀ ਰਿਹਾ ਹੈ ਕਿ ਸ਼ਿਕਾਰੀ ਆ ਰਿਹਾ ਹੈ ਪਰ ਇਕ ਮੁੱਠ ਛੋਲਿਆਂ ਦੇ ਲਾਲਚ ਵਿਚ ਹੱਥ ਖਾਲੀ ਕਰਕੇ ਕੁੱਜੀ ਵਿਚੋ ਕੱਢ ਕੇ ਮੁੜ ਅਜ਼ਾਦ ਨਹੀਂ ਹੁੰਦਾ ਸਗੋਂ ਆਪ ਸ਼ਿਕਾਰੀ ਦੇ ਫੰਧੇ ਵਿਚ ਫਸ ਜਾਂਦਾ ਹੈ। ਬਸ ਇਕ ਮੁੱਠੀ ਛੋਲਿਆਂ ਦੀ ਖਾਤਰ ਲਾਲਚੀ ਬਾਂਦਰ ਹੁਣ ਕੈਦੀ ਹੀ ਨਹੀਂ ਬਲਕਿ ਘਰ ਘਰ ਨੱਚਦਾ ਫਿਰਦਾ ਹੈ। ਬਸ ਇਹੋ ਅਵਸਥਾ ਜੀਵ ਦੀ ਹੈ ਮਾਇਕ ਲਾਲਚਾਂ ਵਿਚ ਫਸਿਆ ਹੋਇਆ ਕਾਲ ਰੂਪੀ ਸ਼ਿਕਾਰੀ ਨੂੰ ਆਉਂਦਾ ਵੀ ਦੇਖਦਾ ਹੈ ਪਰ ਆਪਣਾ ਆਪ ਇਨ੍ਹਾਂ ਲਾਲਚਾਂ ਦੇ ਬੰਧਨ ਤੋਂ ਮੁਕਤ ਹੋ ਕੇ ਬੰਦਗੀ ਦਾ ਰਾਹ ਚੁਣ ਕੇ ਅਜ਼ਾਦ ਨਹੀਂ ਹੁੰਦਾ ਬਲਕਿ ਮੌਤ ਦੀ ਫਾਹੀ ਵਿਚ ਫੱਸ ਜਾਂਦਾ ਹੈ। ਜਿਸ ਕਰਕੇ ਫਿਰ ਇਸ ਨੂੰ ਕਈ ਜਨਮਾਂ ਵਿਚ ਭਟਕਣਾ ਪੈਂਦਾ ਹੈ। ਧਿਆਨ ਨਾਲ ਸੁਣ ਰਹੇ ਲੋਕਾਂ ਨੂੰ ਫਕੀਰ ਨੇ ਭਗਤ ਕਬੀਰ ਸਾਹਿਬ ਜੀ ਦੇ ਇਹ ਬਚਨ ਵੀ ਸੁਣਾਏ ਕਿ-

***ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ॥***
***ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ॥***(੩੩੬)

ਇਸ ਤਰ੍ਹਾਂ ਇਹ ਵਿਚਾਰਾ ਮਾਇਆ ਮੋਹ, ਹੰਕਾਰ, ਤ੍ਰਿਸ਼ਨਾ ਅਤੇ ਮੈਂ ਮੇਰੀ ਕਾਰਣ ਰੱਬ ਤੋਂ ਆਪਣੀ ਵੱਖਰੀ ਹਸਤੀ ਸਮਝ ਕੇ, ਦੁਨੀਆਂ ਤੋਂ ਨਾ ਜਾਵਾਂ ਇਸ ਭਾਵਨਾ ਨਾਲ ਬਾਗੀ ਹੋਇਆ, ਜਨਮ ਮਰਨ ਦੀ ਭਟਕਣਾ ਵਿਚ ਪੈ ਜਾਂਦਾ ਹੈ। ਜੇ ਕਿਧਰੇ

***ਆਗਿਆ ਆਵੈ ਆਗਿਆ ਜਾਇ॥ ਨਾਨਕ ਜਾ ਭਾਵੈ ਤਾ ਲਏ ਸਮਾਇ॥***(੨੯੪)

ਅਨੁਸਾਰ ਰੱਬੀ ਆਗਿਆ ਵਿਚ ਆ ਕੇ ਰੱਬੀ ਭਾਣੇ ਵਿਚ ਜੀਵਨ ਗੁਜ਼ਾਰ ਕੇ ਮੁੜ ਪ੍ਰੀਤਮ ਦੀ ਸੱਦ ਨੂੰ ਮਿੱਠੀ ਕਰਕੇ ਮੰਨ ਕੇ ਵਾਪਸ ਚਲਾ ਜਾਂਦਾ, ਆਪਣੇ ਕਰਮਾਂ ਦਾ ਦਾਹਵਾ ਨਾ ਬੰਨਦਾ ਤਾਂ ਮੁੜ ਰੱਬੀ ਜੋਤਿ ਵਿਚ ਹੀ ਅਭੇਦ ਹੋ ਜਾਣਾ ਸੀ। ਜੰਮਦੇ ਨੂੰ ਹੀ ਮਾਇਆ ਨੇ ਮੋਹ ਕੇ ਸਾਧ ਸੰਗਤਿ ਤੇ ਰੱਬ ਤੋਂ ਵਿਛੋੜ ਦਿੱਤਾ। ਭਾਈ ਗੁਰਦਾਸ ਜੀ ਦਾ ਬਚਨ ਹੈ-

***ਜੰਮਦੋ ਮਾਇਆ ਮੋਹਿਆ ਨਦਰਿ ਨ ਆਵੈ ਰਖਣਹਾਰਾ॥***
***ਸਾਥਹੁੰ ਵਿਛੜਿਆ ਵਣਜਾਰਾ॥*** *(ਭਾ. ਗੁਰਦਾਸ ਜੀ)*

Sri Satguru Jagjit Singh Ji eLibrary NamdhariElibrary@gmail.com

ਹਰੀ ਦੇ ਵਿਛੋੜੇ ਕਾਰਣ ਹੁਣ ਸਦੀਵਤਾ ਦੀ ਖੁਆਰੀ ਦੇ ਰਾਹ ਪੈ ਗਿਆ-

***ਹਰਿ ਬਿਸਰਤ ਸਦਾ ਖੁਆਰੀ॥*** (੭੧੧)

ਸੰਸਾਰੀ ਅੱਖ ਨਾਲ ਵੇਖਣ ਵਾਲੇ ਆਖਦੇ ਹਨ ਕਿ ਬਹੁਤ ਸੁਖੀ ਨਜ਼ਰ ਆਉਂਦਾ ਹੈ ਕਿਉਂਕਿ ਮਾਇਆ ਨੇ ਸੁਖਾਂ ਦੇ ਪਰਦੇ ਤਾਂ ਇਤਨੇ ਲਟਕਾ ਦਿੱਤੇ ਪਰ ਉਨ੍ਹਾਂ ਦੇ ਪਿਛੇ ਜੀਵ ਦਿਨ ਰਾਤ ਦੁੱਖਾਂ ਨਾਲ ਜੀਵਨ ਗੁਜ਼ਾਰ ਰਿਹਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਦੁੱਖੀ ਹੋਣ ਦੇ ਬਾਵਜੂਦ ਵੀ ਲੋਕਾਂ ਨੂੰ ਦੱਸ ਵੀ ਇਹੋ ਰਿਹਾ ਹੈ ਕਿ ਮੈਂ ਤਾਂ ਸੁੱਖੀ ਹਾਂ। ਇਕ ਦਿਖਾਵਾ ਸੁਖਾਂ ਦਾ ਦੂਜਾ ਪ੍ਰਗਟਾਵਾ ਸੁਖਾਂ ਦਾ ਪਰ ਅਸਲੀਅਤ ਨੂੰ ਗੁਰੂ ਪਾਤਿਸ਼ਾਹ ਜੀ ਦਾ ਪਾਵਨ ਬਚਨ ਪ੍ਰਗਟ ਕਰਦਾ ਹੈ ਕਿ-

***ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ॥***
***ਬਿਸਰੰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ॥*** (੭੦੭)

ਪ੍ਰਮੇਸ਼ਰ ਦਾ ਮਾਰਗ ਛੱਡ ਕੇ ਭਟਕਣਾ ਦੇ ਰਾਹ ਤੇ ਤੁਰ ਪਿਆ।

***ਰਾਖਿ ਲੇਹੁ ਇਹੁ ਬਿਖਈ ਜੀਉ ਦੇਹੁ ਅਪੁਨਾ ਨਾਉ॥***
***ਜਾ ਤੇ ਨਾਹੀ ਕੋ ਸੁਖੀ ਤਾ ਕੈ ਪਾਛੈ ਜਾਉ॥*** (੭੮੪)

Sri Satguru Jagjit Singh Ji eLibrary NamdhariElibrary@gmail.com

# ਮਨੁੱਖਾ ਦੇਹੀ

ਹਰ ਇਕ ਉਚੇ ਰੁਤਬੇ ਦੇ ਪਿੱਛੇ ਅਥਾਹ ਘਾਲ ਕਮਾਈ ਤੇ ਮਿਹਨਤ ਹੁੰਦੀ ਹੈ। ਸਿਖਰ ਦਾ ਡੰਡਾ ਇਹ ਪ੍ਰਗਟ ਕਰਦਾ ਹੈ ਕਿ ਇਥੋਂ ਤੱਕ ਪਹੁੰਚਣ ਵਾਸਤੇ ਇਸ ਪਉੜੀ ਦੇ ਕੁਝ ਹੋਰ ਵੀ ਡੰਡੇ ਹਨ ਜਿਨ੍ਹਾਂ ਨੂੰ ਮਿਹਨਤ ਤੇ ਕਸ਼ਟ ਦੇ ਨਾਲ ਇਕ ਇਕ ਕਰਕੇ ਚੜ੍ਹਨਾ ਪੈਂਦਾ ਹੈ ਤਦ ਹੀ ਜਾ ਕੇ ਸਿਖਰ ਦਾ ਡੰਡਾ ਨਸੀਬ ਹੁੰਦਾ ਹੈ। ਹਰ ਮੰਜ਼ਿਲ 'ਤੇ ਪਹੁੰਚਿਆ ਰਾਹੀ ਇਸ ਦੀ ਗੱਲ ਦੀ ਪ੍ਰਤੱਖ ਉਦਾਹਰਣ ਹੈ ਕਿ ਬਹੁਤ ਲੰਮੇਰਾ ਪੰਧ ਇਕ ਇਕ ਕਦਮ ਨਾਲ ਮਾਪ ਮਾਪ ਕੇ ਮੰਜ਼ਿਲ ਮਿਲਦੀ ਹੈ ਜਾਂ ਫਿਰ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਪਹਾੜ ਦੀ ਚੋਟੀ ਤੇ ਪਹੁੰਚਿਆਂ ਜੀਵ ਇਸ ਗੱਲ ਦਾ ਸੂਚਕ ਹੈ ਕਿ ਕਦੇ ਯਾਤਰਾ ਦੀ ਆਰੰਭਤਾ ਬਹੁਤ ਨੀਵੇਂ ਤਲ ਤੋਂ ਹੋਈ। ਉਸ ਨੀਵੇਂ ਤਲ ਤੋਂ ਕਸ਼ਟ ਭੋਗਦਿਆਂ, ਦੁੱਖ ਸੁਖ ਹੰਢਾਉਂਦਿਆਂ ਹੀ ਚੋਟੀ ਤੇ ਕਦਮ ਟਿਕਦਾ ਹੈ।

ਇਸੇ ਹੀ ਤਰ੍ਹਾਂ ਇਸ ਸੰਸਾਰ ਦੀ ਸਭ ਤੋਂ ਉਚਤਮ ਚੋਟੀ ਮਨੁੱਖੀ ਜਾਮਾਂ ਪ੍ਰਾਪਤ ਕਰਨ ਵਾਲੇ ਹਰ ਜੀਵ ਦੀ ਇਕ ਬਹੁਤ ਹੀ ਲੰਮੀ ਤੇ ਦੁੱਖਾਂ ਭਰੀ ਦਾਸਤਾਨ ਹੈ। ਇਸ ਦਾਸਤਾਨ ਦੀ ਆਰੰਭਤਾ ਵੀ ਖੇਡਦਿਆਂ ਖੇਡਦਿਆਂ ਪੈਦਾ ਹੋਏ ਹੰਕਾਰ ਕਾਰਣ ਮਾਲਿਕ ਦੀ ਆਗਿਆ ਭੰਗ ਕਰਨਾ ਸੀ। ਇਥੋਂ ਮੁੜ ਨਾ ਜਾਣ ਦੀ ਬਗਾਵਤੀ ਲੜਾਈ ਵਿਚ ਹਾਰ ਜਾਣੇ ਕਰਕੇ ਕਈ ਜਨਮਾਂ ਦੀ ਭਟਕਣਾ ਭੋਗਣੀ ਪਈ।

*ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥ ੧॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥੧॥ਰਹਾਉ॥*
*ਕਈ ਜਨਮ ਸੈਲ ਗਿਰਿ ਕਰਿਆ॥ ਕਈ ਜਨਮ ਗਰਭ ਹਿਰਿ ਖਰਿਆ॥*
*ਕਈ ਜਨਮ ਸਾਖ ਕਰਿ ਉਪਾਇਆ॥ ਲਖ ਚਉਰਾਸੀਹ ਜੋਨਿ ਭ੍ਰਮਾਇਆ॥ ੨॥*

*(੧੭੬)*

ਇਸ ਯਾਤਰਾ ਵਿਚ ਕਈ ਜਨਮ ਕੀੜਿਆਂ, ਪਤੰਗਿਆਂ, ਹਾਥੀ, ਮੱਛੀਆਂ ਭਾਵ ਪਾਣੀ ਦੇ ਜੀਵ ਬਣ ਕੇ ਭੋਗਦਾ ਰਿਹਾ। ਕਈ ਜਨਮ ਪੰਛੀਆਂ ਜਾਂ ਬਨਾਸਪਤੀ ਦੇ ਰੂਪ ਤੇ ਕਈ ਜਨਮ ਪਹਾੜਾਂ ਪੱਥਰਾਂ ਆਦਿਕ ਵਿਚੋਂ ਹੁੰਦਾ ਹੋਇਆ ਆਖਿਰ ਬੜੇ ਚਿਰਾਂ ਮਗਰੋਂ ਰੱਬੀ ਤਰਸ ਦਾ

Sri Satguru Jagjit Singh Ji eLibrary NamdhariElibrary@gmail.com

ਪਾਤਰ ਬਣਿਆ।

ਜੀਵ ਦੇ ਪਿਛੋਕੜ ਦੀ ਦੁੱਖਾਂ ਭਰੀ ਯਾਤਰਾ ਦਾ ਜ਼ਿਕਰ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਵੀ ਕੀਤਾ ਹੈ ਕਿ-

***ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥***
***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥*** (੧੫੬)

ਪੰਚਮ ਗੁਰਦੇਵ ਜੀ ਤਾਂ ਸਪੱਸ਼ਟ ਕਰਦੇ ਹਨ ਕਿ—

***ਆਏ ਅਨਿਕ ਜਨਮ ਭ੍ਰਮਿ ਸਰਣੀ॥*** (੭੦੨)

ਦੇ ਮਗਰੋਂ ਪ੍ਰਾਪਤ ਹੋਈ ਮਨੁੱਖ ਦੇਹੀ ਦੀ ਤਾਂ ਕੀਮਤ ਹੀ ਨਹੀਂ ਕਹੀ ਜਾ ਸਕਦੀ। ਇਤਨੇ ਸੰਕਟ ਤੇ ਕਸ਼ਟ ਭੋਗਣ ਮਗਰੋਂ ਮਿਲਿਆ ਇਹ ਅਵਸਰ ਜੀਵ ਅਜਾਂਈ ਨਾ ਗੁਵਾ ਜਾਏ, ਸਤਿਗੁਰੂ ਜੀ ਫਿਰ ਸੁਚੇਤ ਕਰਦਿਆਂ ਫੁਰਮਾਉਂਦੇ ਹਨ ਕਿ-

***ਫਿਰਤ ਫਿਰਤ ਫਿਰਤ ਤੂ ਆਇਆ॥ ਦੂਲਭ ਦੇਹ ਕਲਿਜੁਗ ਮਹਿ ਪਾਇਆ॥***
***ਫਿਰਿ ਇਆ ਅਉਸਰੁ ਚਰੈ ਨ ਹਾਥਾ॥ ਨਾਮੁ ਜਪਹੁ ਤਉ ਕਟੀਅਹਿ ਫਾਸਾ॥***
(੨੫੮)

ਆਲਮ ਪੁਰਖਾਂ ਦੇ ਬੋਲ ਹਨ ਕਿ ਮਨੁੱਖਾਂ ਜਾਮਾ ਇਕ ਅਜਿਹੀ ਦਸ਼ਾ ਹੈ ਜਿਥੇ ਖਲੋ ਕੇ ਜੀਵ ਭੂਤਕਾਲ ਵੱਲ ਵੀ ਯਾਤ ਮਾਰ ਸਕਦਾ ਹੈ। ਜਿਥੋਂ ਹੁਣ ਤੱਕ ਦੀਆਂ ਕੀਤੀਆਂ ਭੁੱਲਾਂ ਤੋਂ ਸਬਕ ਲੈ ਕੇ ਭਵਿੱਖ ਨੂੰ ਸਵਾਰ ਸਕਦਾ ਹੈ ਭਾਵ ਜਿਹੜੀਆਂ ਗਲਤੀਆਂ ਕਾਰਣ ਇਤਨੀ ਲੰਮੀ ਭਟਕਣਾ ਵਿਚ ਦੁੱਖ ਕਸ਼ਟ ਝੱਲਣੇ ਪਏ ਉਹ ਗਲਤੀਆਂ ਹੁਣ ਭਵਿੱਖ ਵਿਚ ਨਹੀਂ ਕਰਨੀਆਂ। ਸਹੀ ਸੇਧ ਲੈ ਕੇ ਲਾਹਾ ਖੱਟਣਾ ਹੈ। ਮਨੁੱਖਾ ਜਾਮਾ ਤਾਂ ਬਹੁਤ ਜ਼ਿੰਮੇਵਾਰੀ ਵਾਲਾ ਕਾਰਜ ਹੈ ਕਿਉਂਕਿ ਇਥੋਂ ਫਿਰ ਯਾਤਰਾ ਵੀ ਸ਼ੁਰੂ ਹੋ ਸਕਦੀ ਹੈ ਤੇ ਇਥੇ ਹੀ ਸਾਰੀ ਯਾਤਰਾ ਦਾ ਅੰਤ ਵੀ ਹੋ ਸਕਦਾ ਹੈ। ਇਸੇ ਲਈ ਬਚਨ ਹਨ।

***ਇਹੀ ਤੇਰਾ ਅਉਸਰੁ ਇਹ ਤੇਰੀ ਬਾਰ॥ ਘਟ ਭੀਤਰਿ ਤੂ ਦੇਖੁ ਬਿਚਾਰਿ॥*** (੧੧੫੯)

ਜਾਂ ਫਿਰ-

***ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥***
***ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥*** (੧੦੭੫)

ਗੁਰਮਤਿ ਦੇ ਵਿਦਵਾਨ ਲੋਕਾਂ ਨੇ ਦੋ ਤਰ੍ਹਾਂ ਦੀਆਂ ਜੂਨੀਆਂ ਮੰਨੀਆਂ ਹਨ। ਇਕ ਕਰਮ ਜੋਨੀ, ਦੂਜਾ ਭੋਗ ਜੂਨੀ। ਕਰਮ ਜੂਨੀ ਜਿਸ ਵਿਚ ਕੀਤੇ ਕਰਮਾਂ ਦਾ ਲੇਖਾ ਜੋਖਾ ਰੱਬੀ ਦਰਬਾਰ ਵਿਚ ਹੁੰਦਾ ਹੈ। ਮਨੁੱਖਾ ਇਕ ਕਰਮ ਜੂਨੀ ਹੈ ਜਿਸ ਕਰਕੇ ਵਾਰ ਵਾਰ ਸਮਝਾਇਆ ਜਾਂਦਾ ਹੈ ਕਿ-

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥*** (੯੧੮)

Sri Satguru Jagjit Singh Ji eLibrary NamdhariElibrary@gmail.com

*ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥* (੪੭੪)

ਇਹੋ ਕਾਰਣ ਹੈ ਕਿ ਮਨੁੱਖ ਨੂੰ ਸ਼ੁਭ ਅਮਲਾਂ ਜਾਂ ਸ਼ੁਭ ਕਰਮਾਂ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਗੁਰੂ ਅਰਜਨ ਸਾਹਿਬ ਜੀ ਨੇ ਤਾਂ ਮਨੁੱਖਤਾ ਦਾ ਸਰਬ ਸ੍ਰੇਸ਼ਟ ਧਰਮ ਹੀ ਉਹ ਮੰਨਿਆ ਹੈ, ਜਿਸ ਵਿਚ ਪ੍ਰਭੂ ਪ੍ਰੇਮਾ ਭਗਤੀ ਦੇ ਨਾਲ ਨਾਲ ਨਿਰਮਲ ਕਰਮ ਵੀ ਹੋਣ ਕਿਉਂਕਿ ਮਨੁੱਖਾ ਜਾਮਾ ਕਰਮ ਜੂਨੀ ਹੈ।

*ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥* (੨੬੬)

ਦੂਜੀਆਂ ਜੂਨੀਆਂ ਭੋਗ ਜੂਨੀਆਂ ਹਨ, ਇਸੇ ਲਈ ਉਨ੍ਹਾਂ ਦੇ ਪ੍ਰਤੀ ਕੋਈ ਉਪਦੇਸ਼ ਨਹੀਂ ਕਿਉਂਕਿ ਉਹ ਕੁਝ ਅਜਿਹਾ ਨਹੀਂ ਕਰ ਸਕਦੀਆਂ ਜਿਸ ਨਾਲ ਮੁੜ ਰੱਬੀ ਰੂਪ ਹੋ ਜਾਣ ਉਹ ਤਾਂ ਸਿਰਫ ਜੀਵਨ ਭੋਗ ਸਕਦੀਆਂ ਹਨ। ਇਸ ਤਰ੍ਹਾਂ ਮੰਨ ਲਈਏ, ਕਿਸੇ ਅਪਰਾਧ ਕਾਰਨ ਕਿਸੇ ਮਨੁੱਖ ਨੂੰ ਕੈਦ ਵਿਚ ਕੈਦੀ ਬਣਾ ਬੰਦ ਕਰ ਦਿੱਤਾ। ਕੈਦ ਵਿਚ ਦਿਨ ਰਾਤ ਗੁਜ਼ਾਰਦਿਆਂ ਇਕ ਆਸ ਲਾਈ ਬੈਠਾ ਹੈ ਕਿ ਮੇਰੀ ਅਗਲੀ ਤਾਰੀਕ ਜੱਜ ਸਾਹਮਣੇ ਪੇਸ਼ ਹੋਣ ਦੀ ਹੈ। ਜਿਸ ਦਿਨ ਮੇਰੇ ਕੇਸ ਦੀ ਸੁਣਵਾਈ ਹੋਵੇਗੀ। ਮੈਨੂੰ ਉਸ ਦਿਨ ਹੱਕ ਹੋਵੇਗਾ ਕਿ ਮੈਂ ਅਪਰਾਧੀ ਬਣਨ ਪਿੱਛੇ ਵਰਤੇ ਹਾਲਾਤ ਦੱਸ ਕੇ ਆਪਣੀ ਸਫਾਈ ਪੇਸ਼ ਕਰ ਸਕਾਂ। ਕੈਦ ਵਿਚ ਗੁਜ਼ਾਰੇ ਕੈਦੀ ਦੇ ਦਿਨ ਇਕ ਭੋਗ ਜੂਨੀ ਵਾਲੇ ਹਨ ਤੇ ਜੱਜ ਸਾਹਮਣੇ ਪੇਸ਼ ਹੋਣ ਲਈ ਮਿਲੀ ਤਾਰੀਕ ਕੇਵਲ ਇਕ ਦਿਨ ਕਰਮ ਜੂਨੀ ਵਾਂਗ ਹੈ। ਜੇਕਰ ਇਹ ਕੈਦੀ ਮਿਲੀ ਤਾਰੀਕ ਵੀ ਕੈਦ ਵਿਚ ਹੀ ਗੁਜ਼ਾਰ ਦੇਵੇ ਜੱਜ ਦੇ ਕੋਲ ਅਦਾਲਤ ਵਿਚ ਪੇਸ਼ ਨਾ ਹੋਵੇ ਤਾਂ ਫਿਰ ਇਹ ਮਿਲਿਆ ਹੋਇਆ ਕਰਮ ਦਿਨ ਵੀ ਭੋਗ ਦਿਨ ਵਾਂਗ ਹੀ ਗੁਜ਼ਰ ਜਾਵੇਗਾ। ਫਿਰ ਪਤਾ ਨਹੀ ਦੁਬਾਰਾ ਕਦੋਂ ਤਾਰੀਕ ਮਿਲੇਗੀ। ਫਿਰ ਆਪਣੀ ਵੀਚਾਰ ਜਾਂ ਸਫਾਈ ਵਿਚ ਕੁਝ ਕਹਿਣ ਦਾ ਮੌਕਾ ਮਿਲੇਗਾ ਤੇ ਕੈਦ ਦੀ ਸਜ਼ਾ ਤੋਂ ਮੁਆਫੀ ਮਿਲੇਗੀ। ਜਨਮਾਂ ਜਨਮਾਂਤਰਾਂ ਦੀ ਭਟਕਣਾ ਵੀ ਕੈਦ ਸੀ ਜਿਸ ਵਿਚੋਂ ਇਹ ਸੋਚ ਕੇ ਭੋਗਦਾ ਰਿਹਾ ਕਿ ਜਦੋਂ ਕਦੇ ਮੈਨੂੰ ਰੱਬੀ ਦਰਬਾਰ ਵਿਚ ਜਾਣ ਲਈ ਮਨੁੱਖਾ ਜਾਮਾ ਰੂਪ ਤਾਰੀਕ ਮਿਲੇਗੀ ਫਿਰ ਜਾ ਕੇ ਅਰਜ਼ੋਈ ਰੂਪ ਵਿਚ ਆਪਣੇ ਅਪਰਾਧਾਂ ਦੀ ਗੱਲ ਦੱਸ ਕੇ ਜਨਮ ਮਰਨ ਦੀ ਕੈਦ ਤੋਂ ਛੁਟਕਾਰਾ ਪਾ ਲਵਾਂਗਾ। ਇਹ ਲੰਮਾਂ ਸਫਰ ਇਸੇ ਆਸ 'ਤੇ ਕੱਟ ਦਿੱਤਾ।

*ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ॥*
*ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ॥* (੭੬੩)

ਆਮ ਕਈ ਵਾਰੀ ਦੇਖਦੇ ਹਾਂ ਕਿ ਮਾਤਾ ਪਿਤਾ ਔਲਾਦ ਪ੍ਰਾਪਤੀ ਲਈ ਅਰਦਾਸਾਂ ਕਰਦੇ ਹਨ। ਪ੍ਰਾਪਤੀ ਮਗਰੋਂ ਬਹੁਤ ਲਾਡ ਪਿਆਰ ਨਾਲ ਪ੍ਰਤਿਪਾਲਣਾ ਵੀ ਕਰਦੇ ਹਨ। ਕਈ ਤਰ੍ਹਾਂ ਦੇ ਦੁੱਖ ਝੱਲ ਕੇ ਪੜ੍ਹਾਈ ਕਰਵਾ ਕੇ ਕਿਸੇ ਰੁਤਬੇ 'ਤੇ ਵੀ ਪਹੁੰਚਾ ਦਿੰਦੇ ਹਨ ਪਰ ਜੇਕਰ ਸਭ ਕੁਝ ਕਰਨ ਵਾਲੇ ਮਾਪੇ ਹਰ ਤਰ੍ਹਾਂ ਦਾ ਕਰਜ਼ ਫਰਜ਼ ਉਠਾ ਨਿਭਾ ਸਕਦੇ ਹਨ ਤਾਂ ਉਨ੍ਹਾਂ

Sri Satguru Jagjit Singh Ji eLibrary NamdhariElibrary@gmail.com

ਕੋਲੋਂ ਵੀ ਕਦੇ ਇਹ ਗੱਲ ਬਰਦਾਸ਼ਤ ਨਹੀਂ ਹੁੰਦੀ ਕਿ ਉਨ੍ਹਾਂ ਦਾ ਪੁੱਤਰ ਹੁਣ ਸਗੋਂ ਮਾਪਿਆਂ ਦਾ ਹੀ ਆਗਿਆਕਾਰੀ ਨਾ ਹੋਵੇ। ਹਰ ਪਲ ਆਪਣੀ ਔਲਾਦ ਦਾ ਸੁਖ ਮੰਗਣ ਵਾਲੇ ਮਾਪੇ ਵੀ ਅਜਿਹੀ ਔਲਾਦ ਨੂੰ ਬਹੁਤ ਵਾਰੀ ਬੇਦਖ਼ਲ ਕਰ ਦੇਣ ਵਰਗੇ ਫੈਸਲੇ ਲੈ ਲੈਂਦੇ ਹਨ। ਪਰ ਖਿਆਲ ਕਰਨਾ ਇਹ ਮਾਪਿਆਂ ਦਾ ਬੇਦਖ਼ਲ ਕਰਨਾ ਭਾਵ ਘਰੋਂ ਕੱਢਣਾ ਵੀ ਇਕ ਤਰ੍ਹਾਂ ਨਾਲ ਔਲਾਦ 'ਤੇ ਪਰਉਪਕਾਰ ਹੀ ਹੁੰਦਾ ਹੈ। ਮਾਪਿਆਂ ਵਲੋਂ ਦਿਤੀ ਸਜ਼ਾ, ਸਜ਼ਾ ਨਹੀਂ ਹੁੰਦੀ ਬਲਕਿ ਅਸੀਸ ਹੁੰਦੀ ਹੈ। ਮਾਤਾ ਪਿਤਾ ਬੱਚੇ ਦੀਆਂ ਕੀਤੀਆਂ ਭੁਲਾਂ ਚੇਤੇ ਨਹੀਂ ਰੱਖਦੇ। ਬਸ ਉਸ ਦੇ ਸੁਧਰਨ ਦੀ ਉਡੀਕ ਕਰਦੇ ਹਨ। ਜਦੋਂ ਸੁਧਾਰ ਹੋ ਜਾਏ ਤਾਂ ਉਹੋ ਔਲਾਦ ਮੁੜ ਮਾਤਾ ਪਿਤਾ ਦੇ ਗਲੇ ਨਾਲ ਲਗ ਜਾਂਦੀ ਹੈ ਜਾਂ ਮਾਪੇ ਗਲ ਨਾਲ ਲਗਾ ਲੈਂਦੇ ਹਨ। ਗੁਰਬਾਣੀ ਵਿਚ ਰੱਬ ਦਾ ਸੁਭਾ ਵੀ ਤਾਂ ਅਜਿਹਾ ਹੀ ਬਿਆਨ ਕੀਤਾ ਹੋਇਆ ਹੈ।

***ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥***
***ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥***
***ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ॥*** *(੬੨੪)*

ਜਿਸ ਦਿਨ ਇਹ ਜੀਵ ਮੁੜ ਆਗਿਆਕਾਰੀ ਹੋ ਪ੍ਰਭੂ ਰਜ਼ਾ ਵਿਚ ਤੁਰ ਪਵੇਗਾ, ਉਸ ਦਿਨ ਫਿਰ ਮੁੜ ਬਖ਼ਸ਼ ਲਿਆ ਜਾਂਦਾ ਹੈ। ਇਸ ਦੀ ਜਨਮ ਮਰਨ ਦੀ ਭਟਕਣਾ ਰੱਬ ਦੀ ਸਜ਼ਾ ਰੂਪ ਅਸੀਸ ਜਾਂ ਬਖਸ਼ਿਸ਼ ਹੀ ਹੈ ਜਿਸ ਨਾਲ ਵਿਚਲਾ ਖੋਟ ਖਤਮ ਹੋ ਫਿਰ ਸ਼ੁਧ ਸਰੂਪ ਦਾ ਧਾਰਨੀ ਹੋ ਜਾਂਦਾ ਹੈ। ਮਕਸਦ ਸਿਰਫ ਹਉਮੈ ਤੇ ਤ੍ਰਿਸ਼ਨਾ ਦੀ ਮੈਲ ਦੂਰ ਕਰਨਾ ਹੀ ਸੀ। ਕਿਉਂਕਿ ਮੈਲ ਹੀ ਹਮੇਸ਼ਾਂ ਦੂਰੀ ਦਾ ਕਾਰਣ ਬਣਦੀ ਹੈ। ਜਿਸ ਕਪੜੇ ਨੂੰ ਮਾਲਕ ਬਹੁਤ ਪਿਆਰ ਨਾਲ ਖਰੀਦ ਕੇ ਲਿਆਉਂਦਾ ਹੈ। ਦਰਜ਼ੀ ਨੂੰ ਵੀ ਬਹੁਤ ਤਾੜਨਾ ਕਰਦਾ ਹੈ ਕਿ ਕਿਧਰੇ ਇਤਨਾ ਮਹਿੰਗਾ ਕਪੜਾ ਖਰਾਬ ਨਾ ਕਰ ਦੇਵੇ ਫਿਰ ਲਾਲਸਾ ਵੀ ਹੁੰਦੀ ਹੈ ਕਿ ਜਲਦੀ ਤੋਂ ਜਲਦੀ ਪਹਿਨ ਲਵਾਂ। ਪਰ ਇਕ ਦਿਨ ਪਹਿਨ ਕੇ ਹੀ ਆਪਣੇ ਤੋਂ ਦੂਰ ਕਰ ਦਿੰਦਾ ਹੈ। ਜੇਕਰ ਐਸੇ ਪ੍ਰੇਮੀ ਤੋਂ ਪੁੱਛ ਵੇਖੀਏ ਕਿ ਇਤਨੀ ਸੱਧਰ ਭਾਵ ਸ਼ੌਂਕ ਨਾਲ ਇਹ ਬਸਤ੍ਰ ਸਿਲਾਏ ਸਨ ਬਸ ਇਕ ਦਿਨ ਹੀ ਪਹਿਨ ਕੇ ਛੱਡ ਦਿੱਤਾ ਹੈ? ਤਦ ਮਾਲਕ ਜਵਾਬ ਦਿੰਦਾ ਹੈ ਕਿ ਮੈਂ ਤਿਆਗਿਆ ਨਹੀਂ ਬਲਕਿ ਮੈਲਾ ਹੋ ਜਾਣ ਕਾਰਨ ਧੋਬੀ ਕੋਲ ਭੇਜਿਆ ਹੈ ਜਦੋਂ ਧੁੱਪ ਕੇ ਆ ਜਾਵੇਗਾ ਮੈਂ ਫਿਰ ਉਸੇ ਤਰ੍ਹਾਂ ਹੀ ਸ਼ੌਂਕ ਨਾਲ ਪਹਿਨਾਂਗਾ, ਯਾਦ ਰੱਖਣਾ ਇਹ ਮੈਲ ਹੀ ਹਮੇਸ਼ਾਂ ਦੂਰੀ ਦਾ ਕਾਰਨ ਬਣਦੀ ਹੈ। ਮਾਲਕ ਦੇ ਗਲ ਨਾਲ ਲੱਗੇ ਹੋਏ ਕਪੜੇ ਨੂੰ ਵੀ ਮਾਲਕ ਤੇ ਕਪੜੇ ਦਾ ਵਿਛੋੜਾ ਪਵਾ ਦਿੰਦੀ ਹੈ। ਮਾਲਕ ਦੇ ਪਿਆਰ ਵਿਚ ਫ਼ਰਕ ਨਹੀਂ ਪੈਂਦਾ, ਉਹ ਕਪੜੇ ਧੋਬੀ ਕੋਲ ਭੇਜ ਕੇ ਪਵਿੱਤਰ ਕਰਵਾ ਲੈਂਦਾ ਹੈ। ਧੋਬੀ ਨੂੰ ਕਪੜੇ ਧੋਂਦਾ ਵੇਖ ਕੇ ਕੋਈ ਅਜਿਹਾ ਵੀ ਇਤਰਾਜ਼ ਕਰ ਸਕਦਾ ਹੈ ਕਿ ਇਹ ਧੋਬੀ ਕਪੜੇ ਨੂੰ ਕਿਤਨੇ ਤਸੀਹੇ ਦਿੰਦਾ ਹੈ ਪਹਿਲਾਂ ਪਾਣੀ ਵਿਚ ਉਬਾਲ ਕੇ ਫਿਰ ਪਟਕਾ ਪਟਕਾ ਕੇ ਮਾਰਦਾ ਹੈ। ਪਰ ਇਹ ਸਾਰੀ ਸਜ਼ਾ ਸਿਰਫ ਮੈਲ ਉਤਾਰਨ ਲਈ ਹੀ ਹੁੰਦੀ ਹੈ। ਇਸੇ ਤਰ੍ਹਾਂ ਜਦੋਂ ਜੀਵ ਨੂੰ ਹਉਮੈ, ਹੰਕਾਰ ਤੇ

ਆਗਿਆ ਭੰਗ ਕਰਨ ਦੀ ਮੈਲ ਉਤਰ ਜਾਂਦੀ ਹੈ ਤਦ ਫਿਰ ਇਸ ਉੱਤੇ ਰੱਬੀ ਰਹਿਮਤ ਬਰਸਦੀ ਹੈ ਜਿਸ ਦਾ ਸਦਕਾ ਮਨੁੱਖਾ ਦੇਹੀ ਮਿਲਦੀ ਹੈ। ਮਨੁੱਖਾ ਦੇਹੀ ਕਿਸੇ ਆਪਣੇ ਉਦਮ ਉਪਰਾਲੇ ਨਾਲ ਨਹੀਂ ਬਲਕਿ ਜਨਮਾਂ ਜਨਮਾਂ ਦੇ ਵਿਛੋੜੇ ਨੂੰ ਫਿਰ ਆਪਣੇ ਨਾਲ ਮਿਲਾਉਣ ਵਾਸਤੇ-

***ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ... ॥*** (੨੦੭)

ਪਵਿੱਤਰ ਗੁਰਵਾਕ ਅਨੁਸਾਰ ਪ੍ਰਮੇਸ਼ਰ ਦੀ ਬਖਸ਼ਿਸ਼ ਹੀ ਹੁੰਦੀ ਹੈ।

Sri Satguru Jagjit Singh Ji eLibrary NamdhariElibrary@gmail.com

# ਗੁਰੂ ਦਾ ਮਿਲਾਪ

ਜਦੋਂ ਕਿਸੇ ਨੂੰ ਮਿਲਣ ਜਾਣਾ ਹੋਵੇ ਤਾਂ ਤੁਰਨ ਲੱਗਿਆਂ ਸ਼ਹਿਰ ਤੱਕ ਪਹੁੰਚ ਕਰਨੀ ਪੈਂਦੀ ਹੈ ਭਾਵ ਜਿਸ ਸ਼ਹਿਰ ਵਿਚ ਪਿਆਰਾ ਵੱਸਦਾ ਹੋਵੇ ਸਭ ਤੋਂ ਪਹਿਲਾਂ ਉਸ ਸ਼ਹਿਰ ਪਹੁੰਚਣਾ ਜ਼ਰੂਰੀ ਹੁੰਦਾ ਹੈ। ਜਦੋਂ ਵੀ ਕੋਈ ਰਾਹੀ ਤੁਰਦਾ ਹੈ ਤਾਂ ਉਸ ਨੂੰ ਜਦੋਂ ਵੀ ਕੋਈ ਪੁੱਛੇ ਕਿ ਕਿਥੇ ਚੱਲੇ ਹੋ? ਤਾਂ ਸ਼ਹਿਰ ਦਾ ਹੀ ਨਾਂ ਦੱਸਦਾ ਹੈ। ਸ਼ਹਿਰ ਵਿਚ ਜਾ ਕੇ ਘਰ ਲੱਭਣਾ ਪੈਂਦਾ ਹੈ, ਫਿਰ ਘਰ ਵਿਚ ਵੀ ਕਈ ਵਾਰੀ ਪਿਆਰੇ ਦੀ ਉਡੀਕ ਕਰਨੀ ਪੈਂਦੀ ਹੈ। ਇਹ ਸਾਰਾ ਕਾਰਜ ਕੀਤਿਆਂ ਹੀ ਮੰਜ਼ਿਲ ਦੀ ਪ੍ਰਾਪਤੀ ਹੁੰਦੀ ਹੈ। ਇਸ ਤਰ੍ਹਾਂ ਹੀ ਜੀਵ ਦੀ ਜੀਵਨ ਗਾਥਾ ਨੂੰ ਸਮਝ ਲੈਣਾ। ਬਾਕੀਆਂ ਜੂਨੀਆਂ ਦੀ ਭਟਕਣਾ ਮਾਨੋ ਮਨੁੱਖੀ ਜਾਮਾ ਪਾ ਕੇ ਸੰਸਾਰ ਸ਼ਹਿਰ ਤੱਕ ਪਹੁੰਚਣ ਲਈ ਸਫਰ ਸੀ। ਫਿਰ ਇਸ ਸ਼ਹਿਰ ਵਿਚ ਆ ਕੇ ਹੁਣ ਪ੍ਰੀਤਮ ਦਾ ਘਰ ਲੱਭ ਕੇ ਮਿਲਣਾ ਹੈ।

ਜਦੋਂ ਮੁਨੱਖੀ ਜਾਮਾ ਪਾ ਕੇ ਸੰਸਾਰ ਰੂਪ ਸ਼ਹਿਰ ਵਿਚ ਪ੍ਰਵੇਸ਼ ਹੀ ਕੀਤਾ ਸੀ ਕਿ ਇਸ ਦੇ ਸਾਹਮਣੇ ਦੋ ਰਸਤੇ ਸਨ। ਇਕ ਰਸਤੇ ਉਤੇ ਲੋਕ ਬਹੁਤ ਚੱਲ ਰਹੇ ਸਨ, ਚਮਕ ਦਮਕ ਵੀ ਬਹੁਤ ਸੀ, ਜ਼ਿਆਦਾ ਲੋਕ ਹੋਣ ਕਰਕੇ ਸ਼ੋਰ ਸ਼ਰਾਬਾ ਜਾਂ ਰੌਣਕ ਵੀ ਬਹੁਤ ਸੀ। ਦੂਜਾ ਰਸਤਾ ਚਮਕ ਦਮਕ ਤੋਂ ਸੱਖਣਾ ਸਹਿਜ ਨਾਲ ਚੱਲਣ ਵਾਲੇ ਲੋਕਾਂ ਦਾ ਸੀ। ਜੀਵ ਕੋਲੋਂ ਚੋਣ ਨਹੀਂ ਸੀ ਹੋ ਰਹੀ ਕਿ ਕਿਹੜਾ ਰਸਤਾ ਮੇਰੇ ਮਾਹੀ ਦੇ ਘਰ ਤੱਕ ਪਹੁੰਚਾ ਦੇਵੇਗਾ। ਇਸ ਤਰ੍ਹਾਂ ਦੀ ਦਸ਼ਾ ਦੇਖ ਕੇ ਇਕ ਸਿਆਣਾ ਬਜ਼ੁਰਗ ਕੋਲ ਆ ਕੇ ਕਹਿਣ ਲੱਗਾ ਕਿ ਭਾਈ ਵੇਖੀਂ ਇਸ ਸ਼ਹਿਰ ਵਿਚ ਬਹੁਤ ਧਿਆਨ ਨਾਲ ਜਾਵੀਂ ਕਿਧਰੇ ਠੱਗਿਆ ਨਾ ਜਾਵੀਂ। ਜੀਵ ਨੇ ਬਜ਼ੁਰਗ ਦੀ ਗੱਲ ਨੂੰ ਧਿਆਨ ਨਾਲ ਸੁਣਿਆ ਤੇ ਪੁੱਛਿਆ ਕਿ ਇਥੋਂ ਲੋਕ ਠੱਗੇ ਵੀ ਜਾਂਦੇ ਹਨ? ਬਜ਼ੁਰਗ ਨੇ ਫਿਰ ਹਾਂ ਵਿਚ ਹਾਮੀ ਭਰੀ।

ਜੀਵ ਵਿਚਾਰੇ ਕੋਲ ਅਗਿਆਨਤਾ ਹੋਣ ਕਰਕੇ ਸਹਿਮ ਪੈਦਾ ਹੋ ਗਿਆ। ਬਜ਼ੁਰਗ ਕੋਲ ਨਿਮਰਤਾ ਨਾਲ ਬੇਨਤੀ ਕੀਤੀ ਕਿ ਕ੍ਰਿਪਾ ਕਰਕੇ ਮੈਨੂੰ ਸਭ ਕੁਝ ਸਮਝਾ ਦਿਓ। ਮੈਨੂੰ ਇਥੋਂ ਬਾਰੇ ਕੁਝ ਪਤਾ ਨਹੀਂ ਕ੍ਰਿਪਾਲੂ ਬਜ਼ੁਰਗ ਜੀ ਨੇ ਤਰਸ ਕਰਕੇ ਸਾਰੀ ਵਿਚਾਰ ਸਮਝਾਈ ਕਿ ਭਾਈ ਤੈਨੂੰ ਪੰਜ ਚੀਜ਼ਾਂ ਦਾ ਖਿਆਲ ਰੱਖਣਾ ਜ਼ਰੂਰੀ ਹੋਵੇਗਾ। ਇਹ ਵੀਚਾਰ ਚੱਲੀ ਹੀ ਸੀ ਕਿ ਕੁਝ ਹੋਰ ਪੁਰਖ ਬਹੁਤ ਪਿਆਰ ਨਾਲ ਆ ਕੇ ਬਾਬਾ ਜੀ ਨੂੰ ਨਿਮਰਤਾ ਨਾਲ ਮੱਥਾ ਟੇਕ ਕੇ ਬੈਠ

Sri Satguru Jagjit Singh Ji eLibrary NamdhariElibrary@gmail.com

ਕੇ ਉਹ ਵੀ ਵੀਚਾਰ ਸੁਣਨ ਲੱਗ ਪਏ। ਬਾਬਾ ਜੀ ਨੇ ਕਿਹਾ—

ਪਹਿਲੀ ਗੱਲ ਤੇਰੇ ਕੋਲ ਪੂੰਜੀ ਬਹੁਤ ਕੀਮਤੀ ਹੈ। ਇਹ ਸੁਆਸਾਂ ਦੀ ਪੂੰਜੀ ਇਕ ਵਾਰੀ ਗੁਵਾਚ ਜਾਵੇ ਫਿਰ ਕਿਸੇ ਉਪਰਾਲੇ ਨਾਲ ਵੀ ਮੁੜ ਪ੍ਰਾਪਤ ਨਹੀਂ ਹੁੰਦੀ। ਅਨੇਕਾਂ ਜੀਵ ਇਥੇ ਸੁਆਸਾਂ ਦੀ ਪੂੰਜੀ ਲੈ ਕੇ ਆਉਂਦੇ ਹਨ, ਜਿਸ ਨਾਲ ਇਨ੍ਹਾਂ ਨੇ ਨਾਮ ਰੂਪ ਹੀਰਾ ਖੱਟ ਕੇ ਲੈ ਜਾਣਾ ਹੁੰਦਾ ਹੈ ਪਰ ਇਥੇ ਆ ਕੇ ਸੁਆਸਾਂ ਰੂਪੀ ਹੀਰੇ ਵੇਚ ਕੇ ਕੌਡੀਆਂ ਹੀ ਇਕੱਠੀਆਂ ਕਰਕੇ ਤੁਰ ਜਾਂਦੇ ਹਨ। ਹੀਰੇ ਵੇਚ ਕੇ ਕੌਡੀਆਂ ਇਕੱਠੀਆਂ ਕਰਨਾ ਪੂੰਜੀ ਦਾ ਉਜਾੜਾ ਹੈ, ਸਿਆਣੇ ਬਜ਼ੁਰਗ ਜੀ ਨੇ ਆਖਿਆ ਕਿ-

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥* (੧੫੬)
*ਜਰਾ ਜੀਵਨ ਜੋਬਨੁ ਗਇਆ ਕਿਛੁ ਕੀਆ ਨ ਨੀਕਾ॥*
*ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ॥* (੮੫੬)
*ਰਤਨੁ ਤਿਆਗਿ ਕਉਡੀ ਸੰਗਿ ਰਚੈ॥ ਸਾਚੁ ਛੋਡਿ ਝੂਠ ਸੰਗਿ ਮਚੈ॥* (੨੬੭)
*ਕਉਡੀ ਬਦਲੈ ਜਨਮੁ ਗਵਾਇਆ ਚੀਨਸਿ ਨਾਹੀ ਆਪੈ॥*
*ਗੁਰਮੁਖਿ ਹੋਵੈ ਤਾ ਏਕੋ ਜਾਣੈ ਹਉਮੈ ਦੁਖੁ ਨ ਸੰਤਾਪੈ॥* (੭੫੩)

ਇਸ ਲਈ ਪਿਆਰਿਆ! ਤੇਰੀ ਪੂੰਜੀ ਬਹੁਤ ਕੀਮਤੀ ਹੈ ਜਿਸ ਕਾਰਜ ਲਈ ਲੈ ਕੇ ਆਇਆ ਹੈਂ ਇਸ ਨੂੰ ਬਸ ਉਸੇ ਹੀ ਕਾਰਜ ਲਈ ਖਰਚ ਕਰੀਂ ਤਦ ਹੀ ਲੇਖੇ ਵਿਚ ਹੈ ਨਹੀਂ ਤਾਂ ਲਾਹਾ ਤਾਂ ਇਕ ਪਾਸੇ, ਇਹ ਪੂੰਜੀ ਵੀ ਬਰਬਾਦ ਹੋ ਜਾਵੇਗੀ। ਬਜ਼ੁਰਗ ਬਾਬਾ ਜੀ ਦੀਆਂ ਗੱਲਾਂ ਨਾਲ ਜੀਵ ਨੂੰ ਕਾਫੀ ਤਸੱਲੀ ਮਿਲੀ। ਫਿਰ ਪੁੱਛਣ ਲੱਗਾ ਕਿ ਮੈਂ ਦੂਸਰੀ ਕਿਹੜੀ ਗੱਲ ਦਾ ਧਿਆਨ ਰੱਖਾਂ? ਮੈਨੂੰ ਬਾਕੀ ਵੀ ਸਾਰੀਆਂ ਸਮਝਾ ਦਿਓ ਜੀ। ਬਾਬਾ ਜੀ ਨੇ ਆਪਣੇ ਪਰਉਪਕਾਰੀ ਸੁਭਾਅ ਅਨੁਸਾਰ ਆਖਿਆ ਕਿ ਦੂਜੀ ਗੱਲ ਜਿਹੜੀ ਤੁਸੀਂ ਰਾਹ ਬਾਰੇ ਪੁੱਛੀ ਸੀ। ਉਹ ਆਹ ਜਿਹੜਾ ਤੈਨੂੰ ਉਦਾਸ ਜਿਹਾ ਰਸਤਾ ਲੱਗਦਾ ਹੈ ਅਸਲ ਵਿਚ ਇਹੋ ਹੀ ਸਹੀ ਮਾਰਗ ਹੈ ਦੂਜਾ ਤਾਂ—

*ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ॥*
*ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥* (੧੩੭੩)
*ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥*
*ਕੋਟਿ ਜਨਮ ਕੇ ਕਿਲ ਬਿਖ ਨਾਸੇ ਹਰਿ ਚਰਣੀ ਚਿਤੁ ਲਾਇ॥* (੬੨੨)
*ਚਰਨ ਚਲਉ ਮਾਰਗਿ ਗੋਬਿੰਦ॥ ਮਿਟਹਿ ਪਾਪ ਜਪੀਐ ਹਰਿ ਬਿੰਦ॥* (੨੮੧)

ਇਹ ਮਾਰਗ ਗੋਬਿੰਦ ਦਾ ਹੈ ਜਿਸ 'ਤੇ ਤੁਰਦਿਆਂ ਟਿਕਾਣੇ ਪਹੁੰਚ ਜਾਵੇਂਗਾ ਪਰ ਇਸ ਉਤੇ ਤੁਰਨਾ ਵੀ ਸੌਖਾ ਨਹੀਂ ਬਲਕਿ ਬਹੁਤ ਬਿਖਮ ਕਾਰਜ ਹੈ ਕਿਉਂਕਿ ਇਹ ਮਾਰਗ ਬਿਖੜਾ ਬਹੁਤ ਹੈ।

Sri Satguru Jagjit Singh Ji eLibrary NamdhariElibrary@gmail.com

*ਭਗਤਾ ਕੀ ਚਾਲ ਨਿਰਾਲੀ॥*
*ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥*
*ਲਬੁ ਲੋਭੁ ਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥*
*ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥*
*ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥*
*ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥* (੯੧੮)

ਇਸ ਲਈ ਰਾਹ ਤੇ ਵੀ ਬਹੁਤ ਧਿਆਨ ਰੱਖਣਾ। ਕਈ ਹੋਰ ਰਸਤੇ ਵੀ ਨਿਕਲਦੇ ਹਨ ਪਰ ਆਪ ਸਿਧੇ ਮਾਰਗ ਤੇ ਹੀ ਤੁਰੇ ਜਾਣਾ।

ਤੀਸਰੀ ਗੱਲ ਇਹ ਹੈ ਕਿ ਇਥੇ ਡਾਕੂ ਤੇ ਲੁਟੇਰੇ ਵੀ ਬਹੁਤ ਹਨ। ਸਭ ਤੋਂ ਪਹਿਲਾ ਮਾਇਆ ਹੈ।

*ਕਬੀਰ ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ॥*
*ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ॥* (੧੩੬੫)
*ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥*
*ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥* (੬੪੩)

ਕੇਵਲ ਮਾਇਆ ਹੀ ਚੋਰਟੀ ਨਹੀਂ ਬਲਕਿ ਇਸ ਦੇ ਹੋਰ ਵੀ ਭਾਈਵਾਲ ਹਨ।

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥*
*ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥* (੧੨੮੮)

ਇਸ ਦੇਹੀ ਅੰਦਰ ਵੀ ਪੰਜ ਚੋਰਾਂ ਦਾ ਵਾਸਾ ਹੈ। ਬਾਹਰਲੇ ਚੋਰਾਂ ਤੋਂ ਤਾਂ ਕਿਸੇ ਹੱਦ ਤੱਕ ਬਚਾਅ ਹੋ ਵੀ ਸਕਦਾ ਹੈ ਪਰ ਜਿਹੜੇ ਅੰਦਰੋਂ ਅੰਦਰ ਹੀ ਲੁੱਟ ਲੈ ਜਾਣ, ਜੀਵ ਨੂੰ ਪਤਾ ਹੀ ਉਦੋਂ ਲੱਗੇ ਜਦੋਂ ਸਭ ਕੁਝ ਲੁਟਿਆ ਗਿਆ ਹੋਵੇ, ਫਿਰ ਵਿਚਾਰਾ ਕੀ ਕਰ ਸਕਦਾ ਹੈ?

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥* (੬੦੦)

ਚੌਥੀ ਗੱਲ ਸਮਝਾਉਂਦਿਆਂ ਬਾਬਾ ਜੀ ਨੇ ਫਿਰ ਆਖਣਾ ਸ਼ੁਰੂ ਕੀਤਾ ਕਿ ਜਿਸ ਨੂੰ ਮਿਲਣ ਆਇਆ ਹੈਂ ਉਸ ਦਾ ਕੋਈ ਨਾਉ ਪਤਾ ਟਿਕਾਣਾ ਤੇਰੇ ਕੋਲ ਹੈ? ਜੀਵ ਨੇ ਗਹਿਰੀ ਸੋਚ ਨਾਲ ਸਾਰੀਆਂ ਵਿਚਾਰਾਂ ਸੁਣਦੇ ਹੋਏ ਨੇ ਨਾਹ ਵਿਚ ਸਿਰ ਹਿਲਾਇਆ ਤਾਂ ਬਾਬਾ ਜੀ ਕਹਿਣ ਲੱਗੇ ਮੈਂ ਤੈਨੂੰ ਉਸ ਦਾ ਨਾਮ ਵੀ ਦੱਸ ਦਿੰਦਾ ਹੈ, ਕਦੇ ਭੁੱਲ ਨਾ ਜਾਵੀਂ ਸਦਾ ਯਾਦ ਰੱਖੀਂ। ਉਸ ਮਾਲਿਕ ਦੇ ਨਾਵ ਤਾਂ ਅਨੇਕਾਂ ਹਨ ਪਰ ਸੌਖਾ ਜਿਹਾ ਯਾਦ ਰਹਿ ਜਾਵੇ ਇਸ ਲਈ ਉਸ ਨੂੰ 'ਵਾਹਿਗੁਰੂ' ਨਾਮ ਨਾਲ ਪੁਕਾਰਦਾ ਚਲਾ ਜਾਵੀਂ ਪਰ ਭੁਲੀਂ ਨਾ ਕਿਉਂਕਿ ਜੇ ਕਿਧਰੇ ਨਾਮ ਹੀ ਭੁਲ ਗਿਆ, ਫਿਰ ਸਭ ਕੁਝ ਹੀ ਬਿਰਥਾ ਚਲਾ ਜਾਂਦਾ ਹੈ।

*ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ॥*
*ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ॥* (੪੫੦)
*ਦੁਲਭ ਦੇਹ ਪਾਈ ਵਡਭਾਗੀ॥ ਨਾਮੁ ਨ ਜਪਹਿ ਤੇ ਆਤਮ ਘਾਤੀ॥*
*ਮਰਿ ਨ ਜਾਹੀ ਜਿਨਾ ਬਿਸਰਤ ਰਾਮ॥ ਨਾਮ ਬਿਹੂਨ ਜੀਵਨ ਕਉਨ ਕਾਮ॥* (੧੮੮)

ਅੰਦਰ ਲੱਗੀ ਹੋਈ ਪਾਪਾਂ ਦੀ ਮੈਲ ਵੀ ਨਾਮ ਜਪਣ ਤੋਂ ਬਿਨਾਂ ਨਹੀਂ ਉਤਰਦੀ, ਇਸ ਲਈ *"ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥"* ਲਈ ਵੀ ਨਾਮ ਅਤਿਅੰਤ ਜ਼ਰੂਰੀ ਹੈ।

ਹੇ ਜੀਵ! ਪੰਜਵੀਂ ਤੇ ਆਖਰੀ ਬਹੁਤ ਜ਼ਰੂਰੀ ਗੱਲ ਹੈ ਕਿ ਮੰਜ਼ਿਲ ਪਾ ਲੈਣਾ। ਰਾਹ ਤੇ ਤੁਰਦੇ ਬਹੁਤ ਲੋਕ ਹੁੰਦੇ ਹਨ ਪਰ ਸਿਰੇ ਪਾਰ ਕੋਈ ਵਿਰਲੇ ਹੀ ਲੱਗਦੇ ਹਨ। ਮੰਜ਼ਿਲ ਹਰ ਰਾਹੀ ਨੂੰ ਨਸੀਬ ਨਹੀਂ ਹੋਇਆ ਕਰਦੀ। ਮੰਜ਼ਿਲ 'ਤੇ ਫਿਰ ਦੋ ਲੋੜਾਂ ਹੋਰ ਹਨ ਪਹਿਲੀ ਪ੍ਰੀਤਮ ਦੀ ਪਹਿਚਾਣ ਕਰਵਾਉਣਾ। ਦੂਜੀ ਇਸ ਯਾਤਰਾ ਦਰਮਿਆਨ ਵੀ ਕੁਝ ਭੁੱਲਾਂ ਹੋ ਜਾਂਦੀਆਂ ਹਨ ਜਿਨ੍ਹਾਂ ਦੀ ਮੁਆਫੀ ਲਈ ਅਤੇ ਸਾਰਾ ਲੇਖਾ ਜੋਖਾ ਮੁਕਾ ਦੇਣ ਲਈ ਸਾਹਿਬ ਜੀ ਦੇ ਦਰ ਨਿਮਰਤਾ ਨਾਲ ਅਰਦਾਸ ਕਰਨਾ। ਇਹ ਦੋਵੇਂ ਕੰਮ ਵੀ ਜੀਵ ਆਪ ਇਕੱਲਾ ਨਹੀਂ ਕਰ ਪਾਉਂਦਾ। ਜਿਸ ਕਰਕੇ ਕਈ ਵਾਰੀ ਨੇੜੇ ਹੋ ਕੇ ਵੀ ਜੀਵ ਦੂਰ ਹੀ ਚਲਾ ਜਾਂਦਾ ਹੈ। ਧੰਨ ਉਹ ਲੋਕ ਹਨ, ਜਿਹੜੇ ਇਨ੍ਹਾਂ ਪੰਜਾਂ ਗੱਲਾਂ ਤੇ ਪੂਰੇ ਉਤਰ ਜਾਂਦੇ ਹਨ ਭਾਵ ਪੂੰਜੀ ਬਚਾਅ ਕੇ ਸਹੀ ਖਰਚ ਕਰਦਿਆਂ, ਰਾਹ ਵਿਚ ਭੁੱਲਣ ਤੋਂ ਸੁਚੇਤ ਹੋ ਕੇ ਤੁਰਦਿਆਂ ਫਿਰ ਲੁਟੇਰਿਆਂ ਕੋਲੋਂ ਆਪਾ ਬਚਾਉਂਦਿਆਂ, ਨਾਮ ਜਪਦਿਆਂ ਮੰਜ਼ਿਲਾਂ 'ਤੇ ਪਹੁੰਚ ਜਾਂਦੇ ਹਨ। ਇਹ ਸਾਰੀ ਵਿਚਾਰ ਸਮਝਾ ਕੇ ਬਾਬਾ ਜੀ ਤਾਂ ਹੋਰ ਸੇਵਾ ਵਿਚ ਲੱਗ ਗਏ। ਜੀਵ ਨੇ ਉਨ੍ਹਾਂ ਕੋਲ ਬੈਠ ਜਿਹੜੇ ਅਦਬ ਸਤਿਕਾਰ ਨਾਲ ਨਮਸ਼ਕਾਰ ਕਰਕੇ ਫਿਰ ਟਿਕਾ ਨਾਲ ਬੈਠ ਕੇ ਸਾਰੀ ਵੀਚਾਰ ਸੁਣ ਰਹੇ ਸਨ। ਉਨ੍ਹਾਂ ਦੇ ਮੇਲ ਮਿਲਾਪ ਤੋਂ ਲੱਗਦਾ ਸੀ ਕਿ ਇਹ ਬਾਬਾ ਜੀ ਦੇ ਚੰਗੇ ਜਾਣੂੰ ਹੀ ਨਹੀਂ ਬਲਕਿ ਹਰ ਰੋਜ਼ ਬਾਬਾ ਜੀ ਨੂੰ ਮਿਲਣ ਵਾਲੇ ਹਨ। ਜੀਵ ਨੇ ਪਿਆਰ ਨਾਲ ਉਨ੍ਹਾਂ ਨੂੰ ਪੁੱਛਿਆ ਕਿ ਭਾਈ ਬਾਬਾ ਜੀ ਦੇ ਬਚਨ ਮੈਨੂੰ ਬਹੁਤ ਹੀ ਪਿਆਰੇ ਲੱਗੇ ਹਨ ਪਰ ਇਹ ਪਰਉਪਕਾਰੀ ਬਾਬਾ ਜੀ ਕੌਣ ਹਨ? ਉਨ੍ਹਾਂ ਪੁਰਖਾਂ ਨੇ ਸਮਝਾਇਆ ਕਿ ਇਸ ਬਾਬਾ ਜੀ ਦਾ ਅਸਲ ਵਿਚ ਨਾਮ 'ਸਤਿਗੁਰੂ' ਹੈ। ਇਹ ਨਿਤਾਪ੍ਰਤੀ ਹੀ ਜੀਵਾਂ ਨੂੰ ਲੁਟੇ ਜਾਣ ਤੋਂ ਸੁਚੇਤ ਕਰਦੇ ਰਹਿੰਦੇ ਹਨ। ਇਨ੍ਹਾਂ ਨੂੰ ਅਸਲ ਵਿਚ ਇਥੋਂ ਦੇ ਮਾਲਿਕ ਭਾਵ ਪ੍ਰਮੇਸ਼ਰ ਨੇ ਹੀ ਇਥੇ ਭੇਜਿਆ ਹੋਇਆ ਹੈ ਕਿ ਜੀਵਾਂ ਨੂੰ ਇਸ ਤਰ੍ਹਾਂ ਦਾ ਗਿਆਨ ਵੰਡਣਾ ਹੈ।

ਉਨ੍ਹਾਂ ਪੁਰਖਾਂ ਵਿਚੋਂ ਇਕ ਹੋਰ ਬੋਲਿਆ ਕਿ ਹੇ ਜੀਵ! ਇਕ ਗੱਲ ਤੈਨੂੰ ਅਸੀਂ ਵੀ ਦੱਸ ਦੇਣੀ ਚਾਹੁੰਦੇ ਹਾਂ ਕਿ ਰਸਤਾ ਪੁੱਛਣ ਵਿਚ ਤੇ ਰਾਹ 'ਤੇ ਚੱਲਣ ਵਿਚ ਬਹੁਤ ਅੰਤਰ ਹੈ। ਰਾਹ ਪੁੱਛਦੇ ਬਹੁਤ ਲੋਕ ਹਨ ਪਰ ਸਹੀ ਪਹੁੰਚ ਨਹੀਂ ਪਾਉਂਦੇ ਸੱਚ ਹਕੀਕਤ ਇਹ ਹੈ ਕਿ-

*ਮਤ ਕੋ ਭਰਮਿ ਭੁਲੈ ਸੰਸਾਰਿ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ॥* (੮੬੪)

Sri Satguru Jagjit Singh Ji eLibrary NamdhariElibrary@gmail.com

***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥***
***ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥*** (੪੬੩)
***ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥***
***ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥*** (੧੩੯੯)

ਇਹ ਗੁਰੂ ਹੀ ਹੈ ਜਿਹੜਾ ਸੁਆਸਾਂ ਦੀ ਪੂੰਜੀ ਨਾਲ ਨਾਮ ਰੂਪ ਹੀਰਾ ਖੱਟ ਕੇ ਦਿੰਦਾ ਹੈ। ਰਾਹ ਦੀਆਂ ਔਕੜਾਂ ਵੇਲੇ ਵੀ ***"ਬਿਖੜੇ ਦਾਵ ਲੰਘਾਵੈ ਮੇਰਾ ਸਤਿਗੁਰੂ"*** ਫਿਰ ਲੁਟੇਰਿਆਂ ਤੋਂ ਵੀ ਬਚਾਅ ਕੇ ਪ੍ਰੀਤਮ ਨਾਲ ਹੀ ਮਿਲਾ ਦਿੰਦਾ ਹੈ। ਇਹ ਸਾਰੀ ਵੀਚਾਰ ਸੁਣ ਕੇ ਜੀਵ 'ਸਤਿਗੁਰੂ' ਜੀ ਦੇ ਚਰਨਾਂ ਵਿਚ ਜਾ ਕੇ ਫਿਰ ਬੇਨਤੀ ਕਰਨ ਲੱਗਾ ਕਿ ਕ੍ਰਿਪਾ ਕਰਕੇ ਸਾਰੇ ਰਸਤੇ ਮੇਰੇ ਨਾਲ ਹੀ ਚਲੋ। ਇਕ ਤੇ ਸਫ਼ਰ ਦੀ ਔਕੜ ਖਤਮ ਹੋ ਜਾਵੇਗੀ, ਦੂਜਾ ਮੈਨੂੰ ਡਰ ਹੈ ਕਿ ਮੈਂ ਨਾਮ ਭੁੱਲ ਜਾਵਾਂਗਾ। ਤੁਸੀਂ ਨਾਲ ਹੋਏ ਫਿਰ ਕਦੇ ਨਾਮ ਨਹੀਂ ਭੁਲੇਗਾ। ਸਤਿਗੁਰੂ ਜੀ ਨੇ ਨਾਲ ਜਾਣ ਦੀ ਹਾਮੀ ਭਰ ਦਿੱਤੀ। ਇਕ ਸ਼ਰਤ ਵੀ ਤਹਿ ਹੋਈ ਕਿ ਹੁਣ ਤੋਂ ਬਾਅਦ ਜੇਕਰ ਮੇਰੇ ਨਾਲ ਸਫ਼ਰ ਕਰਦਿਆਂ ਨਿਰੰਕਾਰ ਵਾਹਿਗੁਰੂ ਜੀ ਦੇ ਘਰ ਜਾਣਾ ਹੈ ਤਾਂ ਇਹ ਜ਼ਰੂਰੀ ਹੋਵੇਗਾ ਕਿ ਜੋ ਮੈਂ ਕਹਾਂ ਤੈਨੂੰ ਉਹੋ ਕੁਝ ਕਰਨਾ ਪਵੇਗਾ। ਇਹ ਅਸਲ ਪੈਂਡਾ ਹੀ ਹੁਕਮ ਰਜਾਈ ਦਾ ਹੈ ਇਥੇ ਤਾਂ ਆਪਣੀ ਸਿਆਣਪ ਛੱਡ ਕੇ ***"ਜੋ ਗੁਰ ਕਹੈ ਸੋਈ ਭਲ ਮਾਨਉ"*** ਦਾ ਹੁਕਮ ਮੰਨਣਾ ਪੈਂਦਾ ਹੈ। ਬਸ ਮੇਰੇ ਨਾਲ ਜਾਣ ਦੀ ਫੀਸ ਹੀ ਇਹੋ ਹੈ ਕਿ ਮਰਜ਼ੀ ਗੁਰੂ ਦੀ ਅਨੁਸਾਰ ਚੱਲਣਾ ਪੈਂਦਾ ਹੈ। ਜਿਵੇਂ ਪਹਿਲਾਂ ਵੀ ਸਮਝਾਇਆ ਸੀ ਕਿ ਇਸ ਬਿਖੜੇ ਰਸਤੇ ਤੇ ***"ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ"*** ਦਾ ਧਾਰਨੀ ਹੋ ਕੇ ਹੀ ਤੁਰਨਾ ਪੈਂਦਾ ਹੈ ਤੇ ਅਜਿਹਾ ਤਦ ਹੀ ਹੋ ਸਕਦਾ ਹੈ ਜੇਕਰ-

***"ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ"*** ਦੇ ਰੱਬੀ ਬਚਨ ਅਨੁਸਾਰ ਆਪਾ ਭਾਵ ਤਿਆਗ ਕੇ ਚਲਿਆ ਜਾਵੇ। ਸਾਰੀ ਵੀਚਾਰ ਦੇ ਸੰਪੂਰਨ ਹੋਣ 'ਤੇ ਜੀਵ ਨੇ ***"ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ"*** ਦੇ ਕਥਨ ਅਨੁਸਾਰ ਆਪਾ ਭਾਵ ਗੁਰੂ ਜੀ ਕੋਲ ਵੇਚ ਦਿੱਤਾ ਤੇ ਗੁਰੂ ਜੀ ਨੇ ਜਨਮਾਂ ਜਨਮਾਂ ਦਾ ਵਿਛੁੜਿਆ ਮਿਲਾਉਣ ਲਈ ਵਾਅਦਾ ਕਰ ਦਿੱਤਾ। ਇਸ ਸਾਰੀ ਅਵਸਥਾ ਨੂੰ ਜੀਵ ਦਾ ਗੁਰੂ ਧਾਰਨਾ ਕਹਿਲਾਉਂਦਾ ਹੈ। ਗੁਰੂ ਨੂੰ ਮਿਲਦੇ ਬਹੁਤ ਜੀਵ ਹਨ ਪਰ ਗੁਰੂ ਨੂੰ ਧਾਰਨਾ ਕਿਸੇ ਵਡਭਾਗੇ ਦੇ ਹਿੱਸੇ ਆਉਂਦਾ ਹੈ।

***ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ॥***
***ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ॥***
(੧੬੮)

***ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ॥***
***ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥***
***ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ॥ -*** (੪੬੫)

Sri Satguru Jagjit Singh Ji eLibrary NamdhariElibrary@gmail.com

# ਸਤਿਗੁਰ ਤੇ ਕਰਣੀ ਕਮਾਣੀ

*"ਗੁਰਿ ਕਹਿਆ ਸਾ ਕਾਰ ਕਮਾਵਹੁ"* (੯੩੩) ਦੀ ਗਹਿਰੀ ਵੀਚਾਰ ਸਮਝਾਉਣ ਵਾਸਤੇ ਜੀਵ ਨੂੰ ਪਹਿਲਾਂ ਤਾਂ ਕੁਝ ਦਿਨ ਆਪਣੇ ਹੀ ਘਰ ਰੱਖ ਕੇ ਰਹਿਣ ਸਹਿਣ ਦੀ ਜਾਚ ਸਿਖਾਈ ਕਿਉਂ ਜਿਹੜਾ ਗੁਰੂ ਦੇ ਘਰ ਰਹਿਣਾ ਸਿਖ ਲਵੇ ਉਹ ਫਿਰ ਦਰਗਾਹੇ ਵੀ ਪ੍ਰਵਾਣ ਚੜ੍ਹ ਜਾਂਦਾ ਹੈ। ਗੁਰੂ ਦੇ ਘਰ ਰਹਿਣ ਦੀ ਮਰਿਯਾਦਾ ਵੀ ਬਹੁਤ ਜ਼ਰੂਰੀ ਹੈ।

*"ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥*
*ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥*
*ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥*
*ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥*

(ਸੁਖਮਨੀ ਸਾਹਿਬ)

ਜਦੋਂ ਗੁਰੂ ਦੇ ਘਰ ਰਹਿਣ ਦਾ ਸਬਕ ਸਿਖ ਲਿਆ, ਫਿਰ ਗੁਰੂ ਪਾਤਿਸ਼ਾਹ ਜੀ ਨੇ ਇਕ ਹੋਰ ਵੀਚਾਰ ਸਮਝਾਈ ਕਿ ਭਾਈ ਇਹ ਭਰਮ ਵੀ ਆਪਣਾ ਦੂਰ ਕਰ ਕਿ ਮੈਨੂੰ ਕੋਈ ਆਪਣਾ ਸ਼ੌਂਕ ਹੈ ਕਿ ਤੂੰ ਮੇਰੀ ਆਗਿਆ ਵਿਚ ਚਲੇਂ। ਨਹੀਂ ਪਿਆਰਿਆ, ਇਹ ਤਾਂ ਅਸਲ ਵਿਚ ਤੇਰੀ ਗਲਤੀ ਦਾ ਹੀ ਸੁਧਾਰ ਹੈ। ਜਿਸ ਦਿਨ ਸੱਚੇ ਸਾਂਈ ਨੇ ਖੇਡਣ ਲਈ ਭੇਜਿਆ ਸੀ ਉਸ ਦਿਨ ਹੀ ਤੇਰੇ ਨਾਲ ਇਕ ਹੁਕਮ ਵੀ ਲਿਖ ਦਿੱਤਾ ਸੀ ਕਿ ਤੈਨੂੰ ਆਗਿਆ ਭਾਵ ਰੱਬੀ ਹੁਕਮ ਵਿਚ ਰਹਿਣਾ ਪਵੇਗਾ, ਇਸ ਤਰ੍ਹਾਂ ਤੂੰ ਕਦੇ ਮੈਲਾ ਨਹੀਂ ਹੋਵੇਂਗਾ। ਪਰ ਤੂੰ ਉਸ ਰੱਬੀ ਹੁਕਮ ਨੂੰ ਤੋੜਨ ਦੀ ਕੋਸ਼ਿਸ਼ ਕਰਨ ਲਈ ਦੋਸ਼ੀ ਬਣਾ ਦਿੱਤਾ ਗਿਆ, ਸਾਰਾ ਦੁੱਖ ਹੀ ਇਸ ਗੱਲ ਦਾ ਸੀ। ਮੈਂ ਤੈਨੂੰ *"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥"* ਅਰਥਾਤ, ਉਹ ਜਿਹੜਾ ਹੁਕਮ ਲਿਖਿਆ ਹੋਇਆ ਹੈ ਉਸ ਦੀ ਹੀ ਪਹਿਚਾਣ ਕਰਵਾਉਣ ਵਾਲਾ ਹਾਂ ਕਿਉਂਕਿ—

*ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ॥*
*ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ॥* (੪੦੦)

ਇਨ੍ਹਾਂ ਵਿਚੋਂ ਕੋਈ ਵੀ ਹੁਕਮ ਮੈਂ ਆਪਣੀ ਮਰਜ਼ੀ ਨਾਲ ਨਹੀਂ ਬਲਕਿ ਪ੍ਰਭੂ ਦਰ ਕਬੂਲ ਪੈ ਜਾਣ ਲਈ, ਰੱਬੀ ਹੁਕਮ ਨੂੰ ਹੀ ਸਮਝਾ ਰਿਹਾ ਹਾਂ। ਇਸ ਲਈ ਇਹ ਹੁਕਮ ਮੇਰਾ ਨਹੀਂ ਬਲਕਿ ਉਸੇ ਮਾਲਿਕ ਦਾ ਹੈ।

*"ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ॥"* (੪੨੧)

ਅੱਜ ਤੋਂ ਬਾਅਦ ਤੇਰੀ ਜ਼ਿੰਦਗੀ ਦਾ ਹਰ ਪਲ ਸੱਚੇ ਪ੍ਰੀਤਮ ਦੇ ਹੁਕਮ ਅਨੁਸਾਰ ਹੀ ਗੁਜ਼ਰੇ, ਇਸ ਲਈ ਹੁਣ ਜਾਗਣਾ ਵੀ ਹੁਕਮ ਵਿਚ, ਸੌਣਾ ਵੀ, ਖਾਣਾ ਵੀ, ਪਹਿਨਣਾ ਵੀ, ਬੋਲਣਾ ਵੀ 'ਤੇ ਕਾਰੋਬਾਰ ਵੀ ਭਾਵ ਸਭ ਕੁਝ ਬਦਲਾਉਣਾ ਪਵੇਗਾ।

ਗੁਰੂ ਅਨੁਸਾਰ ਜਾਗਣ ਦਾ ਅਰਥ-

*ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ॥* (੧੦੧੮)

**ਸਉਣਾ ਵੀ-**

*ਬਾਬਾ ਹੋਰੁ ਸਉਣਾ ਖੁਸੀ ਖੁਆਰੁ॥*
*ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥* (੧੭)

**ਖਾਣਾ -**

*ਬਾਬਾ ਹੋਰੁ ਖਾਣਾ ਖੁਸ਼ੀ ਖੁਆਰੁ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥*

**ਪਹਿਨਣਾ -**

*ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ॥*
*ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ॥* (੧੪੨੫)

**ਬੋਲਣਾ -**

*ਬਾਬਾ ਬੋਲੀਐ ਪਤਿ ਹੋਇ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ॥* (੧੫)

*ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥ ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥"* (੪੮੮)

**ਕਾਰੋਬਾਰ -**

*"ਕਰਿ ਮਨ ਮੇਰੇ ਸਤਿ ਬਿਉਹਾਰ॥* (੨੮੧)

*"ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ॥ ਹਰਿ ਕੀਰਤਨ ਮਹਿ ਏਹੁ ਮਨੁ ਜਾਗੈ॥"* (੧੯੯)

ਇਸ ਤਰ੍ਹਾਂ ਸਮੁੱਚੇ ਜੀਵਨ ਦੇ ਕਰਮ ਹੀ ਬਦਲ ਗਏ। ਅਗਲੀ ਗੱਲ ਸਤਿਗੁਰੂ ਜੀ ਨੇ ਹੋਰ ਸਮਝਾਈ ਕਿ ਅੱਜ ਤੋਂ ਰੱਬ 'ਤੇ ਸ਼ੱਕ ਕਰਨੀ ਵੀ ਛੱਡ ਦੇ, ਉਹ ਤਾਂ ਸਭ ਕੁਝ ਜੀਵ ਦੇ ਭਲੇ ਲਈ ਹੀ ਕਰਦਾ ਹੈ ਕਿਉਂਕਿ ਚੰਗਾ ਕਰਨਾ ਤਾਂ ਉਸ ਦਾ ਮੁੱਢ ਕਦੀਮਾਂ ਦਾ ਸੁਭਾਅ ਹੈ। *"ਆਪ ਭਲਾ ਕਰਤੂਤਿ ਅਤਿ ਨੀਕੀ॥"* ਇਸ ਰੱਬੀ ਹੁਕਮ ਦੀ ਵੀ ਜਦੋਂ ਗੁਰੂ ਜੀ ਕੋਲੋਂ ਪਹਿਚਾਣ ਕਰ ਲਈ ਤਾਂ ਸਮਝ ਲੱਗੀ, ਫਿਰ ਆਪ ਵੀ ਗੁਰੂ ਜੀ ਦੀ ਬਖ਼ਸ਼ੀ ਮਤਿ ਅਨੁਸਾਰ ਕਹਿ

Sri Satguru Jagjit Singh Ji eLibrary NamdhariElibrary@gmail.com

ਉਠਿਆ ਕਿ-

*"ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ॥*
*ਤੁਮ ਸੁਖਦਾਈ ਪੁਰਖ ਬਿਧਾਤੇ ਤੁਮ ਰਾਖਹੁ ਅਪੁਨੇ ਬਾਲਾ॥"* (੬੧੩)
*ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ॥* (੮੦੯)
*ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ॥*
*ਮੀਤੁ ਕਰੈ ਸੋਈ ਹਮ ਮਾਨਾ॥ ਮੀਤ ਕੇ ਕਰਤਬ ਕੁਸਲ ਸਮਾਨਾ॥* (੧੮੭)

ਹੁਣ ਤਾਂ ਅਜਿਹੀ ਦਸ਼ਾ ਵੀ ਬਣ ਗਈ ਕਿ ਆਪ ਹੀ ਅਰਦਾਸ ਕਰਨ ਲੱਗ ਪਿਆ ਕਿ ਰਜ਼ਾ ਵਿਚ ਰੱਖ ਕੇ ਜੇਕਰ ਰਾਜ ਵੀ ਬਖਸ਼ਿਸ਼ ਕਰੋਗੇ ਤਾਂ ਮੈਂ ਰਾਜ ਤਖ਼ਤ 'ਤੇ ਬੈਠ ਕੇ ਵੀ ਹੰਕਾਰੀ ਨਹੀਂ ਬਲਕਿ ਆਗਿਆਕਾਰੀ ਰਹਿਣਾ ਚਾਵਾਂਗਾ। ਰਾਜ ਤਖ਼ਤ 'ਤੇ ਬੈਠਿਆਂ ਮਿਲੀ ਵਡਿਆਈ ਹੇ ਵਾਹਿਗੁਰੂ ਜੀ! ਆਪ ਜੀ ਦੀ ਹੀ ਵਡਿਆਈ ਹੈ। ਦੂਜੇ ਪਾਸੇ ਜੇਕਰ ਰਾਜ ਤਖ਼ਤ ਤੋਂ ਚੁੱਕ ਕੇ ਫਿਰ ਹੱਥ ਬਾਟਾ ਪਕੜਾ ਕੇ ਘਰ ਘਰ ਮੰਗਣ ਲਈ ਭੇਜ ਦੇਵੇਂਗਾ ਤਾਂ ਮੈਂ ਇਹ ਨਹੀਂ ਕਹਾਂਗਾ ਕਿ ਕਿਥੇ ਮੈਂ ਰਾਜਾ ਸਾਂ ਤੇ ਕਿਥੇ ਅੱਜ ਮੰਗਤਾ ਬਣਾ ਦਿੱਤਾ, ਨਹੀਂ, ਮੈਂ ਤਾਂ ਸਗੋਂ ਦੋਨਾਂ ਹਾਲਤਾਂ ਵਿਚ ਹੀ ਰਾਜ਼ੀ ਰਹਿਣਾ ਚਾਹਾਂਗਾ।

*ਜੌ ਰਾਜੁ ਦੇਹਿ ਤ ਕਵਨ ਬਡਾਈ॥ ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ॥* (੫੨੫)

ਗੁਰ ਕੇ ਗ੍ਰਿਹ ਵਿਚ ਰਹਿੰਦਿਆਂ ਇਕ ਹੋਰ ਸਿਖਿਆ ਸਤਿਗੁਰੂ ਜੀ ਨੇ ਬਖ਼ਸ਼ਿਸ਼ ਕੀਤੀ ਕਿ ਉਹ ਲੋਕ, ਮਾਲਿਕ ਨੂੰ ਬਿਲਕੁਲ ਚੰਗੇ ਨਹੀਂ ਲੱਗਦੇ ਜਿਹੜੇ ਅੰਦਰੋਂ ਕੁਝ ਹੋਰ ਤੇ ਬਾਹਰੋਂ ਕੁਝ ਹੋਰ ਹੁੰਦੇ ਹਨ। ਹਰ ਹਿਰਦੇ ਦੀ ਜਾਨਣ ਵਾਲੇ ਅੰਤਰਜਾਮੀ ਨੂੰ ਤਾਂ ਉਹੋ ਹੀ ਪਿਆਰੇ ਹਨ, ਜਿਹੜੇ ਦਿਲੋਂ ਰੱਬੀ ਪ੍ਰੇਮ ਵਿਚ ਜੁੜੇ ਰਹਿੰਦੇ ਹਨ।

*"ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥*
*ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥"* (੪੮੮)

ਇਸ ਲਈ ਇਥੇ ਸਿਰਫ ਬਾਹਰੀ ਦਿੱਸਣ ਵਾਲਾ ਰੂਪ ਹੀ ਨਹੀਂ ਬਲਕਿ ਹਿਰਦੇ ਤੋਂ ਅਜਿਹਾ ਬਣਨਾ ਪੈਂਦਾ ਹੈ। ਉਸ ਰੱਬੀ ਦਰਬਾਰ ਵਿਚ ਹਿਰਦੇ ਦੀ ਰਹਿਤ ਪ੍ਰਥਮ ਮੰਨੀ ਜਾਂਦੀ ਹੈ। ਇਸ ਸੰਸਾਰ ਵਿਚ ਆਏ ਹੋਏ ਜੀਵ ਕਈ ਵਾਰੀ ਸੰਸਾਰ ਦੀ ਝੂਠੀ ਉਪਮਾ ਵਿਚ ਫੱਸ ਕੇ ਸਿਰਫ ਬਾਹਰੀ ਦਿੱਸਣ ਵਾਲੀ ਹੀ ਰਹਿਤ ਰੱਖਣ ਲੱਗ ਪੈਂਦੇ ਹਨ। ਜਿਸ ਨਾਲ ਸੰਸਾਰਕ ਜੀਵ ਤਾਂ ਖੁਸ਼ ਹੋ ਸਕਦੇ ਹਨ ਪਰ ਨਿਰੰਕਾਰ ਨਹੀਂ ਕਿਉਂਕਿ ਉਹ ਤਾਂ ਅੰਤਰਜਾਮੀ ਹੈ। ਇਸ ਲਈ ਇਨ੍ਹਾਂ ਜੀਵਾਂ ਦੀ ਦਸ਼ਾ ਇਸ ਤਰ੍ਹਾਂ ਦੀ ਹੈ।

*ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥*
*ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥* (੧੩੬੫)

ਇਸ ਦੁਨੀ ਮਗਰ ਲੱਗੇ ਹਰ ਜੀਵ ਦਾ ਦੀਨ ਬਰਬਾਦ ਹੋ ਜਾਂਦਾ ਹੈ, ਜਿਹੜੇ ਸੰਸਾਰਕ

Sri Satguru Jagjit Singh Ji eLibrary NamdhariElibrary@gmail.com

ਉਪਮਾ ਤੋਂ ਉਪਰ ਉਠ ਕੇ ਸਾਂਈ ਨਾਲ ਪ੍ਰੀਤ ਪਾ ਲੈਂਦੇ ਹਨ, ਉਹ ਤਾਂ ਫਿਰ ਦੁਨੀਆਂ ਦੀ ਪ੍ਰਵਾਹ ਨਹੀਂ ਕਰਦੇ ਬਲਕਿ ਆਖਦੇ ਹਨ ਕਿ-

*ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥* (੫੨੮)
*ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ॥* (੪੫)
*ਦੀਨੁ ਛਡਾਇ ਦੁਨੀ ਜੋ ਲਾਏ॥ ਦੁਹੀ ਸਰਾਈ ਖੁਨਾਮੀ ਕਹਾਏ॥* (੭੪੩)

ਜੀਵ ਦੀ ਜ਼ਿੰਦਗੀ ਦਾ ਇਕ ਹੋਰ ਬਹੁਤ ਵੱਡਾ ਦੁਖਾਂਤ ਹੈ। ਜੇ ਕਿਧਰੇ ਗੁਰੂ ਦੀ ਬਖ਼ਸ਼ਿਸ਼ ਤੋਂ ਸੱਖਣਾ ਰਹਿ ਜਾਏ ਤਾਂ ਅਸਲੀਅਤ ਤੋਂ ਵੀ ਸੱਖਣਾ ਰਹਿ ਜਾਂਦਾ ਹੈ। ਗੁਰੂ ਜੀ ਤੋਂ ਬਿਨਾਂ ਕਦੇ ਵੀ ਅਸਲੀਅਤ ਸਮਝ ਨਹੀਂ ਲੱਗ ਸਕਦੀ। ਜੀਵ ਤਾਂ ਵਿਚਾਰਾ ਜੋ ਕੁਝ ਬਾਹਰ ਦਿੱਸਦਾ ਹੈ, ਬਸ ਉਸੇ 'ਤੇ ਹੀ ਭਰੋਸਾ ਕਰ ਲੈਂਦਾ ਹੈ। ਪਰ ਸੱਚ ਇਹ ਹੈ ਕਿ ਜੋ ਦਿੱਸਦਾ ਹੈ ਉਹ ਅਸਲ ਵਿਚ ਉਹ ਨਹੀਂ, ਜੋ ਨਜ਼ਰ ਆਉਂਦਾ ਹੈ, ਇਸ ਅਵਸਥਾ ਦਾ ਨਾਂ ਹੀ ਭਰਮ ਹੈ। ਜਦੋਂ ਸਤਿਗੁਰੂ ਜੀ ਨੇ ਭਰਮ ਗੜ੍ਹ ਤੋੜ ਦਿਤਾ ਫਿਰ ਮਾਇਆ ਦੀ ਅਸਲੀਅਤ, ਸੰਸਾਰ ਦੀ ਅਸਲੀਅਤ ਸਮਝ ਲੱਗ ਗਈ, ਜਿਸ ਸੰਸਾਰ ਨੂੰ ਸਦੀਵੀ ਸਮਝਦਾ ਸੀ, ਹੁਣ ਉਸ ਦੀ ਪਹਿਚਾਣ ਹੋਈ।

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥*
*ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ॥*
*ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ॥*
*ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ॥*
*ਜਿਨ ਪੂਰਾ ਸਤਿਗੁਰੁ ਸੇਵਿਆ ਸੇ ਅਸਥਿਰੁ ਹਰਿ ਦੁਆਰਿ॥* (੮੦੮)

ਜਾਂ

*"ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥*
*ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥* (੧੪੨੭)
*ਰੇ ਨਰ ਇਹ ਸਾਚੀ ਜੀਅ ਧਾਰਿ॥*
*ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ॥ ੧॥ ਰਹਾਉ॥*
*ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ॥*
*ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ॥* (੬੩੩)

ਅਸਲੀਅਤ ਨੂੰ ਜਾਨਣ ਮਗਰੋਂ ਆਪ ਵੀ ਕਦੇ ਕਦਾਈਂ ਆਪਣੇ ਆਪ ਨੂੰ ਹੀ ਕਹਿ ਉਠਦਾ ਹੈ ਕਿ-

*ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥*
*ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥*
*ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥*
*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥*

***ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ॥***
***ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ॥*** (੯੧੮)

ਇਹ ਵੀਚਾਰ ਹਮੇਸ਼ਾਂ ਯਾਦ ਰੱਖਣੀ ਚਾਹੀਦੀ ਹੈ ਕਿ ਗੁਰੂ ਕੋਲ ਧਰਮ ਹੁੰਦਾ ਹੈ। ਗੁਰੂ ਜੀ ਧਰਮ ਦੇਣ ਤੋਂ ਪਹਿਲਾਂ ਭਰਮ ਤੋੜਦੇ ਹਨ। ਗੁਰੂ ਕੋਲ ਰਹਿੰਦੇ ਜੀਵ ਅੰਦਰ ਭਰਮ ਨਹੀਂ ਬਲਕਿ ਧਰਮ ਦਾ ਨਿਵਾਸ ਹੁੰਦਾ ਹੈ।

ਜੋਤਿ ਅਤੇ ਜੁਗਤਿ ਦੇ ਸੁਮੇਲ ਦਾ ਨਾਂ ਗੁਰੂ ਹੁੰਦਾ ਹੈ। ਜੋਤਿ ਤੋਂ ਭਾਵ ਗੁਰੂ ਜੀ ਗਿਆਨ ਦਾ ਚਾਨਣ ਵੰਡਦੇ ਹਨ। ਗੁਰੂ ਕੋਲ ਆ ਕੇ ਹਰ ਤਰ੍ਹਾਂ ਦਾ ਹਨੇਰਾ ਦੂਰ ਹੋ ਜਾਂਦਾ ਹੈ। ਹਨੇਰਾ ਹੀ ਹਮੇਸ਼ਾਂ ਇਨਸਾਨੀਅਤ ਦਾ ਦੁਸ਼ਮਣ ਰਿਹਾ ਹੈ। ਲੋਕਾਈ ਲੁੱਟੀ ਹੀ ਹਨੇਰੇ ਕਾਰਣ ਜਾਂਦੀ ਹੈ, ਇਸ ਲਈ ਗੁਰੂ ਜੀ ਹਨੇਰਾ ਦੂਰ ਕਰ ਦਿੰਦੇ ਹਨ। ਦੂਸਰਾ ਜੁਗਤਿ ਤੋਂ ਮੁਰਾਦ, ਹਰ ਕੰਮ ਕਰਨ ਦਾ ਤਰੀਕਾ ਹੁੰਦਾ ਹੈ। ਕੰਮ ਕਰਨ ਵਾਲੇ ਤੋਂ ਵੀ ਵੱਧ ਕੀਮਤੀ ਉਹ ਲੋਕ ਗਿਣੇ ਜਾਂਦੇ ਹਨ ਜਿਹੜੇ ਤਕਨੀਕ ਦੇ ਮਾਹਰ ਹੁੰਦੇ ਹਨ। ਜੁਗਤੀ ਦਾ ਪੈਦਾ ਹੋਣਾ ਬਹੁਤ ਜ਼ਰੂਰੀ ਹੈ। ਸਤਿਗੁਰੂ ਜੀ ਹਮੇਸ਼ਾਂ ਜੁਗਤੀ ਬਖ਼ਸ਼ਿਸ਼ ਕਰਦੇ ਹਨ। ਜੀਵਨ ਗੁਜ਼ਾਰਨ ਲਈ ਵੀ ਜੁਗਤੀ ਦੀ ਲੋੜ ਹੈ। ਬਿਨਾਂ ਜੁਗਤਿ ਤੋਂ ਕਈ ਵਾਰੀ ਬਣਨ ਵਾਲਾ ਕਾਰਜ ਵੀ ਵਿਗੜ ਜਾਂਦਾ ਹੈ। ਇਨਾਂ ਕਰਮਾਂ ਦੇ ਕਾਰਨ ਹੀ ਵਿਛੋੜਾ ਪਿਆ ਸੀ ***"ਕਿਰਤਿ ਕਰਮ ਕੇ ਵੀਛੁੜੇ"*** ਨੂੰ ਹੁਣ ਅਜਿਹੀ ਜੁਗਤੀ ਨਾਲ ਕਰਨਾ ਹੈ ਕਿ ਜਿਹੜੇ ਕਰਮਾਂ ਨੇ ਵਿਛੋੜਿਆ ਸੀ ਉਹੋ ਹੀ ਮਿਲਾਪ ਵਿਚ ਸਹਾਈ ਹੋ ਜਾਣ। ਰੱਬੀ ਦਰਗਾਹ ਵਿਚ ਪਹੁੰਚਣ ਲਈ ਦੋ ਅਹਿਮ ਕਰਮ ਹਨ। ਪਹਿਲਾ ਸਿਮਰਨ ਭਾਵ ਨਾਮ ਜਪਣਾ ਅਤੇ ਦੂਜਾ ਸੇਵਾ ਕਰਨਾ। ਸਿਮਰਨ ਵੀ ਬਿਨਾਂ ਗੁਰੂ ਜੀ ਦੀ ਜੁਗਤੀ ਤੋਂ ਕਈ ਵਾਰੀ ਹੰਕਾਰ ਦੀ ਹੀ ਹੋਰ ਪ੍ਰਪੱਕਤਾ ਕਰ ਦਿੰਦਾ ਹੈ। ਜਦੋਂ ਜੀਵ ਇਕੱਲਾ ਨਾਮ ਜਪਦਾ ਹੈ ਤਾਂ ਇਹ ਹੰਕਾਰ ਜਨਮ ਲੈ ਲੈਂਦਾ ਹੈ ਤੇ ਭਾਵਨਾ ਬਣ ਜਾਂਦੀ ਹੈ ਕਿ ਮੈਂ ਬੰਦਗੀ ਕਰਦਾ ਹਾਂ, ਮੇਰੇ ਵਰਗਾ ਹੋਰ ਕੋਈ ਨਹੀਂ। ਇਸ ਤਰ੍ਹਾਂ ਬੰਦਗੀ ਦਾ ਰਸ ਆਉਣ ਦੀ ਥਾਂ ਸਗੋਂ ਜੀਵ ਸਾਕਤਾਂ ਵਾਲੀ ਬ੍ਰਿਤੀ ਦਾ ਧਾਰਨੀ ਹੋਣ ਕਰਕੇ ਰੱਬ ਦੇ ਨੇੜੇ ਹੋਣ ਦੀ ਬਜਾਇ ਸਗੋਂ ਦੂਰ ਹੋ ਜਾਂਦਾ ਹੈ ਕਿਉਂਕਿ ***"ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ"*** ਪਰ ਜਦੋਂ ਜੀਵ ਗੁਰੂ ਜੀ ਦੀ ਜੁਗਤੀ ਨਾਲ ਨਾਮ ਜਪਦਾ ਹੈ ਤਾਂ ਹੰਕਾਰ ਨਹੀਂ ਪੈਦਾ ਹੋ ਸਕਦਾ। ਸਤਿਗੁਰੂ ਜੀ ਦੋਵੇਂ ਕਾਰਜ ਕਰ ਦਿੰਦੇ ਹਨ ਅਰਥਾਤ, ਜਦੋਂ ਹੰਕਾਰ ਪੈਦਾ ਹੋਵੇ ਤਦ ਇਸ ਹਉਮੈ ਦੇ ਰੋਗ ਨੂੰ ਗੁਰੂ ਜੀ ਉਸੇ ਵਕਤ ਹੀ ਖਤਮ ਕਰ ਦਿੰਦੇ ਹਨ।

***'ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ॥*** (੯੫੭)

ਇਸ ਲਈ ਨਾਮ ਜਪਣ ਦਾ ਕਾਰਜ ਵੀ ਤਦ ਹੀ ਸੰਪੂਰਨ ਹੁੰਦਾ ਹੈ ਜਦੋਂ ਸਤਿਗੁਰੂ ਜੀ ਦੀ ਦੱਸੀ ਹਦਾਇਤ ਮੁਤਾਬਿਕ ਜਪਿਆ ਜਾਵੇ। ਇਸੇ ਕਾਰਣ ਤਾਂ ਨਾਮ ਜਪ ਕੇ ਵੀ ਕਈ ਵਾਰੀ ਮੰਜ਼ਿਲ ਨਹੀਂ ਪ੍ਰਾਪਤ ਹੁੰਦੀ। ਅਜਿਹਾ ਪੁਰਖ ਹਰਨਾਖਸ਼ ਆਦਿਕ ਬ੍ਰਿਤੀ ਦਾ ਮਾਲਿਕ ਬਣ ਜਾਂਦਾ ਹੈ।

*ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ॥*
*ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ॥* (੨੬੦)

ਦੂਸਰਾ ਕਾਰਜ ਸੇਵਾ ਕਰਦਿਆਂ ਵੀ ਬਹੁਤ ਜਲਦੀ ਜੀਵ ਧਰਮ ਦੇ ਮਾਰਗ ਤੋਂ ਥਿੜਕ ਜਾਂਦਾ ਹੈ ਪਰ ਜੇਕਰ ਗੁਰੂ ਜੀ ਦੀ ਦੱਸੀ ਜੁਗਤੀ ਅਨੁਸਾਰ ਸੇਵਾ ਕੀਤੀ ਜਾਵੇ ਤਾਂ ਅਜਿਹੀ ਸੇਵਾ ਪ੍ਰਮੇਸ਼ਰ ਦੇ ਚਰਨਾਂ ਵਿਚ ਜੀਵ ਦੀ ਥਾਂ ਬਣਾ ਦਿੰਦੀ ਹੈ। ਮਾਣ ਹੰਕਾਰ ਦਾ ਧਾਰਨੀ ਸੇਵਾਦਾਰ ਨਹੀਂ ਬਣ ਸਕਦਾ।

*ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ॥*
*ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ॥* (੫੧)

ਸੇਵਾ ਦੀ ਜੁਗਤੀ ਸਮਝਾਉਂਦਿਆਂ ਸਾਹਿਬ ਜੀ ਬਖ਼ਸ਼ਿਸ਼ ਕਰਦੇ ਹਨ ਕਿ-

*ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥*
*ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥*
*ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ॥* (੬੪੭)
*ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥*

ਜਾਂ

*ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥*
*ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ॥* (੩੧੪)

ਇਸ ਤਰ੍ਹਾਂ ਸਤਿਗੁਰੂ ਜੀ ਅਨੁਸਾਰ ਕਰਣੀ ਕਮਾਣੀ ਕਰਨ ਵਾਲਾ ਸੰਸਾਰ ਦਾ ਤਿਆਗੀ ਨਹੀਂ ਬਲਕਿ ਸੰਸਾਰਕ ਜੀਵਨ ਗੁਜ਼ਾਰਦਿਆਂ ਹੀ ਅਸਲ ਮੁਕਾਮ ਤੇ ਪਹੁੰਚ ਜਾਂਦਾ ਹੈ।

ਹੁਣ ਜੀਵ ਉਹੋ ਕੁਝ ਕਰਨ ਲੱਗ ਪਿਆ ਜੋ ਸਤਿਗੁਰੂ ਜੀ ਆਖਦੇ ਹਨ। ਰੱਬੀ ਹੁਕਮ ਵਿਚ ਟੁਰਨ ਦਾ ਸਾਰਾ ਸਬਕ ਸਿਖ ਲਿਆ ਹਰ ਕਾਰਜ ਕਰਨ ਤੋਂ ਪਹਿਲਾਂ ਅੱਗੇ ਆਪਣੇ ਮਨ ਦੀ ਮਰਜ਼ੀ ਕਰਦਾ ਸੀ

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥* (੫੨੨)

ਪਰ ਹੁਣ ਮਨ ਦੀ ਮਰਜ਼ੀ ਛੱਡ ਕੇ ਗੁਰੂ ਦੀ ਮਰਜ਼ੀ ਅਨੁਸਾਰ ਜੀਵਨ ਢਾਲ ਲਿਆ। ਹਰ ਕਾਰਜ ਵਿਚ ਮਨ ਨੂੰ ਹੀ ਅੱਗੇ ਰੱਖਣ ਵਾਲਾ ਮਨਮੁੱਖ ਹੁੰਦਾ ਹੈ ਅਤੇ ਹਰ ਕਾਰਜ ਵਿਚ ਗੁਰੂ ਨੂੰ ਮੁਖ ਰੱਖਣ ਵਾਲਾ ਗੁਰਮੁਖ ਹੁੰਦਾ ਹੈ।

*ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ॥* (੭੪)

# ਸਤਸੰਗਤਿ

ਹਰ ਇਕ ਰੋਗ ਮੌਤ ਦੇ ਨੇੜੇ ਕਰ ਦਿੰਦਾ ਹੈ। ਜਿਸ ਕਰਕੇ ਆਮ ਪੁਰਖ ਰੋਗ ਤੋਂ ਬਹੁਤ ਡਰਦਾ ਹੈ। ਪਰ ਤ੍ਰਿਸ਼ਨਾ ਇਕ ਅਜਿਹਾ ਰੋਗ ਹੈ ਜਿਹੜਾ ਮੌਤ ਨੂੰ ਸਗੋਂ ਭੁਲਾ ਦਿੰਦਾ ਹੈ। ਤ੍ਰਿਸ਼ਨਾ ਦਾ ਰੋਗੀ ਤਾਂ ਸਗੋਂ ਸੋਚਦਾ ਹੈ ਕਿ ਦੂਜਿਆਂ ਨੇ ਮਰਨਾ ਹੈ ਪਰ ਮੈਂ ਨਹੀਂ ਮਰਨਾ। ਇਸੇ ਲਈ ਹਜ਼ੂਰ ਬਚਨ ਆਖਦੇ ਹਨ ਕਿ

***ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥*** (੯੧੮)

ਇਸ ਤ੍ਰਿਸ਼ਨਾ ਦੇ ਰੋਗ ਨਾਲ ਹੀ ਇਕ ਹੋਰ ਰੋਗ ***"ਹਉਮੈ ਦੀਰਘ ਰੋਗੁ ਹੈ"*** ਪੈਦਾ ਹੋ ਜਾਂਦਾ ਹੈ। ਤ੍ਰਿਸ਼ਨਾ ਦੇ ਰੋਗ ਨੇ ਮਰਣ ਵਿਸਾਰ ਦਿੱਤਾ ਸੀ। ਹਉਮੈ ਦੇ ਰੋਗ ਨੇ ਰੱਬ ਹੀ ਭੁਲਾ ਦਿੱਤਾ। ਪ੍ਰਮੇਸ਼ਰ ਦੀ ਯਾਦ ਭੁਲ ਜਾਣ ਕਰਕੇ ਫਿਰ ਤਾਂ ਅਨੇਕਾਂ ਹੀ ਰੋਗ ਲੱਗ ਗਏ ਜਿਨ੍ਹਾਂ ਦੀ ਗਿਣਤੀ ਵੀ ਔਖੀ ਹੈ।

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥"*** (੧੩੫)

ਇਸ ਤਰ੍ਹਾਂ ਰੋਗੀ ਹੋਇਆ ਜੀਵ ਦਿਨ ਰਾਤ ਦੁੱਖਾਂ ਵਿਚ ਬਤੀਤ ਕਰਦਾ ਹੈ। ਪਰ ਜਿਹੜਾ ਜੀਵ

***ਗੁਰਿ ਕਹਿਆ ਸਾ ਕਾਰ ਕਮਾਵਹੁ॥*** (੮੩੨)

ਦੇ ਮਾਰਗ 'ਤੇ ਤੁਰ ਪੈਂਦਾ ਹੈ ਤਾਂ ਫਿਰ ਅਜਿਹੇ ਜੀਵ ਦੇ ਸਮੁੱਚੇ ਦੁੱਖਾਂ ਰੋਗਾਂ ਦਾ ਖਾਤਮਾ ਕਰਨਾ ਤਾਂ ਸਤਿਗੁਰੂ ਜੀ ਦਾ ਅਹਿਮ ਕਰਮ ਹੋ ਜਾਂਦਾ ਹੈ।

ਆਮ ਰੋਜ਼ਾਨਾ ਦੀ ਜ਼ਿੰਦਗੀ ਵਿਚ ਦੇਖਦੇ ਹਾਂ ਕਿ ਨਿਕੇ ਮੋਟੇ ਰੋਗ ਦਾ ਇਲਾਜ ਤਾਂ ਸੌਖਾ ਹੋ ਜਾਂਦਾ ਹੈ ਪਰ ਜੇਕਰ ਰੋਗ ਵਿਚੋਂ ਰੋਗ ਨਿਕਲ ਨਿਕਲ ਕੇ ਕਈ ਰੋਗ ਬਣ ਜਾਣ ਤਾਂ ਅਜਿਹੇ ਰੋਗੀ ਨੂੰ ਤਾਂ ਫਿਰ ਹਸਪਤਾਲ ਵਿਚ ਹੀ ਦਾਖ਼ਲ ਕਰਵਾ ਲਿਆ ਜਾਂਦਾ ਹੈ ਜਿਥੇ ਕਿ ਪੂਰਨ ਨਿਗਰਾਨੀ ਨਾਲ ਇਲਾਜ ਕੀਤਾ ਜਾ ਸਕੇ। ਬਸ ਇਸ ਤਰ੍ਹਾਂ ਹੀ ਸਤਿਗੁਰੂ ਜੀ ਅਜਿਹੇ ਜੀਵ ਦਾ ਪੂਰਨ ਇਲਾਜ ਆਪਣੀ ਨਿਗਰਾਨੀ ਵਿਚ ਸਤਸੰਗਤਿ ਰੂਪ ਹਸਪਤਾਲ ਵਿਚ ਕਰਦੇ ਹਨ। ਬਾਹਰ ਕਈ ਵਾਰੀ ਰੋਗੀ ਅਜਿਹਾ ਵੀ ਖਾ ਲੈਂਦਾ ਹੈ ਜਿਸ ਨਾਲ ਰੋਗ ਹੋਰ ਵੱਧ ਜਾਵੇ ਪਰ ਹਸਪਤਾਲ ਵਿਚ ਸਹੀ ਖੁਰਾਕ ਹੀ ਦਿੱਤੀ ਜਾਂਦੀ ਹੈ। ਜੀਵ ਵੀ ਸਤਸੰਗਤਿ ਤੋਂ ਬਾਹਰ ਰਹਿ ਕੇ ਹੀ ਅਜਿਹਾ ਰੋਗੀ ਬਣਦਾ ਹੈ ਕਿਉਂਕਿ ਬਾਹਰ ਰੱਬ ਦੀ ਯਾਦ ਨਹੀਂ ਹੁੰਦੀ।

Sri Satguru Jagjit Singh Ji eLibrary NamdhariElibrary@gmail.com

**ਖਸਮੁ ਵਿਸਾਰਿ ਕੀਏ ਰਸ ਭੋਗ॥ ਤਾਂ ਤਨਿ ਉਠਿ ਖਲੋਏ ਰੋਗ॥** (੧੨੫੬)
**ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥** (੯੫)

ਮੈਲ ਹੀ ਤਾਂ ਰੋਗ ਵਧਾਉਂਦੀ ਹੈ, ਇਸੇ ਲਈ ਸਫ਼ਾਈ ਤੇ ਜ਼ੋਰ ਦਿੱਤਾ ਜਾਂਦਾ ਹੈ।

ਸਤਸੰਗਤਿ ਵਿਚ ਰੱਖ ਕੇ ਮੇਰੇ "**ਵੈਦ ਗੁਰੂ ਗੋਬਿੰਦਾ**" ਜੀ ਨੇ ਅਜਿਹੀ ਨਾਮ ਰੂਪ ਦਵਾਈ ਦਿੱਤੀ ਜਿਸ ਨਾਲ ਸਭ ਤੋਂ ਪਹਿਲਾ ਤ੍ਰਿਸ਼ਨਾ ਦਾ ਹੀ ਰੋਗ ਖਤਮ ਹੋ ਗਿਆ, ਪੂਰਨ ਰੋਗ ਕਟਿਆ ਗਿਆ।

**ਤ੍ਰਿਸਨਾ ਬੁਝੈ ਹਰਿ ਕੈ ਨਾਮਿ॥"**
**ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ॥** (੬੮੨)

ਜੀਵ ਵਿਚਾਰੇ ਨੂੰ ਪਤਾ ਨਹੀਂ ਸੀ ਕਿ ਤ੍ਰਿਸ਼ਨਾ ਦੇ ਰੋਗ ਦਾ ਇਲਾਜ ਕੀ ਹੈ? ਇਹ ਤਾਂ ਬਲਕਿ ਪਦਾਰਥਾਂ ਦੀ ਪ੍ਰਾਪਤੀ ਕਰਕੇ ਇਲਾਜ ਕਰਨਾ ਚਾਹੁੰਦਾ ਸੀ। ਗਿਆਨ ਨਾ ਹੋਣ ਕਰਕੇ ਗਲਤੀ ਕਰਦਾ ਸੀ ਤੇ ਸਮਝਦਾ ਸੀ ਕਿ ਸ਼ਾਇਦ ਇਹ ਤ੍ਰਿਸ਼ਨਾ ਦੀ ਅੱਗ ਹੋਰ ਹੋਰ ਪਦਾਰਥਾਂ ਦਾ ਬਾਲਣ ਪਾਇਆਂ ਰੱਜ ਕੇ ਖਤਮ ਹੋ ਜਾਵੇਗੀ। ਪਰ ਸਾਰੇ ਉਪਰਾਲੇ ਕਰ ਹਾਰ ਗਿਆ ਸੀ।

**ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥ ਪਰੈ ਪਰੈ ਹੀ ਕਉ ਲੁਝੀ ਹੇ॥** (੨੧੩)
**ਸਹਸ ਖਟੇ ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥**
**ਅਨਿਕ ਭੋਗ ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ॥**
**ਬਿਨਾ ਸੰਤੋਖ ਨਹੀ ਕੋਊ ਰਾਜੈ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥** (੨੭੮)

ਸਤਿਗੁਰੂ ਜੀ ਕੋਲੋਂ ਮਿਲੀ ਸਤਸੰਗਤਿ ਵਿਚ ਰਹਿੰਦਿਆਂ ਨਾਮ ਰੂਪ ਦਵਾਈ ਨੇ ਸੰਤੋਖ ਪੈਦਾ ਕਰ ਦਿੱਤਾ। ਜਿਵੇਂ ਰੋਗ ਮਗਰੋਂ ਮਿਲੀ ਦੇਹ ਅਰੋਗਤਾ ਸ਼ਾਂਤੀ ਦਿੰਦੀ ਹੈ ਇਸੇ ਤਰ੍ਹਾਂ ਹੁਣ ਟਿਕਾਅ ਪੈਦਾ ਹੋ ਗਿਆ ਭਟਕਣਾ ਮੁਕ ਗਈ।

ਸੰਸਾਰੀ ਜੀਵਾਂ ਵਿਚ ਵਿਚਰਦਿਆਂ ਮਨੁੱਖ ਹਮੇਸ਼ਾਂ ਆਪਣੀ ਹੀ ਉਸਤਤਿ ਸੁਣਨਾ ਚਾਹੁੰਦਾ ਹੈ। ਜੇਕਰ ਦੂਜੇ ਦੀ ਗੱਲ ਸੁਣਾਂ ਤਾਂ ਉਹ ਨਿੰਦਾ ਹੀ ਹੋਵੇ, ਦੂਜੇ ਦੀ ਉਸਤਤਿ ਅਤੇ ਆਪਣੀ ਨਿੰਦਾ ਸੁਣਨੀ ਬਹੁਤ ਔਖੀ ਹੁੰਦੀ ਹੈ। ਸਤਸੰਗਤਿ ਵਿਚ ਆ ਕੇ ਤਾਂ ਗੱਲ ਹੀ ਦੂਜੇ ਭਾਵ ਪਰਮੇਸ਼ਰ ਦੀ ਕਰਨੀ ਹੈ। ਜਿਸ "ਤੇਰਾ" ਤੇ "ਤੂੰ" ਕਹਿਣ ਵਿਚ ਬਹੁਤ ਔਖ ਸਮਝਦਾ ਸੀ ਪਰ ਇਥੇ ਤਾਂ ਹੁਣ ਸਗੋਂ ਦਿਨ ਰਾਤਿ ਹੀ ਤੂੰ ਤੂੰ ਕਹਿਣ ਲਗਾ ਦਿੱਤਾ ਸਤਸੰਗਤਿ ਵਿਚ ਤਾਂ ਮੈਂ ਦੀ ਗੱਲ ਹੀ ਨਹੀਂ ਚਲਦੀ। ਇਸ ਰੋਗ ਤੋਂ ਵੀ ਸਹਿਜੇ ਸਹਿਜੇ ਨਜ਼ਾਤ ਪਾ ਲਈ, ਜਦੋਂ ਹਰ ਰੋਜ਼ ਸੰਗਤ ਵਿਚ ਬੈਠਾ ਕੇ ਸਤਿਗੁਰੂ ਜੀ ਨੇ ਇਹ ਦਵਾਈ ਦਿੱਤੀ-

**ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥**
**ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥** (੮੫੮)
**ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥**

***ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥*** (੧੩੭੫)

ਇਸ ਹਉਮੈ ਦੀਰਘ ਰੋਗ ਦਾ ਇਲਾਜ ਵੀ ਵਿਚੋਂ ਹੀ ਲੱਭ ਪਿਆ, ਜਦੋਂ ਸੱਚੇ ਸਾਂਈ ਦੀ ਕ੍ਰਿਪਾ ਦਾ ਸਦਕਾ ਸ਼ਬਦ ਦੀ ਕਮਾਈ ਕਰਨ ਲੱਗ ਪਿਆ। ਪਹਿਲਾ ਵੀ ਉਸਤਤਿ ਤੇ ਨਿੰਦਾ ਚੰਗੀ ਲੱਗਦੀ ਸੀ ਪਰ ਫ਼ਰਕ ਇਤਨਾ ਹੀ ਸੀ ਕਿ ਉਸਤਤਿ ਆਪਣੀ ਚੰਗੀ ਲੱਗਦੀ ਸੀ ਤੇ ਨਿੰਦਾ ਦੂਜੇ ਦੀ ਪਰ ਹੁਣ ਉਸਤਤਿ ਪ੍ਰਮੇਸ਼ਰ ਦੀ ਚੰਗੀ ਲਗਦੀ ਹੈ।

***"ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ॥***
***ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ॥*** (੬੨੨)

ਹੁਣ ਨਿੰਦਾ ਕਿਸੇ ਦੀ ਨਹੀਂ ਬਲਕਿ ਆਪਣੀ ਹੀ ਕਰਨ ਨੂੰ ਜੀ ਕਰਦਾ ਅਰਥਾਤ, ਅੱਗੇ ਕਿਸੇ ਦੀਆਂ ਕਮੀਆਂ ਵੇਖਦਾ ਸੀ ਪਰ ਹੁਣ ਆਪਣੀਆਂ ਹੀ ਕਮਜ਼ੋਰੀਆਂ ਪ੍ਰਤੱਖ ਦਿੱਸਣ ਲੱਗ ਪਈਆਂ, ਜਿਸ ਕਰਕੇ ਕਹਿ ਉਠਿਆ-

***ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਪ੍ਰਣਵਤਿ ਨਾਨਕੁ ਤਾਰੇ ਸੋਇ॥"*** (੭੨੮)

ਇਸ ਹਉਮੈ ਦੇ ਰੋਗ ਤੋਂ ਵੀ ਖਲਾਸੀ ਪਾ ਕੇ ***"ਮੈ ਨਾਹੀ ਪ੍ਰਭ ਸਭ ਕਿਛੁ ਤੇਰਾ"*** ਕਹਿਣ ਲੱਗ ਪਿਆ। ਇਹ ਦੋਵੇਂ ਭਿਆਨਕ ਰੋਗ ਜਿਹੜੇ ਪ੍ਰਭੂ ਦੀ ਯਾਦ ਨਹੀਂ ਸਨ ਆਉਣ ਦਿੰਦੇ ਖਤਮ ਹੋ ਗਏ। ਜਿਸ ਕਰਕੇ ਪ੍ਰਮੇਸ਼ਰ ਦੀ ਯਾਦ ਵੀ ਆਉਣ ਲੱਗ ਪਈ। ਪ੍ਰਭੂ ਦੀ ਯਾਦ ਕਾਰਨ ਹੀ ਜਿਹੜੇ ਬਾਕੀ ਰੋਗ ਸਨ ਉਹ ਵੀ ਇਕ ਇਕ ਕਰਕੇ ਬਿਨਸਦਾ ਗਿਆ। ਅੱਗੇ ਤਾਂ ਪਰਾਈ ਤਾਤ ਜਾਂ ਈਰਖਾ ਹਮੇਸ਼ਾਂ ਅੰਦਰ ਹੀ ਅੰਦਰ ਸਾੜਦੀ ਰਹਿੰਦੀ ਸੀ ਪਰ ਸਤਸੰਗਤਿ ਰੂਪ ਹਸਪਤਾਲ ਵਿਚੋਂ ਇਸ ਰੋਗ ਤੋਂ ਵੀ ਖਲਾਸੀ ਮਿਲ ਗਈ। ਹੁਣ-

***ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ॥ ੧ ॥ ਰਹਾਉ॥***
***ਨਾ ਕੋ ਬੈਰੀ ਨਹੀ ਬਿਗਾਨਾ॥ ਸਗਲ ਸੰਗਿ ਹਮ ਕਉ ਬਨਿ ਆਈ॥*** (੧੨੯੯)
***ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥***
***ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥*** (੧੩੪੯)
***ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥***
***ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥"*** (੬੭੧)

ਕਈ ਭਿਆਨਕ ਰੋਗਾਂ ਦੇ ਕਾਰਣ ਜੀਵ ਲੰਮਾ ਸਮਾਂ ਬਿਮਾਰ ਰਹਿਣ ਕਰਕੇ ਆਪਣੀ ਰਸਨਾ ਦਾ ਸੁਆਦ ਵੀ ਗਵਾ ਚੁੱਕਾ ਸੀ, ਹੁਣ ਤਾਂ ਜ਼ਹਿਰ ਮੀਠੀ ਲੱਗਦੀ ਸੀ। ਕੋਈ ਅੰਮ੍ਰਿਤ ਦੀ ਗੱਲ ਕਰਦਾ ਸੀ ਤਾਂ ਅੰਮ੍ਰਿਤ ਦੀ ਵੀਚਾਰ ਸਗੋਂ ਜ਼ਹਿਰ ਬਿਖ ਸਮਾਨ ਲਗਦੀ ਸੀ। ਜਿਵੇਂ ਮਲੇਰੀਏ ਦਾ ਰੋਗੀ ਬੁਖਾਰ ਮਗਰੋਂ ਕੁਝ ਵੀ ਖਾਂਦਾ ਹੈ ਤਾਂ ਸਭ ਕੁਝ ਕੌੜਾ ਜ਼ਹਿਰ ਲਗਦਾ ਹੈ। ਡਾਕਟਰ ਜਾਣਦਾ ਹੈ ਕਿ ਇਹ ਪਦਾਰਥ ਕੌੜੇ ਨਹੀਂ ਪਰ ਇਸ ਰੋਗੀ ਨੂੰ ਤਾਂ ਕੌੜੇ ਲਗਦੇ ਹਨ ਕਿਉਂਕਿ ਬੁਖਾਰ ਕਰਕੇ ਇਸ ਦੀ ਰਸਨਾ ਦਾ ਸੁਆਦ ਗੁਆਚ ਗਿਆ ਹੈ। ਡਾਕਟਰ ਇਲਾਜ

ਕਰਦਾ ਰਹਿੰਦਾ ਹੈ ਇਕ ਦਿਨ ਰੋਗੀ ਕਹਿ ਉਠਦਾ ਹੈ ਕਿ ਹੁਣ ਮੈਨੂੰ ਸਭ ਕੁਝ ਚੰਗਾ ਲਗਦਾ ਹੈ। ਇਸੇ ਤਰ੍ਹਾਂ ਜਦੋਂ ਤੱਕ ਜੀਵ ਸਾਕਤ ਬ੍ਰਿਤੀ ਦਾ ਧਾਰਨੀ ਰਹਿੰਦਾ ਹੈ ਤਾਂ ਇਸ ਦੀ ਦਸ਼ਾ ਅਜਿਹੀ ਹੁੰਦੀ ਹੈ ਕਿ

*ਅੰਮ੍ਰਿਤੁ ਕਉਰਾ ਬਿਖਿਆ ਮੀਠੀ॥ ਸਾਕਤ ਕੀ ਬਿਧਿ ਨੈਨਹੁ ਡੀਠੀ॥* (੮੯੨)

ਪਰ ਜਦੋਂ ਇਹ ਸਤਿਗੁਰੂ ਜੀ ਦੀ ਕ੍ਰਿਪਾ ਦਾ ਸਦਕਾ ਜਾਗ ਪੈਂਦਾ ਹੈ ਤਾਂ-

*ਸਾਧਸੰਗਿ ਮਨ ਸੋਵਤ ਜਾਗੇ॥ ਤਬ ਪ੍ਰਭ ਨਾਨਕ ਮੀਠੇ ਲਾਗੇ॥"* (੩੮੬)

*ਸੰਤਸੰਗਿ ਅੰਤਰਿ ਪ੍ਰਭੁ ਡੀਠਾ॥ ਨਾਮੁ ਪ੍ਰਭੂ ਕਾ ਲਾਗਾ ਮੀਠਾ॥"* (੨੯੩)

ਪ੍ਰਭੂ ਦਾ ਨਾਮ ਮਿੱਠਾ ਲਗਣ ਕਰਕੇ ਦੁਨੀਆਂ ਦੇ ਰਸਾਂ ਕਸਾਂ ਦੀ ਗੁਲਾਮੀ ਛੱਡ ਦਿੱਤੀ, ਹੁਣ ਪ੍ਰਮੇਸ਼ਰ ਦਾ ਨਾਮ ਹੀ ਅਜਿਹਾ ਰਸ ਦਿੰਦਾ ਹੈ, ਜਿਸ ਨਾਲ—

*ਰਾਰਾ ਰਸੁ ਨਿਰਸ ਕਰਿ ਜਾਨਿਆ॥ ਹੋਇ ਨਿਰਸ ਸੁ ਰਸੁ ਪਹਿਚਾਨਿਆ॥*
*ਇਹ ਰਸ ਛਾਡੇ ਉਹ ਰਸੁ ਆਵਾ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥* (੩੪੨)

*"ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ॥*
*ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ॥* (੭੦੮)

ਆਪ ਹੀ ਨਾਮ ਰਸ ਨਹੀਂ ਮਾਣਦਾ, ਸਗੋਂ ਹੋਰਾਂ ਨੂੰ ਵੀ ਕਹਿ ਸੁਣਾਉਣ ਲਗ ਪਿਆ।

*ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ॥*
*ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ॥* (੮੦੨)

ਸਾਧਸੰਗਤਿ ਰੂਪ ਹਸਪਤਾਲ ਤੋਂ ਮਿਲੀ ਦੇਹ ਅਰੋਗਤਾ ਨਾਲ ਪਹਿਲੀ ਵਾਰੀ ਅਜਿਹਾ ਸੁਖ ਮਾਣਿਆ। ਪਹਿਲਾਂ ਸੁਖਾਂ ਦੇ ਸਾਧਨ ਭਾਵੇਂ ਮਾਇਆ ਬਹੁਤ ਦਿੰਦੀ ਸੀ ਪਰ ਸੁਖ ਨਹੀਂ ਸੀ ਮਿਲਿਆ। ਅਸਲ ਵਿਚ ਮਾਇਆ ਨਿਤ ਦਿਹਾੜੇ ਨਵੇਂ ਤੋਂ ਨਵੇਂ ਸੁਖਾਂ ਦੇ ਸਾਧਨ ਦੇ ਦੇ ਕੇ ਜੀਵ ਨੂੰ ਆਪਣੀ ਹੀ ਮਮਤਾ ਵਿਚ ਉਲਝਾਈ ਰੱਖਦੀ ਸੀ ਪਰ ਸੱਚ ਇਹ ਹੈ—

*ਸੁਖੁ ਨਾਹੀ ਬਹੁਤੈ ਧਨਿ ਖਾਟੇ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ॥*
*ਸੁਖੁ ਨਾਹੀ ਬਹੁ ਦੇਸ ਕਮਾਏ॥ ਸਰਬ ਸੁਖਾ ਹਰਿ ਹਰਿ ਗੁਣ ਗਾਏ॥* (੧੧੪੭)

ਹਰੀ ਦੀ ਉਪਮਾਂ ਵਿਚੋਂ ਪੈਦਾ ਹੋਏ ਸੁਖ ਨੇ ਅਲਪ ਸੁਖਾਂ ਨੂੰ ਮਾਤ ਪਾ ਦਿੱਤਾ। ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ, ਗੁਰੂ ਜੀ ਵੱਲੋਂ ਬਖ਼ਸ਼ੀ ਨਾਮ ਅਉਖਧ ਤੇ ਸਤਸੰਗਤਿ ਰੂਪ ਹਸਪਤਾਲ ਵਿਚ ਹੋਈ ਸੇਵਾ ਸੰਭਾਲ ਦਾ ਸਦਕਾ ਅੰਦਰੂਨੀ ਬ੍ਰਿਤੀ ਹੀ ਤਬਦੀਲ ਕਰਕੇ ਰੱਖ ਦਿੱਤੀ।

*"ਐਸੋ ਗੁਨੁ ਮੇਰੋ ਪ੍ਰਭ ਜੀ ਕੀਨ॥*
*ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ॥ ਰਹਾਉ॥*
*ਬੰਧਨ ਤੋਰਿ ਛੋਰਿ ਬਿਖਿਆ ਤੇ ਗੁਰ ਕੋ ਸਬਦੁ ਮੇਰੈ ਹੀਅਰੈ ਦੀਨ॥*
*ਰੂਪੁ ਅਨਰੂਪੁ ਮੋਰੋ ਕਛੁ ਨ ਬੀਚਾਰਿਓ ਪ੍ਰੇਮ ਗਹਿਓ ਮੋਹਿ ਹਰਿ ਰੰਗ ਭੀਨ॥*

*ਪੇਖਿਓ ਲਾਲਨੁ ਪਾਟ ਬੀਚ ਖੋਏ ਅਨਦ ਚਿਤਾ ਹਰਖੇ ਪਤੀਨ॥*
*ਤਿਸ ਹੀ ਕੋ ਗ੍ਰਿਹੁ ਸੋਈ ਪ੍ਰਭੁ ਨਾਨਕ ਸੋ ਠਾਕੁਰੁ ਤਿਸ ਹੀ ਕੋ ਧੀਨ॥* (੭੧੬)

ਨਿਤਾਪ੍ਰਤੀ ਜ਼ਿੰਦਗੀ ਵਿਚ ਦੇਖਦੇ ਹਾਂ ਕਿ ਕੋਈ ਡਾਕਟਰ ਕਿਸੇ ਰੋਗ ਦਾ ਮਾਹਿਰ ਹੁੰਦਾ ਹੈ ਕੋਈ ਕਿਸੇ ਰੋਗ ਦਾ। ਪਰ ਮੇਰਾ ਸਤਿਗੁਰੂ ਤਾਂ ਸਾਰੇ ਰੋਗਾਂ ਦਾ ਮਾਹਿਰ ਡਾਕਟਰ ਹੈ ਇਥੇ ਆ ਕੇ ਤਾਂ ਸਾਰੇ ਹੀ ਰੋਗ ਕੱਟੇ ਜਾਂਦੇ ਹਨ। ਜਿਨ੍ਹਾਂ ਦੀ ਕਿਧਰੇ ਵੀ ਆਸ ਨਹੀਂ ਹੁੰਦੀ ਅਜਿਹੇ ਰੋਗੀ ਵੀ ਠੀਕ ਹੋ ਜਾਂਦੇ ਹਨ।

*ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥*
*ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥* (੪੮੬)

ਇਥੇ ਤਾਂ-

*ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥*
*ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥*
*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥* (੮੦੯)
*"ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥*
*ਨਿਰਮਲ ਹੋਏ ਕਰਿ ਇਸਨਾਨਾ॥ ਗੁਰਿ ਪੂਰੈ ਕੀਨੇ ਦਾਨਾ॥ ੧॥*
*ਸਭਿ ਕੁਸਲ ਖੇਮ ਪ੍ਰਭਿ ਧਾਰੇ॥*
*ਸਹੀ ਸਲਾਮਤਿ ਸਭਿ ਥੋਕ ਉਬਾਰੇ ਗੁਰ ਕਾ ਸਬਦੁ ਵੀਚਾਰੇ॥ ਰਹਾਉ॥*
*ਸਾਧਸੰਗਿ ਮਲੁ ਲਾਥੀ॥ ਪਾਰਬ੍ਰਹਮੁ ਭਇਓ ਸਾਥੀ॥*
*ਨਾਨਕ ਨਾਮੁ ਧਿਆਇਆ॥ ਆਦਿ ਪੁਰਖ ਪ੍ਰਭੁ ਪਾਇਆ॥* (੬੨੫)

ਸਾਧਸੰਗਤਿ ਵਿਚੋਂ ਇਸ ਤਰ੍ਹਾਂ ਦੇਹ ਅਰੋਗਤਾ ਪ੍ਰਾਪਤ ਕਰਕੇ ਦੁਨੀਆਂ ਦੇ ਬੰਧਨਾਂ ਤੇ ਵਿਕਾਰਾਂ ਦੀ ਪਕੜ ਵਿਚੋਂ ਨਿਕਲ ਕੇ ਅਗਲੇ ਪੰਧ ਲਈ ਫਿਰ ਸਤਿਗੁਰੂ ਜੀ ਦੀ ਬਖ਼ਸ਼ਿਸ਼ ਰੂਪ ਉਂਗਲ ਪਕੜ ਕੇ ਤੁਰ ਪਿਆ। ਤੁਰਦਾ ਤੁਰਦਾ ਸੋਚ ਦੀ ਲੜੀ ਵੀ ਨਾਲ ਨਾਲ ਲਈ ਜਾ ਰਿਹਾ ਹੈ ਕਿ ਸੰਸਾਰ, ਕਿਸ ਤਰ੍ਹਾਂ ਮਾਇਆ ਦਾ ਦੀਵਾਨਾ ਹੋ ਕੇ ਸੱਚ ਦੀ ਪਹਿਚਾਣ ਤੋਂ ਸੱਖਣਾ ਰਹਿ ਜਾਂਦਾ ਹੈ। ਸਤਿਸੰਗਤਿ ਤੇ ਸਤਿਗੁਰੂ ਜੀ ਤੋਂ ਬਿਨਾਂ ਪਰਮ ਸੁਖ ਕੋਈ ਨਹੀਂ ਦੇ ਸਕਦਾ, ਮਨ ਹੀ ਮਨ ਸੋਚਦਾ ਜਾ ਰਿਹਾ ਹੈ ਕਿ ਜਿਵੇਂ ਇਕ ਕੈਦ ਵਿਚ ਕੁਝ ਕੈਦੀ ਸਨ। ਇਕ ਅਫ਼ਸਰ ਆਇਆ ਉਸ ਕੋਲ ਤਾਕਤ ਸੀ ਉਹ ਜਾਂਦਾ ਹੋਇਆ ਕੈਦੀਆਂ ਦੀ ਹਾਲਤ ਤੇ ਤਰਸ ਕਰਕੇ ਹੁਕਮ ਕਰ ਗਿਆ ਕਿ ਇਨ੍ਹਾਂ ਦਾ ਖਾਣਾ, ਪੀਣਾ ਬਹੁਤ ਮਾੜਾ ਹੈ, ਇਸ ਵਿਚ ਸੁਧਾਰ ਕਰੋ। ਖਾਣ ਪੀਣ ਲਈ ਚੰਗਾ ਦਿਓ। ਹੁਕਮ ਮੰਨਿਆ ਗਿਆ, ਖਾਣਾ ਪੀਣਾ ਚੰਗਾ ਹੋ ਗਿਆ। ਕੁਝ ਸਮੇਂ ਮਗਰੋਂ ਇਕ ਹੋਰ ਅਫਸਰ ਕੈਦੀਆਂ ਦੀ ਹਾਲਤ ਦੇਖਣ ਆਇਆ ਉਹ ਵੀ ਤਰਸ ਕਰਕੇ ਜਾਂਦਾ ਹੋਇਆ ਆਖ ਗਿਆ ਕਿ ਇਨ੍ਹਾਂ ਦੇ ਕਪੜੇ ਬਦਲਾ ਦਿਓ। ਇਨ੍ਹਾਂ ਦੇ ਇਸ਼ਨਾਨ

ਆਦਿਕ ਦਾ ਪ੍ਰਬੰਧ ਕਰੋ। ਇਨ੍ਹਾਂ ਦੀਆਂ ਕੋਠੜੀਆਂ ਸਾਫ ਕਰਵਾ ਦਿਓ। ਹੁਕਮ ਇਸ ਦਾ ਵੀ ਮੰਨਕੇ ਸਭ ਕੁਝ ਹੋ ਗਿਆ। ਕੈਦੀਆਂ ਨੇ ਧੰਨਵਾਦ ਉਸ ਦਾ ਵੀ ਕੀਤਾ ਜਿਸ ਦੇ ਹੁਕਮ ਨਾਲ ਖਾਣਾ ਪੀਣਾ ਚੰਗਾ ਹੋ ਗਿਆ ਸੀ, ਧੰਨਵਾਦ ਉਸ ਦਾ ਵੀ ਕੀਤਾ ਜਿਸ ਦੇ ਬਚਨਾਂ ਨਾਲ ਰਹਿਣ ਸਹਿਣ ਚੰਗਾ ਹੋ ਗਿਆ ਸੀ। ਪਰ ਇਕ ਹੋਰ ਅਫਸਰ ਆਇਆ ਇਸ ਨੇ ਦੇਖ ਕੇ ਕਿਹਾ ਕਿ ਭਾਵੇਂ ਖਾਣਾ ਪੀਣਾ ਚੰਗਾ ਹੈ, ਰਹਿਣ ਸਹਿਣ ਚੰਗਾ ਹੈ ਪਰ ਹੈ ਤਾਂ ਇਹ ਕੈਦੀ ਦੇ ਕੈਦੀ ਹੀ। ਉਸ ਨੂੰ ਵੀ ਤਰਸ ਆਇਆ ਉਸ ਕੋਲ ਤਾਕਤ ਵੀ ਸੀ ਉਹ ਜਾਂਦਾ ਹੁਕਮ ਕਰ ਗਿਆ ਕਿ ਇਨ੍ਹਾਂ ਨੂੰ ਮੁਕਤ ਹੀ ਕਰ ਦਿਓ। ਕੈਦੀਆਂ ਦੀ ਖੁਸ਼ੀ ਦੀ ਹੱਦ ਨਾ ਰਹੀ। ਉਸ ਅਫਸਰ ਦਾ ਸਭ ਤੋਂ ਵਧੀਕ ਧੰਨਵਾਦ ਕਰਨ ਲੱਗੇ ਜਿਸ ਨੇ ਬੰਧਨਾਂ ਤੋਂ ਹੀ ਮੁਕਤ ਕਰਕੇ ਆਪਣੇ ਆਪਣੇ ਘਰ ਹੀ ਭੇਜ ਦਿੱਤਾ। ਇਸੇ ਤਰ੍ਹਾਂ ਹੀ ਕੋਈ ਗੁਰ, ਪੀਰ, ਪੈਗੰਬਰ ਕੋਈ ਸੁਖ ਦੇ ਸਕਦਾ ਹੈ ਕੋਈ, ਕੋਈ ਸੁਖ ਦੇ ਸਕਦਾ ਹੈ। ਪਰ ਮੇਰਾ ਸਤਿਗੁਰੂ ਤਾਂ ਸਾਰੇ ਬੰਧਨ ਕੱਟ ਕੇ ਸਦੀਵ ਮੁਕਤ ਕਰ ਦਿੰਦਾ ਹੈ।

*ਬੰਧਨ ਤੋੜਿ ਬੋਲਾਵੈ ਰਾਮੁ॥ ਮਨ ਮਹਿ ਲਾਗੈ ਸਾਚੁ ਧਿਆਨੁ॥*
*ਮਿਟਹਿ ਕਲੇਸ ਸੁਖੀ ਹੋਇ ਰਹੀਐ॥ ਐਸਾ ਦਾਤਾ ਸਤਿਗੁਰੁ ਕਹੀਐ॥* (੧੮੩)
*ਸਤਿਗੁਰ ਮੈ ਬਲਿਹਾਰੀ ਤੋਰ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥* (੧੧੯੫)
*ਨਾਰਾਇਨ ਨਰਪਤਿ ਨਮਸਕਾਰੈ॥*
*ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ॥* (੧੩੦੧)

ਇਸ ਤਰ੍ਹਾਂ ਮਨ ਹੀ ਮਨ ਸਤਿਗੁਰੂ ਜੀ ਦਾ ਧੰਨਵਾਦ ਕਰਦਾ ਜਾ ਰਿਹਾ ਸੀ, ਜਿਵੇਂ ਦੇਹ ਅਰੋਗਤਾ ਪਾ ਕੇ ਇਕ ਆਮ ਰੋਗੀ ਡਾਕਟਰ ਦਾ ਧੰਨਵਾਦ ਕਰਦਾ ਹੈ।

Sri Satguru Jagjit Singh Ji eLibrary NamdhariElibrary@gmail.com

# ਸਬਦੁ ਗੁਰੂ ਸੁਰਤਿ ਧੁਨਿ ਚੇਲਾ

ਸਫਰ ਦੇ ਦੋ ਹਿੱਸੇ ਹੁੰਦੇ ਹਨ, ਪਹਿਲਾ ਹਿੱਸਾ ਘਰ ਤੋਂ ਤੁਰ ਕੇ ਬਸ ਸਟੈਂਡ, ਕਾਰ ਆਦਿਕ ਗੱਡੀ ਤੱਕ ਪਹੁੰਚਣਾ ਜਾਂ ਏਅਰ ਪੋਟ ਜਾਣਾ। ਸਫ਼ਰ ਦਾ ਦੂਜਾ ਹਿੱਸਾ ਹੁੰਦਾ ਹੈ, ਜਦੋਂ ਆਪਣਾ ਆਪ ਕਿਸੇ ਗੱਡੀ, ਕਾਰ, ਰੇਲ ਜਾਂ ਜਹਾਜ਼ ਦੇ ਹਵਾਲੇ ਕਰਨਾ। ਪਹਿਲੇ ਸਫ਼ਰ ਵਿਚ ਆਪ ਜ਼ਿਆਦਾ ਮੁਸ਼ੱਕਤ ਕਰਨੀ ਪੈਂਦੀ ਹੈ। ਬਸ, ਕਾਰ ਜਾਂ ਜਹਾਜ਼ ਤੱਕ ਆਪ ਪਹੁੰਚ ਕਰਨੀ ਪੈਂਦੀ ਹੈ। ਸਫ਼ਰ ਦੇ ਦੂਜੇ ਹਿੱਸੇ ਵਿਚ ਸਾਰੀ ਜ਼ਿੰਮੇਵਾਰੀ, ਫਿਰ ਲੈ ਕੇ ਜਾਣ ਵਾਲੇ ਦੀ ਹੁੰਦੀ ਹੈ। ਜੇ ਕਿਧਰੇ ਬਸ, ਕਾਰ ਜਾਂ ਰੇਲ ਆਦਿਕ ਵਿਚ ਕੋਈ ਕਾਰਣ ਕਰਕੇ ਖਰਾਬੀ ਪੈਦਾ ਹੋ ਜਾਵੇ ਤਦ ਚਾਲਕ ਜਾਂ ਜ਼ਿੰਮੇਵਾਰ ਆਪ ਪ੍ਰਬੰਧ ਕਰਕੇ ਸਵਾਰੀ ਨੂੰ ਮੰਜ਼ਿਲ 'ਤੇ ਪਹੁੰਚਾਉਂਦੇ ਹਨ। ਜੀਵ ਦੀ ਅਵਸਥਾ ਵੀ ਇਸੇ ਤਰ੍ਹਾਂ ਦੀ ਹੈ। ਇਕ ਸਫ਼ਰ ਹੈ ਸੰਸਾਰ ਤੋਂ ਗੁਰੂ ਤੱਕ, ਫਿਰ ਗੁਰੂ ਨੂੰ ਨਾਲ ਲੈ ਕੇ ਜਾਂ ਗੁਰੂ ਜੀ ਦੀ ਬਖ਼ਸ਼ਿਸ਼ ਰੂਪ ਬੇੜੀ ਵਿਚ ਬੈਠ ਕੇ ਭਵ ਸਾਗਰ ਦੇ ਦੂਸਰੇ ਕਿਨਾਰੇ ਪ੍ਰੀਤਮ ਤੱਕ ਪਹੁੰਚਣਾ। ਸੰਸਾਰ ਤੋਂ ਤੁਰ ਕੇ ਗੁਰੂ ਤੱਕ ਪਹੁੰਚਣਾ ਹੀ ਥੋੜ੍ਹਾ ਜਿਹਾ ਬਿਖੜਾ ਹੈ। ਸਫ਼ਰ ਦੇ ਦੂਜੇ ਹਿੱਸੇ ਵਿਚ ਜ਼ਿਆਦਾ ਜ਼ਿੰਮੇਵਾਰੀ ਗੁਰੂ ਪਾਤਿਸ਼ਾਹ ਜੀ ਦੀ ਹੈ। ਗੁਰੂ ਸਾਹਿਬ ਜੀ ਕਿਸੇ ਜੀਵ ਨੂੰ ਅੱਧਵਾਟੇ ਛੱਡਦੇ ਵੀ ਨਹੀਂ। ਜੇ ਕਿਧਰੇ ਜੀਵ ਭੁਲ ਵੀ ਜਾਵੇ ਤਾਂ ਸਾਹਿਬ ਜੀ ਫਿਰ ਵੀ ਕ੍ਰਿਪਾ ਦ੍ਰਿਸ਼ਟੀ ਕਰਕੇ ਬਖ਼ਸ਼ ਲੈਂਦੇ ਹਨ। ਇਸ ਪੰਧ ਅੰਦਰ ਗੁਰੂ ਜੀ ਦੀ ਜ਼ਿੰਮੇਵਾਰੀ ਦਾ ਅਹਿਸਾਸ ਜੀਵ ਨੂੰ ਪੂਰਨ ਤੌਰ 'ਤੇ ਹੋ ਜਾਂਦਾ ਹੈ, ਜਦੋਂ ਇਹੋ ਜਿਹੇ ਬਚਨ ਵੀਚਾਰਦਾ ਹੈ ਕਿ:-

*"ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥ ਸੇਵਕ ਕਉ ਗੁਰੁ ਸਦਾ ਦਇਆਲ॥*
*ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥ ਗੁਰ ਬਚਨੀ ਹਰਿ ਨਾਮੁ ਉਚਰੈ॥*
*ਸਤਿਗੁਰੁ ਸਿਖ ਕੇ ਬੰਧਨ ਕਾਟੈ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ॥*
*ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥ ਗੁਰ ਕਾ ਸਿਖੁ ਵਡਭਾਗੀ ਹੇ॥*
*ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥ ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥*

*(ਸੁਖਮਨੀ ਸਾਹਿਬ)*

ਜੀਵ ਸੰਸਾਰ ਦੀ ਭਟਕਣਾ ਤੋਂ ਮਗਰੋਂ, ਮਨੁੱਖਾ ਦੇਹੀ ਪਾ ਕੇ ਫਿਰ ਰੱਬੀ ਬਖਸ਼ਿਸ਼ ਨਾਲ ਗੁਰੂ ਨਾਲ ਮਿਲ ਕੇ ਸਤਸੰਗਤਿ ਰਾਹੀਂ ਹੁੰਦਾ ਹੋਇਆ ਇਸ ਪੜਾ ਤੇ ਪਹੁੰਚ ਗਿਆ ਜਿਥੋਂ ਹੁਣ ਦੂਜੀ ਯਾਤਰਾ ਸ਼ੁਰੂ ਹੋਣੀ ਹੈ। ਇਸ ਦੂਜੀ ਯਾਤਰਾ ਵਿਚ ਗੁਰੂ ਵੀ ਸਰੀਰ ਕਰਕੇ ਨਹੀਂ ਜਾਂਦਾ

Sri Satguru Jagjit Singh Ji eLibrary NamdhariElibrary@gmail.com

ਤੇ ਸੇਵਕ ਵੀ ਸਰੀਰ ਕਰਕੇ ਨਹੀਂ ਜਾਂਦਾ ਸਰੀਰ ਤਾਂ ਸਿਰਫ ਸੰਸਾਰਕ ਯਾਤਰਾ ਵਿਚ ਹੀ ਜ਼ਰੂਰੀ ਸਨ। ਹੁਣ ਗੁਰੂ ਦਾ ਰੂਪ ਸ਼ਬਦ ਗੁਰੂ ਹੋ ਗਿਆ ਤੇ ਸਿੱਖ ਦਾ ਰੂਪ 'ਸੁਰਤਿ ਧੁਨਿ ਚੇਲਾ' ਹੋ ਗਿਆ। ਇਸ ਲਈ ਹੀ ਤਾਂ ਗੁਰੂ ਸਾਹਿਬ ਜੀ ਨੇ ਆਪਣਾ ਅਸਲ ਰੂਪ ਸੰਸਾਰ ਦੇ ਸਾਹਮਣੇ ਪਹਿਲੇ ਜਾਮੇ ਵਿਚ ਸ਼ਪੱਸਟ ਕਰ ਦਿੱਤਾ ਸੀ ਕਿ ਗੁਰੂ ਸ਼ਬਦ ਹੀ ਹੁੰਦਾ ਹੈ। ਸੇਵਕ ਦਾ ਵੀ ਅਸਲ ਰੂਪ ਪ੍ਰਗਟ ਕਰਨ ਲਈ ਪਹਿਲੇ ਜਾਮੇ ਵਿਚ ਹੀ ਪ੍ਰਥਮ ਬਾਣੀ 'ਜਪੁਜੀ ਸਾਹਿਬ' ਵਿਚ ਜਿਥੇ ਅਨੂਪ ਘਾੜਤ ਘੜੀ ਜਾਂਦੀ ਹੈ ਤਾਂ ਉਥੇ ਸਭ ਤੋਂ ਪਹਿਲਾਂ ਘੜੀ ਜਾਣ ਵਾਲੀ ਸੁਰਤਿ ਹੀ ਹੁੰਦੀ ਹੈ। ਸੁਰਤਿ ਮਗਰੋਂ ਹੀ ਮਤਿ, ਮਨ ਅਤੇ ਬੁੱਧਿ ਘੜੇ ਜਾਂਦੇ ਹਨ। ਦੇਹੀ ਤਾਂ ਸਿਰਫ ਸ਼ਬਦ ਨੂੰ ਪ੍ਰਗਟ ਕਰਨ ਲਈ ਹੀ ਹੁੰਦੀ ਹੈ। ਜਿਵੇਂ ਸ਼ਬਦ ਦੀ ਹੋਂਦ ਅਕਾਸ਼ ਵਿਚ ਰਹਿੰਦੀ ਹੈ ਪਰ ਰੇਡੀਓ, ਟੈਲੀਵਿਜ਼ਨ ਜਾਂ ਟੈਲੀਫੋਨ ਰਾਹੀਂ ਪ੍ਰਗਟ ਹੋ ਜਾਂਦੀ ਹੈ। ਇਸ ਤਰ੍ਹਾਂ ਹੀ ਦੇਹੀ ਤਾਂ ਸ਼ਬਦ ਪ੍ਰਗਟ ਕਰਦੀ ਹੈ ਪਰ ਅਸਲ ਤਾਂ ਸ਼ਬਦ ਦੀ ਮਹਾਨਤਾ ਹੈ। ਰੇਡੀਓ ਟੈਲੀਵਿਜ਼ਨ ਰਾਹੀਂ ਆਈ ਹੋਈ ਖ਼ਬਰ ਜਾਂ ਕਿਸੇ ਦਾ ਬਿਆਨ ਅਸੀਂ ਟੀ. ਵੀ. ਜਾਂ ਰੇਡੀਓ ਦਾ ਬਿਆਨ ਨਹੀਂ ਕਹਿੰਦੇ ਬਲਕਿ ਉਸ ਦਾ ਬਿਆਨ ਕਹਿੰਦੇ ਹਾਂ ਜਿਸ ਨੇ ਇਹ ਸ਼ਬਦ ਕਹੇ। ਟੀ. ਵੀ. ਜਾਂ ਰੇਡੀਓ ਤਾਂ ਸਿਰਫ ਪ੍ਰਗਟ ਕਰਨ ਵਾਲੇ ਸਨ। ਪਿਛੋਂ ਸ਼ਬਦਾਂ ਦੀ ਸਾਂਝ ਟੁੱਟ ਜਾਏ ਤਾਂ ਫਿਰ ਟੀ. ਵੀ. ਜਾਂ ਰੇਡੀਓ ਕੁਝ ਵੀ ਨਹੀਂ ਬੋਲ ਸਕਦਾ। ਬਸ ਇਸ ਤਰ੍ਹਾਂ ਹੀ ਸਾਹਿਬ ਜੀ ਨੇ ਵੀ ਸੰਸਾਰ ਨੂੰ ਸਪੱਸ਼ਟ ਕੀਤਾ ਸੀ ਕਿ ਇਹ ਬਾਣੀ ਰੂਪ ਸ਼ਬਦ ਮੇਰੇ ਨਹੀਂ, ਇਹ ਤਾਂ ਪ੍ਰਮੇਸ਼ਰ ਦਾ ਹੀ ਬਿਆਨ ਹੈ ਮੈਂ ਤਾਂ ਸਗੋਂ—

***ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥*** (੭੬੩)

ਜਾਂ ਫਿਰ-

***ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥*** (੭੨੨)

ਦੇਹੀ ਦਾ ਵੀ ਸਤਿਕਾਰ ਭਾਵੇਂ ਹੈ ਪਰ ਗੁਰੂ ਸਿਰਫ਼ ਬਚਨ ਰੂਪ ਹੈ, ਦੇਹੀ ਗੁਰੂ ਨਹੀਂ ਹੁੰਦੀ। ਭਾਵ ਦੇਹੀ ਦਾ ਸਤਿਕਾਰ ਪੂਰਾ ਹੁੰਦਾ ਹੈ ਪਰ ਦੇਹੀ ਰਾਹੀਂ ਆਇਆ ਅੰਮ੍ਰਿਤ ਬਚਨ ਗੁਰੂ ਰੂਪ ਹੁੰਦਾ ਹੈ।

***ਸਤਿਗੁਰ ਬਚਨ ਬਚਨ ਹੈ ਸਤਿਗੁਰ.... ॥*** (੧੩੦੯)

ਇਸ ਪੜਾ ਤੋਂ ਸਤਿਗੁਰੂ ਸ਼ਬਦ ਰੂਪ ਹੋ ਕੇ, ਸੁਰਤਿ ਰੂਪ ਚੇਲੇ ਨੂੰ ਲੈ ਕੇ ਤੁਰ ਪਏ ਕਿਉਂਕਿ ਆਤਮਾ ਨੇ ਪ੍ਰਮਾਤਮਾ ਵਿਚ ਅਭੇਦ ਹੋਣਾ ਹੈ ਪਰ ਆਤਮਾ ਦਾ ਆਪਣਾ ਕੋਈ ਮਾਰਗ ਨਹੀਂ, ਆਤਮਾ ਆਪ ਪ੍ਰਮੇਸ਼ਰ ਵਿਚ ਅਭੇਦ ਨਹੀਂ ਹੋ ਸਕਦੀ। ਆਤਮਾ ਉਥੇ ਹੀ ਜਾਂਦੀ ਹੈ ਜਿਥੇ ਸੁਰਤਿ ਜਾਵੇ। ਜੇਕਰ ਸੁਰਤਿ ਦੁਨਿਆਵੀ ਧੰਨ ਦੌਲਤ ਵਿਚ ਹੀ ਫਸੀ ਰਹਿ ਜਾਏ ਤਾਂ ਆਤਮਾ ਵੀ ਪਰਮਾਤਮਾ ਤੱਕ ਪਹੁੰਚਣ ਦੀ ਬਜਾਇ ਮਾਇਆ ਦਾ ਪੁਜਾਰੀ ਸੱਪ ਰੂਪ ਆਦਿਕ ਜੂਨੀਆਂ ਵਿਚ ਭਟਕਦੀ ਰਹਿੰਦੀ ਹੈ। ਜੇਕਰ ਸੁਰਤਿ ਰੁਕ ਜਾਵੇ ਵਿਕਾਰਾਂ ਵਿਚ ਤਾਂ ਅਗਲਾ ਜਾਮਾ ਵੇਸਵਾ ਦਾ ਪ੍ਰਾਪਤ ਹੁੰਦਾ ਹੈ। ਜਦੋਂ ਸੁਰਤਿ ਕਿਧਰੇ ਧੀਆਂ, ਪੁੱਤਰਾਂ ਵਿਚ ਹੀ ਰੁਕੀ ਰਵ੍ਹੇ ਤਾਂ ਵੀ

Sri Satguru Jagjit Singh Ji eLibrary NamdhariElibrary@gmail.com

ਮੰਜ਼ਿਲ ਦੀ ਬਜਾਇ ਆਤਮਾ ਸ਼ੁਕਰਾਂ ਆਦਿਕ ਦਾ ਜਾਮਾ ਪਹਿਨ ਕੇ ਭਟਕਦੀ ਰਹਿੰਦੀ। ਜਿਸ ਦੀ ਸੁਰਤਿ ਸੁਹਣੇ ਸੁਹਣੇ ਘਰ ਬਣਾ ਕੇ ਉਨ੍ਹਾਂ ਨੂੰ ਦੇਖ ਦੇਖ ਰੱਬ ਨੂੰ ਭੁਲਾਈਂ ਰੱਖਦੀ ਹੈ, ਉਹ ਵੀ ਫਿਰ ਪ੍ਰੇਤਾਂ ਦੀਆਂ ਜੂਨੀਆਂ ਵਿਚ ਭਟਕਦਾ ਰਹਿੰਦਾ ਹੈ। ਜੇ ਕਿਧਰੇ ਸੁਰਤਿ ਰੱਬੀ ਬਖਸ਼ਿਸ਼ਾਂ ਪਾ ਕੇ ਪ੍ਰਮੇਸ਼ਰ ਨਿਰੰਕਾਰ ਨਾਲ ਜੁੜੀ ਰਹੇ ਤਾਂ ਅੰਤ ਨਿਰਬਾਹ ਇਹ ਹੁੰਦਾ ਹੈ ਕਿ ਆਤਮਾ ਪ੍ਰਮਾਤਮਾ ਦਾ ਰੂਪ ਹੋ ਜਾਂਦੀ ਹੈ। ਇਸ ਲਈ ਹੀ ਰੱਬੀ ਦਰਗਾਹੇ ਅਰਦਾਸ ਕੀਤੀ ਜਾਂਦੀ ਹੈ ਕਿ ਕ੍ਰਿਪਾ ਕਰੋ ਕਦੇ ਸਾਡੀ ਸੁਰਤਿ ਵਿਚੋਂ ਪ੍ਰਭੂ ਦੇ ਨਾਮ ਦਾ ਵਿਛੋੜਾ ਨਾ ਪਵੇ। ਇਹ ਸਾਰੀ ਵਿਚਾਰ ਇਸ ਸ਼ਬਦ ਦੀ ਹੈ।

***"ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸਰਪ ਜੋਨਿ ਵਲਿ ਵਲਿ ਅਉਤਰੈ ॥***
***ਅਰੀ ਬਾਈ ਗੋਬਿੰਦ ਨਾਮੁ ਮਤਿ ਬੀਸਰੈ ॥ ਰਹਾਉ ॥***
***ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਬੇਸਵਾ ਜੋਨਿ ਵਲਿ ਵਲਿ ਅਉਤਰੈ ॥ ੨ ॥***
***ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸੂਕਰ ਜੋਨਿ ਵਲਿ ਵਲਿ ਅਉਤਰੈ ॥ ੩ ॥***
***ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ੪ ॥***
***ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥***
***ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥ ੫ ॥ ੨ ॥***

(੫੨੬)

ਆਤਮਾ ਉਥੇ ਜਾਂਦੀ ਹੈ ਜਿਥੇ ਸੁਰਤਿ ਜਾਂਦੀ ਹੈ ਪਰ ਸੁਰਤਿ ਵੀ ਉਥੇ ਜਾਂਦੀ ਹੈ ਜਿਥੇ ਸ਼ਬਦ ਜਾਂਦਾ ਹੈ ਭਾਵ ਸੁਰਤਿ ਸ਼ਬਦ ਪਿਛੇ ਤੁਰਦੀ ਹੈ। ਹਨੇਰੇ ਵਿਚ ਹਮੇਸ਼ਾਂ ਅਵਾਜ਼ ਭਾਵ ਸ਼ਬਦ ਹੀ ਅਗਵਾਈ ਕਰਦਾ ਹੈ। ਘਰ ਵਿਚ ਕੋਈ ਇਸਤ੍ਰੀ ਆਪਣੇ ਕੰਮਾਂ ਵਿਚ ਲੱਗੀ ਹੋਵੇ, ਉਸ ਦਾ ਬੱਚਾ ਆਪਣੀ ਖੇਡ ਵਿਚ ਮਸਤ ਹੋਵੇ ਤਾਂ ਅਚਾਨਕ ਅਜਿਹੇ ਵਕਤ ਕਿਧਰੇ ਬਿਜਲੀ ਚਲੇ ਜਾਵੇ। ਫਿਰ ਸਾਰਾ ਘਰ ਹਨੇਰੇ ਕਾਰਣ ਡਰਾਉਣਾ ਲੱਗਣ ਲੱਗ ਪੈਂਦਾ ਹੈ। ਅਜਿਹੇ ਮੌਕੇ ਅਕਸਰ ਬੱਚੇ ਡਰ ਜਾਂਦੇ ਹਨ ਤੇ ਡਰ ਕੇ ਆਪਣੇ ਮਾਤਾ ਜਾਂ ਪਿਤਾ ਨੂੰ ਅਵਾਜ਼ ਮਾਰਦੇ ਹਨ ਤਾਂ ਮਾਤਾ ਪਿਤਾ ਅਵਾਜ਼ ਸੁਣ ਕੇ ਹੀ ਉਨ੍ਹਾਂ ਕੋਲ ਪਹੁੰਚ ਜਾਂਦੇ ਹਨ। ਹਨੇਰੇ ਵਿਚ ਹਮੇਸ਼ਾਂ ਹੀ ਸ਼ਬਦ ਅਗਵਾਈ ਕਰਦਾ ਹੈ। ਪਹਿਲਾਂ ਪਹਿਲ ਸੁਰਤਿ ਸ਼ਬਦ ਮਗਰ ਹੋ ਤੁਰਦੀ ਹੈ ਤਦ ਹੀ ਤਾਂ 'ਸੁਰਤਿ ਧੁਨਿ ਚੇਲਾ' ਕਿਹਾ ਹੈ ਅਰਥਾਤ, ਸੁਰਤਿ ਵਿਚ ਵੱਜਣ ਵਾਲੀ ਉਹ ਧੁਨੀ ਜਿਸ ਨੂੰ ਕਿਸੇ ਨੇ ਪੰਚ ਸ਼ਬਦ ਕਿਸੇ ਨੇ ਅਨਹਦ ਨਾਦ ਜਾਂ ਫਿਰ ਕਿਸੇ ਨੇ ਅੰਦਰੂਨੀ ਇਸ ਧੁਨਿ ਨੂੰ ਹੋਰ ਵੀ ਅਨੇਕਾਂ ਨਾਵਾਂ ਨਾਲ ਸਪੱਸ਼ਟ ਕੀਤਾ ਹੈ ਪਰ ਹੈ ਇਹ ਰੱਬੀ ਨਾਦ ਹੀ ਜਿਹੜਾ ਵਜਦਾ ਤਾਂ ਹਰ ਵਕਤ ਸੀ ਪਰ ਸੁਰਤਿ ਦਾ ਟਿਕਾਅ ਨਾ ਹੋਣ ਕਰਕੇ ਪਤਾ ਨਹੀਂ ਸੀ ਲਗਦਾ। ਇਥੇ ਪਹੁੰਚ ਕੇ ਦੋ ਚੀਜ਼ਾਂ ਦਾ ਮਿਲਾਪ ਹੋ ਜਾਂਦਾ ਹੈ ਇਕ ਸ਼ਬਦ ਗੁਰੂ ਦਾ ਦੂਜਾ ਸੁਰਤਿ ਵਿਚ ਵੱਜਣ ਵਾਲੇ ਸ਼ਬਦ ਦਾ ਇਸ ਨੂੰ ਬਹੁਤੇ ਧਰਮੀ ਪਾਂਧੀਆਂ ਨੇ ਸ਼ਬਦ ਸੁਰਤਿ ਦਾ ਮਿਲਾਪ ਆਖਿਆ ਹੈ। ਇਸ ਅਵਸਥਾ ਵਿਚ-

Sri Satguru Jagjit Singh Ji eLibrary NamdhariElibrary@gmail.com

***ਗੁਰ ਕਾ ਬਚਨੁ ਬਸੈ ਜੀਅ ਨਾਲੇ॥***
***ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੈ॥*** (੬੭੯)

ਜਾਂ ਫਿਰ—

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ॥*** (੩੯੪)

ਹੁਣ ਗੁਰੂ ਸ਼ਬਦ ਅਤੇ ਸੁਰਤਿ ਇਕਮਿਕ ਹੋ ਗਈ। ਗੁਰ ਸ਼ਬਦ ਕਦੇ ਨੀਵੇਂ ਤਲ ਤੇ ਨਹੀਂ ਆਉਂਦਾ ਭਾਵ ਕਦੇ ਵਿਕਾਰਾਂ ਵਿਚ ਨਹੀਂ ਫੱਸਦਾ। ਗੁਰੂ ਸ਼ਬਦ ਨਾਲ ਜੁੜੀ ਹੋਈ ਸੁਰਤਿ ਵੀ ਕਦੇ ਵਿਕਾਰੀ ਭਾਵਨਾ ਵਿਚ ਨਹੀਂ ਫੱਸਦੀ। ਮੁਰਗਾਬੀ ਨੂੰ ਇਹ ਰੱਬੀ ਦਾਤਿ ਨਸੀਬ ਹੋਈ ਹੁੰਦੀ ਹੈ ਕਿ ਉਸ ਦੇ ਕਦੇ ਪਰ (ਖੰਭ) ਨਹੀਂ ਭਿੱਜਦੇ। ਉਹ ਸਿਧੀ ਪਾਣੀ ਵਿਚ ਤੈਰਦੀ ਤੈਰਦੀ ਹੀ ਉਡਾਰੀ ਮਾਰ ਸਕਦੀ ਹੈ। ਕਮਲ ਦਾ ਫੁੱਲ ਭਾਵੇਂ ਚਿੱਕੜ ਵਿਚ ਹੀ ਪੈਦਾ ਹੁੰਦਾ ਹੈ, ਚਿੱਕੜ ਵਿਚ ਹੀ ਰਹਿੰਦਾ ਹੈ ਪਰ ਆਪਣੇ ਆਪ ਨੂੰ ਕਦੇ ਚਿੱਕੜ ਨਾਲ ਜੋੜ ਕੇ ਮੈਲਾ ਨਹੀਂ ਹੋਣ ਦਿੰਦਾ। ਇਸ ਤਰ੍ਹਾਂ ਹੀ ਜਦੋਂ ਸ਼ਬਦ ਸੁਰਤਿ ਦਾ ਮਿਲਾਪ ਹੋ ਜਾਂਦਾ ਹੈ ਤਾਂ ਫਿਰ ਸੇਵਕ ਵੀ ਰਹਿੰਦਾ ਭਾਵੇਂ ਸੰਸਾਰ ਸਾਗਰ ਵਿਚ ਹੀ ਹੈ, ਜਿਥੇ ਵਿਕਾਰਾਂ ਦਾ ਚਿੱਕੜ ਵੀ ਹੁੰਦਾ ਹੈ ਪਰ ਆਪਣਾ ਆਪਾ ਸਦਾ ਨਿਰਲੇਪ ਰੱਖਦਾ ਹੈ।

***ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥***
***ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥*** (੯੩੮)

ਜਿਨ੍ਹਾਂ ਚਿਰ ਸ਼ਬਦ ਸੁਰਤਿ ਦਾ ਮਿਲਾਪ ਨਹੀਂ ਹੁੰਦਾ, ਉਨਾਂ ਚਿਰ ਜੰਮਣ ਮਰਣ ਦਾ ਗੇੜ ਕਦੇ ਖਤਮ ਨਹੀਂ ਹੁੰਦਾ। ਇਹ ਮਿਲਾਪ ਵੀ ਰੱਬੀ ਰਹਿਮਤ ਨਾਲ ਹੁੰਦਾ ਹੈ ਸਾਕਤ ਦਾ ਨਹੀਂ।

***ਸਾਕਤ ਨਰਿ ਸਬਦ ਸੁਰਤਿ ਕਿਉ ਪਾਈਐ॥***
***ਸਬਦ ਸੁਰਤਿ ਬਿਨੁ ਆਈਐ ਜਾਈਐ॥*** (੧੦੪੨)

ਸ਼ਬਦ ਸੁਰਤਿ ਦੇ ਮਿਲਾਪ ਤੋਂ ਸੁਰਤਿ ਦਾ ਮਾਰਗ ਬਣ ਗਿਆ। ਸੁਰਤਿ ਸ਼ਬਦ ਵਿਚ ਅਭੇਦ ਹੋਈ ਇਸ ਸਫ਼ਰ 'ਤੇ ਤੁਰ ਪਈ। ਸ਼ਬਦ ਦੀ ਇਕ ਹੋਰ ਮਹਾਨ ਵਡਿਆਈ ਇਹ ਹੈ ਕਿ ਸ਼ਬਦ ਜਿਥੋਂ ਪੈਦਾ ਹੁੰਦਾ ਹੈ। ਸੁਰਤਿ ਨੂੰ ਉਥੇ ਲੈ ਕੇ ਚਲਾ ਜਾਂਦਾ ਹੈ। ਆਮ ਮਨੁੱਖ ਦੇ ਜੀਵਨ ਵਿਚ ਵੀ ਇਹੋ ਕੁਝ ਵਾਪਰਦਾ ਹੈ। ਇਕ ਚਿੱਠੀ ਆਈ ਖੋਲ੍ਹ ਕੇ ਪੜ੍ਹਨ ਲੱਗਾ ਤਾਂ ਸਾਹਮਣੇ ਨਾਂ ਪੁੱਤਰ ਦਾ ਲਿਖਿਆ ਸੀ। ਆਪਣੇ ਪੁੱਤਰ ਦਾ ਨਾਂ ਭਾਵ ਉਹ ਸ਼ਬਦ ਪੜ੍ਹ ਕੇ ਜਿਹੜੇ ਆਪਣੇ ਪੁੱਤਰ ਦੇ ਨਾਮ ਲਈ ਵਰਤਦਾ ਹੈ, ਤਦ ਉਸ ਪਲ ਹੀ ਸੁਰਤਿ ਪੁੱਤਰ ਕੋਲ ਪਹੁੰਚ ਗਈ ਕਿਉਂਕਿ ਸ਼ਬਦ ਪੁੱਤਰ ਕੋਲੋਂ ਆਏ ਸਨ। ਸ਼ਬਦ ਭਰਾ ਦੇ ਹੋਣ ਸੁਰਤਿ ਭਰਾ ਕੋਲ ਜਾਵੇਗੀ। ਸ਼ਬਦ ਪਤਨੀ ਦੇ ਹੋਣ, ਸ਼ਬਦ ਧੀ ਦੇ ਹੋਣ, ਸ਼ਬਦ ਮਾਤਾ ਪਿਤਾ ਦੇ ਹੋਣ ਭਾਵ ਜਿਸ ਕੋਲੋਂ ਸ਼ਬਦ ਆਏ ਹਨ ਸੁਰਤਿ ਉਥੇ ਹੀ ਜਾਏਗੀ। ਅੰਮ੍ਰਿਤ ਸ਼ਬਦ ਭਾਵ ਗੁਰੂ ਸ਼ਬਦ ਰੱਬ ਕੋਲੋਂ ਆਇਆ। ਧੁਰ ਕੀ ਬਾਣੀ ਆਈ ਹੋਣ ਕਰਕੇ ਜਦੋਂ ਜੀਵ ਇਨ੍ਹਾਂ ਸ਼ਬਦਾਂ ਨਾਲ ਜੁੜਦਾ

Sri Satguru Jagjit Singh Ji eLibrary NamdhariElibrary@gmail.com

ਹੈ ਤਾਂ ਸੁਰਤਿ ਵੀ ਪ੍ਰਮੇਸ਼ਰ ਦੇ ਦਰ 'ਤੇ ਟਿਕ ਜਾਂਦੀ ਹੈ। ਇਸ ਕਰਕੇ ਹੀ ਹਜ਼ੂਰ ਨੇ ਸੱਚ ਹੋਕਾ ਦਿੱਤਾ ਸੀ ਕਿ ਯਾਦ ਰੱਖੀਂ ਇਹ ਬਾਣੀ ਮੇਰੀ ਨਹੀਂ। ਜੇਕਰ ਮੇਰੇ ਮੁਖਾਰਬਿੰਦ ਤੋਂ ਨਿਕਲਿਆ ਸ਼ਬਦ ਹੀ ਗੁਰਬਾਣੀ ਹੁੰਦਾ, ਫਿਰ ਤਾਂ ਮੈਂ ਕਈ ਵਾਰੀ ਸੰਸਾਰਕ ਵਿਚਾਰਾਂ ਵੀ ਕਈਆਂ ਨਾਲ ਕੀਤੀਆਂ ਹਨ ਉਹ ਤਦ ਹੀ ਗੁਰਬਾਣੀ ਵਿਚ ਅੰਕਿਤ ਨਹੀਂ ਕੀਤੀਆਂ ਕਿਉਂਕਿ ਸੁਰਤਿ ਮੈਂ ਆਪਣੇ ਸ਼ਬਦਾਂ ਨਾਲ ਨਹੀਂ ਬਲਕਿ ਸੁਰਤਿ ਤਾਂ ਰੱਬੀ ਸ਼ਬਦਾਂ ਨਾਲ ਜੋੜਨੀ ਚਾਹੁੰਦਾ ਹੈ।

*"ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥ ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥* (੧੦੩)

ਸੁਰਤਿ ਸ਼ਬਦ ਵਿਚ ਨਿਵਾਸ ਪਾ ਕੇ ਹੀ ਸਰੀਰਕ ਸਾਂਝ ਵੱਖਰੀ ਹੁੰਦੀ ਹੈ। ਸਰੀਰਕ ਦੁੱਖ ਦੁੱਖ ਨਹੀਂ ਲਗਦੇ। ਆਰੇ ਨਾਲ ਸਰੀਰ ਦੁਫਾੜ ਕਰਵਾਕੇ ਵੀ ਦੁੱਖ ਦੁੱਖੀ ਨਹੀਂ ਕਰ ਸਕਦਾ, ਬੰਦ ਬੰਦ ਕੱਟਣ ਵਿਚ ਵੀ ਕੋਈ ਔਕੜ ਨਹੀਂ ਦਿਸਦੀ। ਹਾਂ, ਜੇ ਕਿਧਰੇ ਸੁਰਤਿ ਉਖੜ ਜਾਵੇ ਤਾਂ ਅਜਿਹਾ ਜੀਵ ਦੁੱਖ ਨਾਲ ਕੁਰਲਾ ਉਠਦਾ ਹੈ। ਭਗਤਾਂ ਜਾਂ ਰੱਬੀ ਫਕੀਰਾਂ ਨੇ ਇਸ ਲਈ ਹੀ ਸਭ ਤੋਂ ਵੱਡਾ ਦੁੱਖ ਸੁਰਤਿ ਦਾ ਟੁੱਟ ਜਾਣਾ ਭਾਵ ਰੱਬੀ ਵਿਛੋੜਾ ਪੈ ਜਾਣਾ ਮੰਨਿਆ ਹੈ। ਸੁਰਤਿ ਟਿਕੀ ਰਵ੍ਹੇ ਤਾਂ ਸਰੀਰਕ ਦੁੱਖ ਸੁੱਖ ਨਹੀਂ ਪੋਂਹਦੇ

*ਕਰਵਤੁ ਭਲਾ ਨ ਕਰਵਟ ਤੇਰੀ॥ ਲਾਗੁ ਗਲੇ ਸੁਨੁ ਬਿਨਤੀ ਮੇਰੀ॥*
*ਹਉ ਵਾਰੀ ਮੁਖੁ ਫੇਰਿ ਪਿਆਰੇ॥ ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ॥*
*ਜਉ ਤਨੁ ਚੀਰਹਿ ਅੰਗੁ ਨ ਮੋਰਉ॥ ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ॥*(੪੮੪)

ਆਤਮਿਕ ਰਸ ਦਾ ਆਨੰਦ ਬਣਿਆ ਰਹਿੰਦਾ ਹੈ। ਅਜਿਹੀ ਹੀ ਦਸ਼ਾ ਵਿਚ ਪੋਖ ਤੁਖਾਰ ਨਹੀਂ ਵਿਆਪਦਾ ਤੇ ਦੂਜੇ ਪਾਸੇ-

*ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ* (੧੩੪)

ਹੋਣ ਕਰਕੇ ਨਾ ਗਰਮੀ ਤੇ ਨਾ ਹੀ ਸਰਦੀ ਪੋਹ ਸਕਦੀ ਹੈ ਭਾਵ ਸਰੀਰਕ ਦੁੱਖਾਂ ਸੁਖਾਂ ਦੀ ਪ੍ਰਵਾਹ ਨਹੀਂ ਰਹਿੰਦੀ। ਇਥੇ ਤਾਂ ਹੁਣ ਦਿਨ ਰਾਤਿ ਅੰਦਰ ਵੱਜਦੇ ਸ਼ਬਦ ਦੀ ਧੁਨਿ ਆਨੰਦ ਬਖ਼ਸ਼ਿਸ਼ ਕਰਦੀ ਰਹਿੰਦੀ ਹੈ। ਅੰਦਰ ਤਾਂ ਰੱਬ ਦੀਆਂ ਮਿਹਰਾਂ ਦਾ ਮੀਂਹ ਵਰਸਦਾ ਰਹਿੰਦਾ ਹੈ ਤੇ ਮਨ ਇਸ ਪਰਮ ਰਸ ਨੂੰ ਮਾਣਦਾ ਰਹਿੰਦਾ ਹੈ।

*ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥* (੧੦੨)

ਜਿਹੜਾ ਮਨ ਪਹਿਲਾਂ ਰਸਾਂ ਕਸਾਂ ਜਾਂ ਵਿਕਾਰਾਂ ਵਿਚੋਂ ਕੱਢਣਾ, ਬਹੁਤ ਬਿਖਮ ਘਾਲਣਾ ਲੱਗਦੀ ਸੀ ਉਹੀ ਮਨ ਸਗੋਂ ਹੁਣ ਆਪ ਹੀ ਕਿਧਰੇ ਨਹੀਂ ਜਾਂਦਾ

*ਕਤ ਜਾਈਐ ਰੇ ਘਰ ਲਾਗੋ ਰੰਗੁ॥ ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥* (੧੧੯੫)

ਸੇਵਕ ਦੁਨੀਆਂ ਵਿਚ ਰਹਿੰਦਾ ਹੋਇਆ ਕ੍ਰਿਤ ਕਾਰ ਵੀ ਕਰਦਾ ਰਹਿੰਦਾ ਹੈ ਪਰ ਸੁਰਤਿ ਕਰਕੇ ਸੱਚੇ ਸਾਂਈ ਦੇ ਚਰਨਾਂ ਤੋਂ ਇਕ ਪਲ ਵਿਛੋੜਾ ਵੀ ਨਹੀਂ ਪਾਉਂਦਾ। ਸਰੀਰ ਕ੍ਰਿਤ ਵਿਚ ਲੱਗ ਗਿਆ, ਮਨ ਕੀਰਤੀ ਵਿਚ ਲੱਗ ਗਿਆ।

Sri Satguru Jagjit Singh Ji eLibrary NamdhariElibrary@gmail.com

*ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ॥*
*ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ॥*
*ਮਨੁ ਰਾਮ ਨਾਮਾ ਬੇਧੀਅਲੇ॥ ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ॥* (੯੭੨)

ਜਾਂ ਫਿਰ—

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥* (੧੩੭੫)

ਇਸ ਅਵਸਥਾ ਤੇ ਪਹੁੰਚ ਕੇ ਹੀ ਇਸ ਗੱਲ ਦਾ ਵੀ ਬੋਧ ਹੋ ਜਾਂਦਾ ਹੈ ਕਿ ਹੁਣ ਤੱਕ ਤਾਂ ਸਿਰਫ ਪੜ੍ਹਦਾ ਹੀ ਸੀ, ਕਿ

*ਜਿਉ ਮੰਦਰ ਕਉ ਥਾਮੈ ਥੰਮਨੁ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ॥"* (੨੮੨)

ਪਰ ਹੁਣ ਪੂਰਨ ਤੌਰ 'ਤੇ ਦੇਖ ਵੀ ਲਿਆ ਕਿ ਜਿਵੇਂ ਕਿਸੇ ਮਕਾਨ ਦੇ ਥੰਮ੍ਹਨ ਭਾਵ ਸਹਾਰੇ ਹੀ ਕਮਜ਼ੋਰ ਹੋਣ ਫਿਰ ਉਹ ਮਕਾਨ ਕਿਵੇਂ ਲੰਮਾ ਸਮਾਂ ਖੜ੍ਹਾ ਰਹਿ ਸਕਦਾ ਹੈ, ਇਸ ਤਰ੍ਹਾਂ ਹੀ ਮਨ ਦੇ ਸਹਾਰੇ ਹੀ ਕਮਜ਼ੋਰ ਸਨ ਤਦ ਹੀ ਇਸ ਦੀ ਭਟਕਣਾ ਨਹੀਂ ਸੀ ਮੁਕਦੀ ਪਰ ਹੁਣ ਗੁਰੂ ਕੇ ਸ਼ਬਦ ਵਿਚ ਸੁਰਤਿ ਟਿਕ ਜਾਣ ਕਰਕੇ ਇਸ ਦਾ ਵੀ ਟਿਕਾਅ ਹੋ ਗਿਆ।

*ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥*
*ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥* (੪੬੯)

ਇਸ ਲਈ ਹੀ—

*ਸਬਦੋ ਤਾ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥*
*ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ॥* (੯੧੭)

# ਦੋ ਭਿਆਨਕ ਰੂਪ

ਸੁਰਤਿ, ਸ਼ਬਦ ਦਾ ਮੇਲ ਪਾ ਕੇ ਜਦੋਂ ਤੁਰਦੀ ਹੈ ਤਾਂ ਥੋੜ੍ਹੇ ਜਿਹੇ ਹੀ ਪੰਧ ਮਗਰੋਂ ਇਕ ਬਹੁਤ ਅਹਿਮ ਘਟਨਾ ਘਟਦੀ ਹੈ। ਇਥੋਂ ਬਹੁਤੇ ਜੀਵ ਮੁੜ ਭਟਕਣਾ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਅਸਥਾਨ ਨੂੰ ਬਹੁਤ ਬਿਖੜਾ ਦਾਂਵ ਆਖਦੇ ਹਨ। ਇਥੇ ਦੋ ਚੀਜ਼ਾਂ ਆਪਣਾ ਰੂਪ ਵਟਾ ਕੇ ਫਿਰ ਇਸ ਅਧਿਆਤਮਿਕ ਪਾਂਧੀ ਨੂੰ ਮਿਲਦੀਆਂ ਹਨ, ਇਕ ਰੂਪ ਹੈ ਮਾਇਆ ਦਾ, ਦੂਜਾ ਰੂਪ ਹੈ ਹਉਮੈ ਦਾ। ਮਾਇਆ, ਹਰੀ ਨੂੰ ਸੁਰਤਿ ਵਿਚੋਂ ਵਿਸਾਰ ਦੇਣ ਲਈ ਆਪਣਾ ਵੱਖਰਾ ਰੂਪ ਧਾਰਨ ਕਰਕੇ ਫਿਰ ਆਉਂਦੀ ਹੈ। ਮਾਇਆ ਦੇ ਇਸ ਬਦਲਵੇਂ ਰੂਪ ਦਾ ਨਾਂ ਰਿਧੀਆਂ, ਸਿਧੀਆਂ ਹੈ। ਸ਼ਬਦ ਸੁਰਤਿ ਦਾ ਮਿਲਾਪ ਕਰਕੇ ਹੁਣ ਕੁਝ ਤਾਕਤ ਜੀਵ ਵਿਚ ਆ ਗਈ। ਜਿਸ ਕਰਕੇ ਜ਼ੁਬਾਨ ਤੋਂ ਕੁਝ ਕਹਿ ਦੇਵੇ ਉਹ ਸੱਚ ਹੋਣ ਲੱਗਦਾ ਹੈ ਜਾਂ ਇਉਂ ਕਹਿ ਲਈਏ ਕਿ ਜੋ ਸੱਚ ਹੈ, ਉਹ ਕਹਿਣ ਲੱਗ ਪੈਂਦਾ ਹੈ ਜਿਸ ਦੀ ਆਮ ਸੰਸਾਰ ਨੂੰ ਸੋਝੀ ਨਹੀਂ। ਸੰਸਾਰੀ ਲੋਕ ਅਜਿਹੀ ਦਸ਼ਾ ਵੇਲੇ ਬਹੁਤ ਪਿਆਰ ਸਤਿਕਾਰ ਦਿੰਦੇ ਹਨ। ਰਿਧੀ ਸਿਧੀ ਦੀ ਤਾਕਤ ਆ ਜਾਣ ਕਰਕੇ ਕਈ ਵਾਰੀ ਜੀਵ ਇਥੇ ਪਹੁੰਚ ਕੇ ਵੀ ਉਹ ਕਰਮ ਕਮਾ ਬੈਠਦਾ ਹੈ ਜਿਸ ਤੋਂ ਇਹ ਸਾਰੀ ਭਟਕਣਾ ਸ਼ੁਰੂ ਹੋਈ ਸੀ ਭਾਵ ਇਥੇ ਵੀ ਜੇਕਰ ਰੱਬੀ ਨਿਯਮ "ਭਾਣੇ ਵਿਚ ਰਹਿਣ ਵਾਲਾ" ਤੋੜ ਕੇ ਮਾਇਆ ਦੇ ਬਦਲੇ ਹੋਏ ਰੂਪ ਮਗਰ ਲੱਗ ਕੇ ਸਤਿਗੁਰੂ ਦੀ ਬਖਸ਼ਿਸ਼ ਦੀ ਬੇੜੀ ਵਿਚੋਂ ਉਤਰ ਜਾਵੇ ਤਾਂ ਫਿਰ ਇਹ ਮਾਇਆ ਆਪਣੀ ਉਂਗਲ ਪਕੜਾ ਕੇ ਵਾਪਸ ਉਥੇ ਹੀ ਲਿਆ ਖੜ੍ਹਾ ਕਰ ਦਿੰਦੀ ਹੈ, ਜਿਥੋਂ ਕਦੇ-

***ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ॥*** (੧੩੬੯)

ਦੇ ਮਹਾਂਵਾਕ ਅਨੁਸਾਰ ਰੱਬ ਨੂੰ ਮਿਲਣ ਚਲਾ ਸੀ। ਬਹੁਤ ਪੀਰ, ਫ਼ਕੀਰ ਇਸ ਅਉਖਟ ਘਾਟੀ 'ਤੇ ਹੀ ਰੁਕ ਜਾਂਦੇ ਹਨ। ਰਿਧੀਆਂ ਸਿਧੀਆਂ ਰੱਬੀ ਮਾਰਗ ਵਿਚ ਇਕ ਪੜਾ ਹੈ। ਰਿਧੀਆਂ ਸਿਧੀਆਂ ਆਉਣ ਦਾ ਅਰਥ ਤਾਂ ਇਹ ਸੀ ਕਿ ਮੇਰਾ ਮਾਰਗ ਠੀਕ ਹੈ। ਪਰ ਇਥੇ ਰੁਕਣ ਵਾਲਾ ਤੇ ਮੰਜ਼ਿਲ 'ਤੇ ਨਹੀਂ ਪਹੁੰਚਦਾ ਸਗੋਂ ਰਾਹ ਵਿਚ ਹੀ ਆਪਣਾ ਘਰ ਬਣਾ ਕੇ ਬੈਠ ਜਾਂਦਾ ਹੈ। ਰਾਹ ਵਿਚ ਹੀ ਅਟਕ ਜਾਣ ਨਾਲ ਕਦੇ ਯਾਤਰਾ ਪੂਰੀ ਨਹੀਂ ਹੁੰਦੀ, ਅਧੂਰੀ ਹੀ ਰਹਿ ਜਾਂਦੀ ਹੈ। ਇਸ ਤਾਕਤ ਕਾਰਣ ਜੀਵ ਰੱਬ ਦਾ ਪੂਜਾਰੀ ਹੋ ਕੇ ਵੀ ਸ਼ਰੀਕ ਬਣ ਜਾਂਦਾ ਹੈ। ਇਹ ਅਵਸਥਾ ਭਿਆਨਕ ਇਸ ਲਈ ਹੈ ਕਿ ਪਹਿਲਾ ਪਹਿਚਾਣ ਤਾਂ ਸੀ ਕਿ ਮੈਂ ਅਧਰਮੀ ਹਾਂ ਪਰ

Sri Satguru Jagjit Singh Ji eLibrary NamdhariElibrary@gmail.com

ਹੁਣ ਤਾਂ ਪਹਿਚਾਣ ਧਰਮੀਆਂ ਵਾਲੀ, ਪਰ ਅੰਦਰੋਂ ਸੁਰਤਿ ਗੁਰੂ ਸ਼ਬਦ ਦੀ ਅਗਵਾਈ ਛੱਡਕੇ ਫਿਰ ਮਨ ਮਰਜ਼ੀਆਂ ਦੇ ਰਾਹ ਪੈ ਗਈ। ਇਸੇ ਹੀ ਹੁਕਮ ਅਦੂਲੀ ਨੇ ਪਹਿਲਾਂ ਵੀ ਖ਼ੁਦਾ ਤੋਂ ਜੁਦਾ ਕਰ ਦਿੱਤਾ ਸੀ ਉਹੋ ਗਲਤੀ ਫਿਰ ਇਥੇ ਆ ਕੇ ਕਰ ਲਈ।

ਜਿਸ ਦੀ ਸੁਰਤਿ ਇਸ ਮਾਇਆ ਦੇ ਬਦਲੇ ਹੋਏ ਰੂਪ ਦਾ ਸ਼ਿਕਾਰ ਹੋ ਗਈ ਉਸਨੂੰ ਰੋਕਣ ਵਾਸਤੇ ਸਤਿਗੁਰੂ ਜੀ ਨੇ ਬਹੁਤ ਉਪਦੇਸ਼ ਬਖਸ਼ੇ ਕਿ-

*"ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ॥*
*ਇਸ ਕਾ ਰੰਗੁ ਦਿਨ ਥੋੜਿਆ ਛੋਛਾ ਇਸ ਦਾ ਮੁਲੁ॥* (੮੫)
*ਮਾਈ ਮਾਇਆ ਛਲੁ॥*
*ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ॥* (੭੧੭)
*ਸਰਪਨੀ ਤੇ ਊਪਰਿ ਨਹੀ ਬਲੀਆ॥ ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥* (੪੮੦)

ਪਰ ਜੀਵ ਮਾਇਆ ਮਗਰ ਲੱਗ ਕੇ ਤੁਰਦਾ ਗਿਆ। ਸਤਿਗੁਰੂ ਜੀ ਦਾ ਉਪਦੇਸ਼ ਸੁਣ ਕੇ ਕਿਧਰੇ ਫਿਰ ਵਾਪਸ ਨਾ ਪਰਤ ਜਾਵੇ ਇਸ ਲਈ ਮਾਇਆ ਨੇ ਸਮਝਾਇਆ ਕਿ ਤੂੰ ਇਸ ਉਪਦੇਸ਼ ਨੂੰ ਹੀ ਜ਼ਿੰਦਗੀ ਵਿਚੋਂ ਕੱਢ ਦੇ। ਵੇਖ ਤੈਨੂੰ ਮੇਰੀ ਗੋਦ ਵਿਚੋਂ ਕਿਧਰ ਚੁੱਕ ਲਿਆ ਸੀ। ਮਾਇਆ ਮਗਰ ਲੱਗਿਆਂ ਜੀਵ ਗੁਰੂ ਕਰਕੇ ਪਹਿਚਾਣਿਆ ਜਾਂਦਾ ਸੀ ਪਰ ਹੁਣ ਗੁਰੂ ਨੂੰ ਹੀ ਘਰੋਂ ਕੱਢ ਕੇ ਆਪਣਾ ਹੀ ਵੱਖਰਾ ਡੇਰਾ ਬਣਾ ਕੇ ਬੈਠ ਗਿਆ। ਬਾਕੀ ਸਭ ਗੱਲਾਂ ਗੁਰੂ ਦੀਆਂ ਪ੍ਰਵਾਨ ਕਰਦਾ ਹੈ। ਜੀਵਾਂ ਨੂੰ ਫਸਾਉਣ ਲਈ ਜਾਲ ਵੀ ਗੁਰੂ ਦਾ ਹੀ ਵਿਛਾਉਂਦਾ ਹੈ ਪਰ ਡੇਰੇ 'ਤੇ ਗੁਰੂ ਦਾ ਪ੍ਰਕਾਸ਼ ਨਹੀਂ ਰੱਖਦਾ ਭਾਵ ਗੁਰੂ ਹੁਣ ਆਪ ਹੀ ਬਣ ਬੈਠਾ ਹੈ। ਅਜਿਹੀ ਅਵਸਥਾ ਵਿਚੋਂ ਹੀ ਅਨੇਕਾਂ ਗੁਰੂ ਬਣ ਬੈਠਦੇ ਹਨ ਤੇ ਅਨੇਕਾਂ ਹੀ ਡੇਰੇ ਹੋਂਦ ਵਿਚ ਆ ਜਾਂਦੇ ਹਨ।

ਜਿਹੜਾ ਜੀਵ ਇਸ ਭਿਆਨਕ ਮੋੜ ਤੋਂ ਸਤਿਗੁਰੂ ਜੀ ਦੀ ਹੀ ਅਗਵਾਈ ਵਿਚ ਚੱਲ ਕੇ ਆਪਣਾ ਮਾਰਗ ਅਪਣਾਈ ਰੱਖਦਾ ਹੈ ਉਸ ਉਤੇ ਮਾਇਆ ਦਾ ਇਹ ਰੂਪ ਵੀ ਅਸਰ ਨਹੀਂ ਕਰ ਸਕਦਾ। ਜਿਹੜੇ ਜੀਵ ਅਜਿਹੀ ਅਵਸਥਾ ਵਿਚੋਂ ਸਾਬਤ ਗੁਜ਼ਰ ਗਏ ਉਨ੍ਹਾਂ ਨੇ ਤਾਂ ਸਤਿਗੁਰੂ ਜੀ ਦਾ ਅਥਾਹ ਧੰਨਵਾਦ ਕੀਤਾ।

*ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ॥*
*ਹਮ ਰਾਖੇ ਗੁਰ ਆਪਨੇ ਉਨਿ ਕੀਨੋ ਆਦੇਸੁ॥* (੧੩੬੪)
*ਤਪੁ ਕਰਤੇ ਤਪਸੀ ਭੂਲਾਏ॥ ਪੰਡਿਤ ਮੋਹੇ ਲੋਭਿ ਸਬਾਏ॥*
*ਤ੍ਰੈ ਗੁਣ ਮੋਹੇ ਮੋਹਿਆ ਆਕਾਸੁ॥ ਹਮ ਸਤਿਗੁਰ ਰਾਖੇ ਦੇ ਕਰਿ ਹਾਥੁ॥* (੩੭੦)
*ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ॥*
*ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ॥* (੪੭੬)
*ਦੁਤਰ ਅੰਧ ਬਿਖਮ ਇਹ ਮਾਇਆ॥ ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ॥*
(੩੭੭)

*ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ॥ ਗੁਰਿ ਕਹਿਆ ਇਹ ਝੂਠੀ ਧੋਹੀ॥*
*ਮੁਖਿ ਮੀਠੀ ਖਾਈ ਕਉਰਾਇ॥ ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ॥*
*ਲੋਭ ਮੋਹ ਸਿਉ ਗਈ ਵਿਖੋਟਿ॥ ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ॥* (੧੩੪੭)
*ਇਹ ਠਗਵਾਰੀ ਬਹੁਤੁ ਘਰ ਗਾਲੇ॥ ਹਮ ਗੁਰਿ ਰਾਖਿ ਲੀਏ ਕਿਰਪਾਲੇ॥*

ਗੁਰੂ ਕ੍ਰਿਪਾ ਦਾ ਪਾਤਰ ਬਣ ਕੇ ਰਹਿਣ ਵਾਲੇ ਦੀ ਸੁਰਤਿ ਸ਼ਬਦ ਵਿਚੋਂ ਨਹੀਂ ਵਿਛੜਦੀ। ਇਹ ਇਕ ਵੱਖਰੀ ਵੀਚਾਰ ਹੈ ਕਿ ਇਥੋਂ ਤਕ ਵੀ ਗੁਰੂ ਜੀ ਦੀ ਬਖ਼ਸ਼ਿਸ਼ ਰੂਪ ਬੇੜੀ ਵਿਚ ਬੈਠ ਕੇ ਆਉਣ ਵਾਲੇ ਨੂੰ ਗੁਰੂ ਜੀ ਫਿਰ ਵੀ ਕਿਸੇ ਨਾ ਕਿਸੇ ਤਰ੍ਹਾਂ ਮਾਰਗ 'ਤੇ ਪਾ ਕੇ ਬਖ਼ਸ਼ ਜ਼ਰੂਰ ਦਿੰਦੇ ਹਨ ਪਰ ਅਜਿਹਾ ਝਟਕਾ ਮਾਇਆ ਜ਼ਰੂਰ ਦਿੰਦੀ ਹੈ।

*ਭੂਲੇ ਕਉ ਗੁਰਿ ਮਾਰਗਿ ਪਾਇਆ॥ ਅਵਰ ਤਿਆਗਿ ਹਰਿ ਭਗਤੀ ਲਾਇਆ॥*(੮੬੪)

ਜਿਵੇਂ ਪਿਛੇ ਜ਼ਿਕਰ ਆ ਚੁੱਕਾ ਹੈ ਕਿ ਦੂਸਰਾ ਭਿਆਨਕ ਰੂਪ ਹਉਮੈ ਦਾ ਹੈ, ਇਹ ਸੂਖਸ਼ਮ ਰੂਪ ਹੈ। ਇਥੇ ਜੀਵ ਨੂੰ ਰਸ ਆਉਣ ਲੱਗ ਪੈਂਦਾ ਹੈ ਪਰ ਇਹ ਰਸ ਪਹਿਚਾਨਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਥੇ ਸੰਸਾਰਕ ਵਡਿਆਈ ਮਿਲਣ ਕਰਕੇ ਪਤਾ ਵੀ ਨਹੀਂ ਲਗਦਾ ਕਿ ਕਦੋਂ ਇਹ ਰਸ ਹਉਮੈ ਦੇ ਰਸ ਵਿਚ ਤਬਦੀਲ ਹੋ ਜਾਂਦਾ ਹੈ। ਸੰਸਾਰਕ ਵਡਿਆਈ, ਉਪਮਾਂ ਜਦੋਂ ਪਿਆਰੀ ਲੱਗਦੀ ਹੈ ਤਾਂ ਕਈ ਵਾਰੀ ਸਤਿਗੁਰੂ ਜੀ ਦੀ ਸੱਚੀ ਸਿਖਿਆ ਨੂੰ ਛੁਪਾ ਕੇ ਸੰਸਾਰ ਨੂੰ ਖੁਸ਼ ਕਰਨ ਲਈ ਅਜਿਹਾ ਕਰ ਲੈਂਦਾ ਹੈ। ਹੌਲੀ ਹੌਲੀ ਇਹ ਆਦਤ ਇਤਨੀ ਪੱਕ ਜਾਂਦੀ ਹੈ ਕਿ ਗੁਰੂ ਜੀ ਦੀ ਸਿਖਿਆ ਤਾਂ ਕਿਧਰੇ ਲਾਂਭੇ (ਪਾਸੇ) ਹੀ ਕਰ ਦਿੰਦਾ ਹੈ, ਆਪਣੀ ਹੀ ਪੂਜਾ ਕਰਵਾਉਣ ਬੈਠ ਜਾਂਦਾ ਹੈ।

ਹਰੀ ਦਾ ਵਾਸਾ ਮਨਿ ਅਤੇ ਤਨਿ ਵਿਚ ਹੋਣ ਕਰਕੇ ਸਾਰੇ ਜੈ-ਜੈਕਾਰ ਕਰਦੇ ਹਨ। ਜਿਹੜਾ ਤਾਂ ਸਮਝ ਲੈਂਦਾ ਹੈ ਕਿ ਇਹ ਵਡਿਆਈ ਮੇਰੀ ਨਹੀਂ ਬਲਕਿ ਸਤਿਗੁਰੂ ਪਾਤਿਸ਼ਾਹ ਜੀ ਦੀ ਬਖਸ਼ਿਸ਼ ਹੈ ਉਹ ਤਾਂ ਫਿਰ ਜੁੜਿਆ ਰਹਿੰਦਾ ਹੈ ਅਤੇ ਇਸ ਵਡਿਆਈ ਨੂੰ ਆਪਣੀ ਸਮਝਣ ਵਾਲਾ ਵੀ ਇਥੋਂ ਵਿਛੁੜ ਜਾਂਦਾ ਹੈ।

*ਹਰਿ ਮਨਿ ਤਨਿ ਵਸਿਆ ਸੋਈ॥ ਜੈ ਜੈ ਕਾਰੁ ਕਰੇ ਸਭੁ ਕੋਈ॥*
*ਗੁਰ ਪੂਰੇ ਕੀ ਵਡਿਆਈ॥ ਤਾ ਕੀ ਕੀਮਤਿ ਕਹੀ ਨ ਜਾਈ॥* (੬੨੯)
*ਹਉ ਕੁਰਬਾਨੁ ਜਾਈ ਤੇਰੈ ਨਾਵੈ॥*
*ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ ਸੁ ਜਸੁ ਤੇਰਾ ਗਾਵੈ॥ ਰਹਾਉ॥*
*ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥*
*ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥* (੩੮੩)

ਜਦੋਂ ਜੀਵ ਗੁਰੂ ਬਖਸ਼ਿਸ਼ ਸਦਕਾ ਇਸ ਅਹਿਮ ਮੋੜ ਤੋਂ ਵੀ ਬਚ ਨਿਕਲਦਾ ਹੈ ਤਾਂ ਅਗਲੇਰਾ ਪੰਧ ਸੁਹੇਲਾ ਹੋ ਜਾਂਦਾ ਹੈ। ਇਥੋਂ ਤੱਕ ਮਾਇਆ ਅਤੇ ਹਉਮੈ ਪਿੱਛਾ ਕਰਦੀ ਹੈ।

Sri Satguru Jagjit Singh Ji eLibrary NamdhariElibrary@gmail.com

ਬਾਕੀ ਵਿਕਾਰ ਤਾਂ ਪਹਿਲਾਂ ਹੀ ਰਹਿ ਜਾਂਦੇ ਹਨ ਪਰ ਇਹ ਦੋਵੇਂ ਬਹੁਤ ਦੂਰ ਤੱਕ ਜੀਵ ਨੂੰ ਭਰਮਾਉਣ ਲਈ ਕੋਸ਼ਿਸ਼ ਕਰਦੇ ਰਹਿੰਦੇ ਹਨ। ਅਜਿਹੇ ਸਮੇਂ ਹੀ ਤਾਂ ਸਤਿਗੁਰੂ ਜੀ ਦੀ ਮਹਾਨ ਅਗਵਾਈ ਦੀ ਲੋੜ ਪੈਂਦੀ ਹੈ।

***ਨਾਰਾਇਨ ਨਰਪਤਿ ਨਮਸਕਾਰੈ॥***
***ਐਸੇ ਗੁਰੁ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ॥ ਰਹਾਉ॥*** *(੧੩੦੧)*

# ਆਪੇ ਦੀ ਪਹਿਚਾਣ

ਜ਼ਿੰਦਗੀ ਵਿਚ ਕਿਸੇ ਚੀਜ਼ ਦੀ ਵੀ ਕੀਮਤ ਜਾਂ ਸੰਭਾਲ ਉਸ ਦੀ ਪਹਿਚਾਣ ਕਰਕੇ ਹੈ। ਸੋਨੇ ਦੀ ਪਹਿਚਾਣ ਕਰਕੇ, ਅਸਲੀ ਹੋਵੇ ਤਾਂ ਸੰਭਾਲ ਸੰਭਾਲ ਰੱਖਦਾ ਹੈ ਪਰ ਜੇਕਰ ਨਕਲੀ ਹੋਵੇ ਤਾਂ ਸੁੱਟ ਦਿੰਦਾ ਹੈ। ਇਕ ਬਸ ਵਿਚ ਹੋਰਨਾਂ ਸਵਾਰੀਆਂ ਦੇ ਨਾਲ ਹੀ ਇਕ ਨੌਜੁਆਨ ਬੈਠਾ ਸੀ। ਬੈਠਾ ਬੈਠਾ ਆਪਣੀ ਜੇਬ ਵਿਚੋਂ ਇਕ ਛੋਟਾ ਜਿਹਾ ਪੱਥਰ ਕੱਢ ਕੇ ਸੱਜੇ, ਖੱਬੇ ਹੱਥ ਵਿਚ ਘੁੰਮਾਉਣ ਲੱਗ ਪਿਆ। ਵਕਤ ਪਾਸ ਕਰਨ ਲਈ ਅਜਿਹਾ ਕਰਦਿਆਂ ਅਚਾਨਕ ਇਕ ਬਜ਼ੁਰਗ ਦੀ ਦ੍ਰਿਸ਼ਟੀ ਪੈ ਗਈ। ਨੌਜੁਆਨ ਕੋਲੋਂ ਬਜ਼ੁਰਗ ਨੇ ਉਹ ਪੱਥਰ ਮੰਗ ਕੇ ਦੇਖਿਆ ਤੇ ਕਹਿਣ ਲੱਗਾ ਕਿ ਭਾਈ ਇਹ ਕੀ ਹੈ? ਕੀ ਤੈਨੂੰ ਇਸ ਦੀ ਪਹਿਚਾਣ ਹੈ? ਉਸ ਨੌਜੁਆਨ ਨੇ ਆਖਿਆ ਕਿ ਬਾਬਾ ਜੀ ਇਹ ਤਾਂ ਮੈਨੂੰ ਰਸਤੇ ਵਿਚੋਂ ਲੱਭਿਆ ਸੀ, ਇਕ ਸੋਹਣਾ ਜਿਹਾ ਪੱਥਰ ਹੈ। ਤੁਸੀਂ ਬਜ਼ੁਰਗ ਹੋ ਤੁਸੀਂ ਕ੍ਰਿਪਾ ਕਰਕੇ ਦੱਸ ਦਿਓ ਕਿ, ਕੀ ਚੀਜ਼ ਹੈ? ਬਜ਼ੁਰਗ ਨੇ ਹੱਸ ਕੇ ਆਖਿਆ ਕਿ ਤੂੰ ਤਾਂ ਭਾਈ ਬਹੁਤ ਸੁਭਾਗਾ ਹੈਂ, ਜਿਸ ਨੂੰ ਇਕ ਮਾਮੂਲੀ ਪੱਥਰ ਸਮਝ ਕੇ ਖੇਡ ਰਿਹਾ ਹੈਂ, ਅਸਲ ਵਿਚ ਇਹ ਹੀਰਾ ਹੈ। ਪਹਿਚਾਣ ਨਾ ਹੋਣ ਕਰਕੇ ਇਸ ਤਰ੍ਹਾਂ ਹੱਥਾਂ ਵਿਚ ਭਟਕਾ ਰਿਹਾ ਸੀ। ਨੌਜੁਆਨ ਨੂੰ ਪਤਾ ਲੱਗਾ ਉਸ ਨੇ ਜਲਦੀ ਨਾਲ ਬਜ਼ੁਰਗ ਪਾਸੋਂ ਪਕੜ ਲਿਆ। ਹੁਣ ਆਪਣੇ ਰੁਮਾਲ ਵਿਚ ਬੰਨ ਕੇ ਪਰਸ ਵਿਚ ਪਾ ਕੇ ਆਪਣੇ ਹੱਥਾਂ ਵਿਚ ਸੰਭਾਲ ਲਿਆ। ਬਹੁਤ ਕੋਸ਼ਿਸ਼ ਵਿਚ ਲਗ ਗਿਆ ਕਿ ਕਿਧਰੇ ਇਹ ਹੱਥ ਆਇਆ ਹੀਰਾ ਗੁਆਚ ਨਾ ਜਾਵੇ। ਸਾਰੀ ਸੰਭਾਲ ਪਰਖ ਤੇ ਖਲੋਤੀ ਹੈ। ਇਸ ਉਪਰੋਕਤ ਵੀਚਾਰ ਦੀ ਤਰ੍ਹਾਂ ਹੀ ਮਨੁੱਖੀ ਜ਼ਿੰਦਗੀ ਵੀ ਹੀਰਾ ਹੈ। ਪਹਿਚਾਨਣ ਤੋਂ ਬਿਨਾਂ ਇਸ ਨੂੰ ਮਨੁੱਖ ਵਿਕਾਰਾਂ ਵਿਚ, ਧੰਦਿਆਂ ਵਿਚ ਅਤੇ ਕੁਝ ਖਾਣ ਹੰਢਾਉਣ ਵਿਚ ਗੁਆ ਕੇ ਤੁਰ ਜਾਂਦਾ ਹੈ। ਜੇ ਕਿਧਰੇ ਇਸ ਹੀਰੇ ਦੀ ਪਰਖ ਆ ਜਾਵੇ ਤਾਂ ਇਸ ਨੂੰ ਸੰਭਾਲ ਕੇ ਰੱਖੇਗਾ। ਇਥੋਂ ਤੱਕ ਜਿਸ ਦੇ ਹੱਥ ਹੀਰਾ ਹੋਵੇ ਉਹ ਕੋਸ਼ਿਸ਼ ਕਰਦਾ ਹੈ ਕਿ ਮੈਂ ਅਜਿਹੇ ਰਸਤੇ ਨਾ ਜਾਵਾਂ ਜਿਥੋਂ ਲੁਟੇ ਜਾਣ ਦਾ ਡਰ ਹੋਵੇ। ਮੈਂ ਅਜਿਹੇ ਲੋਕਾਂ ਕੋਲ ਨਾ ਜਾਵਾਂ ਜਿਥੋਂ ਠੱਗਿਆ ਜਾਵਾਂ। ਪਰ ਇਹ ਸਭ ਕੁਝ ਤਾਂ ਸੰਭਵ ਹੈ ਜਿ ਕਿਧਰੇ ਪਹਿਚਾਣ ਹੋ ਜਾਵੇ।

ਦੁਨੀਆਂ ਵਿਚ ਸਭ ਤੋਂ ਔਖੀ ਆਪਣੀ ਪਹਿਚਾਣ ਕਰਨੀ ਹੈ। ਸੰਸਾਰ ਅੰਦਰ ਸਭ ਤੋਂ ਵੱਧ ਪੀਰ, ਪੈਗੰਬਰ ਜਾਂ ਗੁਰੂ ਸਿਰਫ ਇਸ ਲਈ ਹੀ ਆਏ ਕਿ ਮਨੁੱਖ ਨੂੰ ਆਪੇ ਦੀ ਪਹਿਚਾਣ ਹੋ ਜਾਵੇ। ਸੰਸਾਰ ਭਰ ਵਿਚ ਜਿੰਨੇ ਵੀ ਧਰਮ ਗ੍ਰੰਥ ਹਨ ਉਹ ਸਾਰੇ ਹੀ ਆਪੇ ਦੀ ਪਹਿਚਾਣ

Sri Satguru Jagjit Singh Ji eLibrary NamdhariElibrary@gmail.com

ਲਈ ਹੀ ਤਾਂ ਜ਼ੋਰ ਦਿੰਦੇ ਹਨ। ਅਫਸੋਸ ਹੈ ਕਿ ਮਨੁੱਖ ਨੇ ਬਹੁਤ ਕੁਝ ਪਹਿਚਾਣ ਲਿਆ, ਧਰਤੀ ਅੰਦਰ, ਅਕਾਸ਼ ਅੰਦਰ, ਸਮੁੰਦਰਾਂ ਦੀਆਂ ਕੁੱਖਾਂ ਫੋਲ ਮਾਰੀਆਂ ਪਰ ਜੇਕਰ ਪਹਿਚਾਣਿਆ ਨਹੀਂ ਤਾਂ ਆਪਣੇ ਆਪ ਨੂੰ ਨਹੀਂ ਪਹਿਚਾਣਿਆ। ਆਪਣੀ ਪਹਿਚਾਣ ਆਪਣੇ ਔਹੁਦੇ ਕਰਕੇ ਹੀ ਕਰਵਾਉਂਦਾ ਰਿਹਾ। ਆਪਣੀ ਪਹਿਚਾਣ ਧੰਨ ਦੌਲਤ ਨਾਲ ਹੀ ਸਮਝਦਾ ਰਿਹਾ ਪਰ ਜਿਹੜੀ ਅਸਲ ਪਹਿਚਾਣ ਸੀ ਉਸ ਤੋਂ ਨਾਵਾਕਿਫ਼ ਹੀ ਰਿਹਾ। ਇਹ ਪਹਿਚਾਣ ਤਾਂ ਗੁਰੂ ਜੀ ਕੋਲੋਂ ਮਿਲਦੀ ਹੈ। ਉਹ ਪਾਰਖੂ ਨਹੀਂ ਜਿਹੜਾ ਬਾਹਰ ਦੀਆਂ ਹੀ ਚੀਜ਼ਾਂ ਪਰਖਦਾ ਰਹਿੰਦਾ ਹੈ ਅਸਲ ਉਹ ਪਾਰਖੂ ਹੈ, ਜਿਸ ਨੇ ਆਪਣਾ ਆਪ ਪਰਖ ਲਿਆ।

*ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ॥"* (੧੪੮)

ਸ਼ਬਦ ਸੁਰਤਿ ਦੇ ਮੇਲ ਨਾਲ ਬਿਖਮ ਘਾਟੀ ਵੀ ਜਦੋਂ ਪਾਰ ਕਰ ਲਈ ਤਾਂ ਫਿਰ ਇਸ ਪੜਾ 'ਤੇ ਪਹੁੰਚ ਕੇ ਆਪੇ ਦੀ ਪਹਿਚਾਣ ਹੋਈ। ਆਪੇ ਦੀ ਪਹਿਚਾਣ ਨੇ ਹੀ ਸੋਝੀ ਦਿੱਤੀ ਕਿ ਤੇਰਾ ਮੂਲ ਕੀ ਹੈ। ਹੁਣ ਤੱਕ ਇਨ੍ਹਾਂ ਸ਼ਬਦਾਂ ਦਾ ਟਕਰਾ ਸਿਰਫ ਕੰਨਾਂ ਦੇ ਪਰਦਿਆਂ ਨਾਲ ਹੀ ਹੁੰਦਾ ਸੀ ਪਰ ਹੁਣ ਇਹ ਸਭ ਕੁਝ ਸੱਚ ਵੇਖ ਵੀ ਸਕਦਾ ਹੈ ਕਿ-

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*
*ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥* (੪੪੧)

ਗੁਰੂ ਜੀ ਵਲੋਂ ਬੰਖਸ਼ੇ ਗਿਆਨ ਦੀ ਅਜਿਹੀ ਹਨੇਰੀ ਆਈ ਜਿਸ ਨੇ ਮਾਇਆ ਦੇ ਪਰਦੇ, ਭਰਮ ਦੇ ਪਰਦੇ ਉਡਾ ਦਿੱਤੇ। ਪਰਦੇ ਉਡ ਜਾਣ ਕਾਰਨ ਸੱਚ ਨਜ਼ਰ ਆ ਗਿਆ।

*ਦੇਖੌ ਭਾਈ ਗ੍ਯਾਨ ਕੀ ਆਈ ਆਂਧੀ॥*
*ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ॥ ਰਹਾਉ॥*
*ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ॥*
*ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ॥*
*ਆਂਧੀ ਪਾਛੈ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ॥*
*ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ॥* (੩੩੧)

ਜਦੋਂ ਹਿਰਦੇ ਵਿਚੋਂ ਬਲਿਆ ਗੁਰ ਗਿਆਨ ਅੰਧਰਾ ਬਿਨਸਿਆ-

*ਹਰਿ ਰਤਨ ਪਦਾਰਥ ਲਾਧਾ॥* (੪੫੪)

ਹੋ ਗਿਆ ਫਿਰ ਆਪੇ ਦੀ ਪਹਿਚਾਣ ਹੋ ਗਈ। ਆਪਣੇ ਆਪ ਨੂੰ ਪਹਿਚਾਨਣ ਮਗਰੋਂ ਹੋਰ ਵੀ ਨਿਰਮਲ ਗਿਆਨ ਪੈਦਾ ਹੋ ਗਿਆ, ਇਥੇ ਹੀ ਇਹ ਸੋਝੀ ਵੀ ਪੈਦਾ ਹੋ ਗਈ ਕਿ ਮੇਰਾ ਦੁਨੀਆਂ ਵਿਚ ਕੌਣ ਹੈ। ਹੁਣ ਤੱਕ ਜਿਨ੍ਹਾਂ ਨੂੰ ਮੇਰੇ ਮੇਰੇ ਕਹਿ ਕਹਿ ਕੇ ਮੋਹ ਮਮਤਾ ਦੀਆਂ ਜੰਜ਼ੀਰਾਂ ਵਿਚ ਜਕੜਿਆ ਪਿਆ ਸੀ ਉਹ ਸਾਰੀਆਂ ਹੀ ਟੁੱਟ ਗਈਆਂ। ਸਪੱਸ਼ਟ ਪਤਾ ਲੱਗ ਗਿਆ ਕਿ-

*ਇਹ ਜਗਿ ਮੀਤੁ ਨ ਦੇਖਿਓ ਕੋਈ॥*
*ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ॥* (੬੩੩)

ਜਾਂ ਫਿਰ—

*ਜਗਤ ਮੈ ਝੂਠੀ ਦੇਖੀ ਪ੍ਰੀਤਿ॥*
*ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ॥ ਰਹਾਉ॥*
*ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ॥*
*ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ॥ ੧॥* (੫੩੬)

ਇਸ ਮੁਕਾਮ 'ਤੇ ਸਭ ਕੁਝ ਸਪੱਸ਼ਟ ਸਬੰਧ ਦਿੱਸਦਾ ਹੈ। ਜਿਸ ਸੰਸਾਰ ਧਨ ਦੌਲਤ ਆਦਿ ਦੇ ਕੂੜੇ ਮਾਣ ਵਿਚ ਫੱਸ ਕੇ ਰੱਬ ਨੂੰ ਵਿਸਾਰੀ ਰੱਖਿਆ ਉਨ੍ਹਾਂ ਦੀ ਹਕੀਕਤ ਤਾਂ ਇਹ ਹੈ ਕਿ ਇਸ ਸੰਸਾਰਕ ਮੇਲੇ ਵਿਚ ਮਿਲ ਗਏ ਸਨ ਪਰ ਅੰਤਿ ਕਾਲਿ ਦਾ ਕੋਈ ਵੀ ਸੰਗੀ ਨਹੀਂ ਪਰ ਅਜਿਹੀ ਸੋਝੀ ਵੀ ਤਾਂ ਗੁਰੂ ਜੀ ਤੇ ਪ੍ਰਮੇਸ਼ਰ ਦੀ ਕ੍ਰਿਪਾ ਨਾਲ ਹੀ ਮਿਲਦੀ ਹੈ।

*ਕੋਈ ਜਾਨੈ ਕਵਨੁ ਈਹਾ ਜਗਿ ਮੀਤੁ॥*
*ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ॥ ੧॥ ਰਹਾਉ॥*
*ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ॥*
*ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥ ੧॥*
*ਮੁਕਤਿ ਮਾਲ ਕਨਿਕ ਲਾਲ ਹੀਰਾ ਮਨ ਰੰਜਨ ਕੀ ਮਾਇਆ॥*
*ਹਾ ਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ॥ ੨॥*
*ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ॥*
*ਸੰਗਿ ਨ ਚਾਲਿਓ ਇਨ ਮਹਿ ਕਛੂਐ ਊਠਿ ਸਿਧਾਇਓ ਨਾਂਗਾ॥ ੩॥*
*ਹਰਿ ਕੇ ਸੰਤ ਪ੍ਰਿਅ ਪ੍ਰੀਤਮ ਪ੍ਰਭ ਕੇ ਤਾ ਕੈ ਹਰਿ ਹਰਿ ਗਾਈਐ॥*
*ਨਾਨਕ ਈਹਾ ਸੁਖੁ ਆਗੈ ਮੁਖ ਊਜਲ ਸੰਗਿ ਸੰਤਨ ਕੈ ਪਾਈਐ॥* (੭੦੦)

ਸਤਿਗੁਰੂ ਜੀ ਦੇ ਪਵਿੱਤਰ ਸ਼ਬਦ ਦਾ ਵਾਸਾ ਸੁਰਤਿ ਵਿਚ ਹੋ ਜਾਣ ਕਰਕੇ ਪੈਦਾ ਹੋਏ ਚਾਨਣ ਵਿਚੋਂ ਆਪਣੇ ਆਪ ਨੂੰ ਪਹਿਚਾਣ ਲਿਆ। ਆਤਮਾ ਸੱਚ ਅਮਰ ਹੈ। ਸਰੀਰ ਤਾਂ ਸਿਰਫ ਇਸ ਆਤਮਾ ਨੇ ਪਹਿਨਿਆ ਹੋਇਆ ਚੋਲਾ ਹੈ। ਜਿਵੇਂ—ਮਨੁੱਖ ਨਿਤਾਪ੍ਰਤੀ ਕਪੜੇ ਬਦਲਦਾ ਰਹਿੰਦਾ ਹੈ ਪਰ ਉਸ ਨੂੰ ਕਦੇ ਹਰਖੁ, ਸੋਗ ਨਹੀਂ ਵਿਆਪਦਾ। ਇਸੇ ਤਰ੍ਹਾਂ ਹੀ ਹੁਣ ਆਤਮਾ ਨੂੰ ਇਹ ਸਰੀਰਕ ਚੋਲਾ ਤਿਆਗਣਾ ਔਖਾ ਨਹੀਂ ਲੱਗਦਾ। ਜਦੋਂ ਤੱਕ ਸਰੀਰ ਨਾਲ ਸਾਂਝ ਭਾਵ ਬ੍ਰਿਤੀ ਜੁੜੀ ਹੋਣ ਕਰਕੇ ਇਸ ਨੂੰ ਆਪਣਾ ਸਭ ਕੁਝ ਹੀ ਜਾਣਦਾ ਸੀ, ਉਦੋਂ ਤੱਕ ਇਹ ਡਰ ਬਣਿਆ ਰਹਿੰਦਾ ਸੀ ਕਿ ਇਹ ਸਰੀਰ ਕਿਧਰੇ ਮੇਰੇ ਕੋਲੋਂ ਬਿਨਸ ਨਾ ਜਾਇ। ਮੌਤ ਦੀ ਵੀ ਪਹਿਚਾਣ ਹੋ ਗਈ। ਸਰੀਰ ਦਾ ਚੋਲਾ ਉਤਾਰਨਾ ਮੌਤ ਨਹੀਂ ਹੁੰਦੀ। ਮੌਤ ਤਾਂ ਸਗੋਂ ਉਦੋਂ ਹੁੰਦੀ ਹੈ ਜਦੋਂ ਸਰੀਰ ਨਾਲ ਜੁੜ ਜਾਣ ਕਰਕੇ ਰੱਬ ਹੀ ਵਿਸਰ ਜਾਂਦਾ ਹੈ। ਆਤਮਾ ਅਤੇ ਸਰੀਰ ਦੇ

ਵਿਛੋੜੇ ਦਾ ਨਾਂ ਮੌਤ ਨਹੀਂ, ਇਹ ਤਾਂ ਚੋਲਾ ਤਿਆਗ ਕੇ ਪ੍ਰਮੇਸ਼ਰ ਦੇ ਘਰ ਆਤਮਾ ਦਾ ਜਾਣਾ ਹੈ। ਆਪਣੇ ਘਰ ਜਾਣ ਨੂੰ ਮੌਤ ਨਹੀਂ ਕਹਿੰਦੇ। ਆਤਮਾ ਤਾਂ ਅਸਲ ਵਿਚ ਪ੍ਰਮਾਤਮਾ ਦੀ ਹੀ ਅੰਸ਼ ਹੈ। ਇਹ ਸਮੁੰਦਰ ਵਿਚੋਂ ਵੱਖ ਹੋਇਆ ਪਾਣੀ ਦਾ ਹੀ ਕਤਰਾ ਹੈ। ਇਹ ਕਤਰਾ ਹੋਣ ਕਰਕੇ ਆਤਮਾ ਹੈ, ਉਹ ਵੱਡਾ ਸਮੁੰਦਰ ਹੋਣ ਕਰਕੇ ਪਰਮ, ਆਤਮਾ ਹੈ ਪਰ ਇਹ ਹੈ ਪਰਮ ਆਤਮਾ ਦਾ ਹੀ ਰੂਪ। ਆਤਮਾ ਪ੍ਰਮਾਤਮਾ ਤੋਂ ਵੱਖਰੀ ਨਹੀਂ।

***ਕਹੁ ਕਬੀਰ ਇਹੁ ਰਾਮ ਕੀ ਅੰਸੁ॥ ਜਸ ਕਾਗਦ ਪਰ ਮਿਟੈ ਨ ਮੰਸੁ॥*** *(੮੭੧)*

ਆਪੇ ਦੀ ਪਹਿਚਾਣ ਨਾ ਹੋਣ ਕਰਕੇ ਨਾ ਤਾਂ ਇਹ ਪਤਾ ਸੀ ਕਿ ਮੈਂ ਕੌਣ ਹਾਂ ਨਾ ਇਹ ਪਤਾ ਸੀ ਮੇਰਾ ਕੌਣ ਹੈ ਅਤੇ ਨਾ ਹੀ ਇਹ ਪਤਾ ਸੀ ਕਿ ਮੇਰਾ ਘਰ ਕਿਹੜਾ ਹੈ। ਆਪੇ ਦੀ ਪਹਿਚਾਣ ਨੇ ਸਭ ਕੁਝ ਸਪੱਸ਼ਟ ਕਰ ਦਿੱਤਾ। ਮੈਂ ਕੌਣ ਹਾਂ ਤਾਂ ਸੁਆਲ ਹੱਲ ਹੋ ਗਿਆ ਜਦੋਂ ਆਤਮ ਗਿਆਨ ਮਿਲਿਆ। ਮੇਰਾ ਕੇਵਲ ਤੇ ਕੇਵਲ ਪ੍ਰਮੇਸ਼ਰ ਹੀ ਹੈ ਤੇ ਮੇਰੇ ਘਰ ਦਾ ਨਾਂ ਨਿੱਜ ਘਰ ਹੈ ਜਿਥੇ ਵੱਸਣ ਮਗਰੋਂ ਭਟਕਣਾ ਨਹੀਂ ਪੈਂਦਾ ਮੇਰਾ ਦੇਸ਼ ***"ਨਿਰੰਕਾਰ ਕੈ ਦੇਸਿ ਜਾਹਿ"*** *(੫੯੫)* ਦੇ ਬਚਨ ਮੁਤਾਬਿਕ ਮੇਰਾ ਦੇਸ਼ ਨਿਰੰਕਾਰ ਦਾ ਦੇਸ਼ ਹੈ। ਉਸ ਦੇਸ਼ ਵਿਚ ਬੇਗਮਪੁਰਾ ਸ਼ਹਿਰ ਦਾ ਨਾਂ ਹੈ। ਜਿਸ ਵਿਚ ਨਿਜ ਘਰ, ਮੇਰਾ ਘਰ ਹੈ।

ਮੂਲ ਨਾ ਬੁਝਣ ਕਾਰਣ ਜਿਹੜਾ ਸਰੀਰ ਪਾਪਾਂ ਦਾ ਅੱਡਾ, ਵਿਕਾਰਾਂ ਦਾ ਘਰ ਅਤੇ ਰਸ ਕਸਾਂ ਦਾ ਗੁਲਾਮ ਬਣਿਆ ਰਿਹਾ ਪਰ ਹੁਣ ਅੰਦਰ ਸਤਿਗੁਰੂ ਜੀ ਦਾ ਪਵਿੱਤਰ ਸ਼ਬਦ ਵਸ ਜਾਣ ਕਰਕੇ ਚਾਨਣ ਹੀ ਚਾਨਣ ਹੋ ਗਿਆ। ਕਾਇਆ ਅੰਦਰ ਰਤਨਾਂ ਦੀ ਕੋਠੜੀ ਖੁਲ੍ਹ ਗਈ ਜਿਸ ਦੀ ਉਪਮਾ ਲਈ ਕੁਝ ਕਿਹਾ ਹੀ ਨਹੀਂ ਜਾ ਸਕਦਾ।

***ਸਤਿਗੁਰ ਸਬਦਿ ਉਜਾਰੋ ਦੀਪਾ॥***
***ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ॥*** *(੮੨੧)*
***ਕਾਇਆ ਨਗਰਿ ਬਸਤ ਹਰਿ ਸੁਆਮੀ ਹਰਿ ਨਿਰਭਉ ਨਿਰਵੈਰੁ ਨਿਰੰਕਾਰਾ॥***
***ਹਰਿ ਨਿਕਟਿ ਬਸਤ ਕਛੁ ਨਦਰਿ ਨ ਆਵੈ ਹਰਿ ਲਾਧਾ ਗੁਰ ਵੀਚਾਰਾ॥*** *(੭੨੦)*
***ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ॥***
***ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ॥*** *(੭੫੪)*

ਇਹ ਕਾਇਆ ਨੂੰ ਤਾਂ ਹੁਣ ਰੱਬ ਮੰਦਰ ਹੀ ਜਾਣਿਆ ਜਾਂਦਾ ਹੈ। ਇਸ ਕਾਂਇਆਂ ਅੰਦਰਿ ਵਸਦੀ ਜੋਤਿ ਨੇ ਅੰਦਰ ਚਾਨਣ ਬਿਖੇਰ ਦਿੱਤਾ ਜਿਸ ਨਾਲ ਸਪੱਸ਼ਟ ਹੋ ਗਿਆ ਕਿ-

***ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥***
***ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥***
***ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ॥*** *(੩੦੯)*

ਕਾਂਇਆਂ ਤਾਂ ਮਾਨੋ ਅਜਿਹਾ ਕਿਲ੍ਹਾ ਬਣ ਗਈ ਜਿਸ ਅੰਦਰ ਹੀ ਅੰਦਰ ਸੱਚ ਦਾ ਵਪਾਰ

ਸ਼ੁਰੂ ਹੋ ਗਿਆ। ਗੁਰਮੁਖ ਸੇਵਕ ਅੰਦਰ ਹੀ ਅੰਦਰ ਸੁਆਸਾਂ ਨੂੰ ਵੇਚ ਕੇ ਰੱਬ ਦੇ ਨਾਮ ਦਾ ਹੀਰਾ ਖੱਟਦੇ ਰਹਿੰਦੇ ਹਨ। ਇਸ ਕਾਂਇਆਂ ਦੇ ਕਿਲ੍ਹੇ ਨੂੰ ਛੱਡ ਕੇ ਸਗੋਂ ਜਿਹੜਾ ਬਾਹਰ ਦੇ ਧਨ ਪਦਾਰਥਾਂ ਦੀ ਇਕੱਤਰਤਾ ਵਿਚ ਲੱਗ ਕੇ ਸੁਆਸਾਂ ਦੀ ਕੀਮਤੀ ਪੂੰਜੀ ਗਵਾਉਂਦਾ ਰਹਿੰਦਾ ਸੀ, ਉਹ ਤਾਂ ਹੁਣ ਮੂੜ, ਮੂਰਖ ਨਜ਼ਰ ਆਉਂਦੇ ਹਨ ਜਿਨ੍ਹਾਂ ਨੇ ਅੰਦਰੋਂ ਨਹੀਂ ਲੱਭਿਆ, ਉਨ੍ਹਾਂ ਨੂੰ ਬਾਹਰ ਵੀ ਨਹੀਂ ਲੱਭਣਾ।

*ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟਨਾਲੇ॥*
*ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ॥*
*ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ॥*
*ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ ਸੇ ਮੂੜ ਬੇਤਾਲੇ॥*
*ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ॥* (੩੦੯)

ਗੁਰੂ ਕ੍ਰਿਪਾ ਨਾਲ ਜਿਨ੍ਹਾਂ ਨੇ ਕਾਇਆ ਕੋਠੜੀ ਨੂੰ ਫੋਲਿਆ, ਉਨ੍ਹਾਂ ਤਾਂ ਇਥੋਂ ਤੱਕ ਕਹਿ ਦਿੱਤਾ ਕਿ—

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥*
*ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥* (੬੯੫)

ਇਸ ਤਰ੍ਹਾਂ ਆਤਮਾ ਦੀ ਪਹਿਚਾਣ ਕਰ ਲੈਣ ਵਾਲਾ ਜਗਿਆਸੂ ਪ੍ਰਮਾਤਮ ਦੇਵ ਵਰਗਾ ਹੀ ਬਣ ਜਾਂਦਾ ਹੈ-

*ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥* (੪੨੧)

# ਬਿਨਉ ਮੋਹਿ ਸਾਰਿਆ

ਆਪੇ ਦੀ ਪਹਿਚਾਣ ਕਰ ਲੈਣ ਨਾਲ ਸਾਰੇ ਮਨੁੱਖੀ ਦਾਹਵੇ ਟੁੱਟ ਜਾਂਦੇ ਹਨ। ਮਨੁੱਖ ਨੂੰ ਆਪਣੇ ਅਵਗੁਣ ਵੀ ਨਜ਼ਰ ਆਉਣ ਲੱਗ ਪੈਂਦੇ ਹਨ। ਹੁਣ ਆਪਣੇ ਅਉਗਣਾਂ ਵੱਲ ਦੇਖ ਕੇ ਇਲਾਹੀ ਚਰਨਾਂ ਵਿਚ ਅਰਦਾਸਾਂ ਬੇਨਤੀਆਂ ਕਰਦਾ ਹੈ। ਅਰਦਾਸ ਤਾਂ ਪਹਿਲਾਂ ਵੀ ਕਈ ਵਾਰੀ ਕਰਦਾ ਸੀ ਪਰ ਪਹਿਲਾਂ ਅਰਦਾਸ ਜ਼ੁਬਾਨ ਤੋਂ ਹੀ ਕਰਦਾ ਸੀ। ਹਿਰਦੇ ਨਾਲ ਭਿਜ ਕੇ ਕਦੇ ਜੋਦੜੀ ਨਹੀਂ ਸੀ ਕਰਦਾ। ਹੁਣ ਆਪਣੇ ਅਉਗੁਣ ਤੱਕ ਕੇ ਨਿਮਰਤਾ ਭਾਵ ਪੈਦਾ ਹੋ ਗਿਆ। ਇਹ ਅਵਸਥਾ ਵੀ ਬਹੁਤ ਪਿਆਰੀ ਹੈ ਜਿਥੇ ਖਲੋ ਕੇ ਜੀਵ ਦੋ ਗੱਲਾਂ ਪ੍ਰਤੱਖ ਵੇਖਦਾ ਹੈ। ਇਕ ਆਪਣੇ ਅਉਗੁਣ, ਦੂਜਾ ਰੱਬੀ ਬਖਸ਼ਿਸ਼ਾਂ। ਪਹਿਲਾਂ ਤਾਂ ਹਰ ਕਾਰਜ ਦਾ ਦਾਹਵਾ ਬੰਨ੍ਹ ਬੈਠਦਾ ਸੀ। ਸੇਵਾ ਸਿਮਰਨ ਕਰਦਾ ਥੋੜ੍ਹਾ ਸੀ ਪਰ ਦਾਹਵੇ ਬਹੁਤ ਬੰਨ੍ਹਦਾ ਸੀ-

*ਸੇਵਾ ਥੋਰੀ ਮਾਗਨੁ ਬਹੁਤਾ॥ ਮਹਲੁ ਨ ਪਾਵੈ ਕਹਤੌ ਪਹੁਤਾ॥* (੭੩੮)

ਹੁਣ ਜਦੋਂ ਆਪਣੀਆਂ ਕਮੀਆਂ ਦੇ ਮੁਕਾਬਲੇ ਪ੍ਰਮੇਸ਼ਰ ਦੀਆਂ ਰਹਿਮਤਾਂ ਨੂੰ ਹਿਰਦੇ ਦੇ ਤਰਾਜ਼ੂ ਵਿਚ ਪਾ ਕੇ ਤੋਲਦਾ ਹੈ ਤਾਂ ਸਗੋਂ ਅਰਦਾਸਾਂ ਕਰਦਾ ਹੈ ਕਿ—

*ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ॥*
*ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ॥*
*ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥*
*ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ॥* (੮੦੯)

ਗੁਰੂ ਜੀ ਦੀ ਮਤਿ ਲੈ ਕੇ ਚਲਦਿਆਂ ਚਲਦਿਆਂ-

*ਆਪਨੜੈ ਗਿਰੀਵਾਨ ਮਹਿ ਸਿਰ ਨੀਵਾਂ.....*

ਕਰਕੇ ਦੇਖਣ ਨਾਲ ਸਪੱਸ਼ਟ ਹੋ ਗਿਆ ਕਿ ਉਹੀ ਜੀਵ ਨਿਰੰਕਾਰ ਦੇ ਦਰਬਾਰ ਪ੍ਰਵਾਨਿਆ ਜਾਂਦਾ ਹੈ, ਜਿਹੜਾ ਨਿਮਰਤਾ ਭਾਵ ਦਾ ਧਾਰਨੀ ਹੋਵੇ। ਹੁਣ ਤੱਕ ਬਹੁਤ ਲੜਾਈ ਰਹੀ ਕਿ ਮੈਂ ਸਿਆਣਾ ਹਾਂ ਤੇ ਦੂਜੇ ਸਾਰੇ ਮੂਰਖ ਹਨ ਪਰ ਆਪਣੇ ਆਪ ਨੂੰ ਜਾਣਨ ਵਾਲਾ ਅਜਿਹਾ ਨਹੀਂ ਕਹਿੰਦਾ ਉਹ ਤਾਂ ਸਗੋਂ ਉੱਚੀ ਉੱਚੀ ਪੁਕਾਰ ਕਹਿੰਦਾ ਹੈ ਕਿ-

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥* (੧੩੬੪)

ਭਲਾਈ ਉਸ ਤੋਂ ਤਾਂ ਕੋਹਾਂ ਦੂਰ ਰਹਿੰਦੀ ਹੈ, ਜਿਹੜਾ ਆਪਣੇ ਆਪ ਨੂੰ ਹੀ ਭਲਾ ਸਮਝਦਾ ਰਹਿੰਦਾ ਸੀ ਅਸਲ ਵਿਚ ਜਿਸ ਦਾ ਮਨ ਚਰਨਾਂ ਦੀ ਧੂੜੀ ਬਣ ਜਾਂਦਾ ਹੈ ਭਾਵ ਨਿਮਰਤਾ ਭਾਵ ਧਾਰਨ ਕਰ ਲੈਂਦਾ ਹੈ। ਜਿਹੜਾ ਵੀ ਕੋਈ ਕਰਮ ਕਮਾਉਂਦਾ ਹੈ, ਉਹ ਰੱਬੀ ਭਾਣਾ ਸਮਝ ਕੇ ਦੁਨਿਆਵੀ ਪ੍ਰੇਮ ਸਤਿਕਾਰ ਵਿਚ ਪੈ ਕੇ ਰੱਬ ਭੁਲਣ ਦੀ ਬਜਾਇ ਪ੍ਰਭੂ ਸਿਮਰਨ ਵਿਚ ਜੁੜਿਆ ਰਹਿੰਦਾ ਹੈ। ਸਪੱਸ਼ਟ ਪਤਾ ਲੱਗ ਗਿਆ-

***ਆਪਸ ਕਉ ਜੋ ਭਲਾ ਕਹਾਵੈ॥ ਤਿਸਹਿ ਭਲਾਈ ਨਿਕਟਿ ਨ ਆਵੈ॥***
***ਸਰਬ ਕੀ ਰੇਨ ਜਾ ਕਾ ਮਨੁ ਹੋਇ॥ ਕਹੁ ਨਾਨਕ ਤਾ ਕੀ ਨਿਰਮਲ ਸੋਇ॥*** *(੨੭੯)*

ਸਾਂਈ ਦੇ ਦਰਬਾਰ ਹਿਰਦਾ ਇਹੋ ਹੀ ਪੁਕਾਰਦਾ ਰਹਿੰਦਾ ਹੈ ਕਿ-

***ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ॥***
***ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ॥***
***ਭਗਤਿ ਵਛਲੁ ਤੇਰਾ ਬਿਰਦੁ ਹਰਿ ਪਤਿਤ ਉਧਾਰਿਆ॥***
***ਤੁਝ ਬਿਨੁ ਨਾਹੀ ਕੋਇ ਬਿਨਉ ਮੋਹਿ ਸਾਰਿਆ॥***
***ਕਰੁ ਗਹਿ ਲੇਹੁ ਦਇਆਲ ਸਾਗਰ ਸੰਸਾਰਿਆ॥*** *(੭੦੯)*

ਇਲਾਹੀ ਰਹਿਮਤ ਦਾ ਪ੍ਰਤੱਖ ਕ੍ਰਿਸ਼ਮਾ ਵਾਪਰਦਾ ਹੈ, ਜਦੋਂ ਕਿਸੇ ਦੇ ਹਿਰਦੇ ਵਿਚ ਅਜਿਹੀ ਗਰੀਬੀ ਦਾ ਨਿਵਾਸ ਹੁੰਦਾ ਹੈ। ਇਹੋ ਗਰੀਬੀ ਹੀ ਮੁਕਤੀ ਦੀ ਦਾਤਿ ਅਤੇ ਸਦੀਵੀ ਸੁਖ ਪ੍ਰਦਾਨ ਕਰ ਸਕਦੀ ਹੈ। ਦੁਨਿਆਵੀ ਗਰੀਬੀ ਤਾਂ ਬਹੁਤ ਦੁਨੀਆਂ ਕੋਲ ਹੈ ਪਰ ਹਿਰਦੇ ਦਾ ਗਰੀਬ ਤਾਂ ਕੋਈ ਵਿਰਲਾ ਹੀ ਹੁੰਦਾ ਹੈ। ਵੇਈਂ ਨਦੀ ਦੇ ਕਿਨਾਰੇ ਸੁਲਤਾਨਪੁਰ ਦੀ ਧਰਤੀ 'ਤੇ ਜਦੋਂ ਰੱਬ ਅਤੇ ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਪ੍ਰਮਾਰਥੀ ਗੁਫਤਗੂ ਕੀਤੀ ਸੀ ਤਾਂ ਤਿੰਨ ਦਾਤਾਂ ਹੀ ਸੰਸਾਰ ਵਿਚ ਵੰਡਣ ਵਾਸਤੇ ਦਿੱਤੀਆਂ ਸਨ। ਇਨ੍ਹਾਂ ਤਿੰਨਾਂ ਦਾਤਾਂ ਵਿਚੋਂ ਨਉ ਨਿਧਿ, ਨਾਮ, ਗਰੀਬੀ, ਅਖੀਰੀ ਦਾਤ ਸੀ। ਕਿਸਾਨ ਸਾਰੀ ਮਿਹਨਤ ਕਰਕੇ ਜਦੋਂ ਬੀਜ ਬੋ ਦਿੰਦਾ ਹੈ ਤਾਂ ਸੁਹਾਗਾ ਮਾਰ ਕੇ ਫਿਰ ਮਿੱਟੀ ਉਤੇ ਪਾ ਦਿੰਦਾ ਹੈ ਤਾਂ ਕਿ ਧਰਤੀ ਦੀ ਕੁੱਖ ਵਿਚ ਦਬਿਆ ਬੀਜ ਬੂਟਾ ਬਣ ਸਕੇ, ਇਸ ਬੂਟੇ ਦਾ ਰਖਵਾਲਾ ਵੀ ਬਿਠਾਉਂਦਾ ਹੈ। ਕਿਧਰੇ ਇਸ ਬੂਟੇ ਨੂੰ ਪਸ਼ੂ ਹੀ ਨਾ ਉਜਾੜ ਜਾਣ। ਇਸ ਤਰ੍ਹਾਂ ਹੀ ਹਿਰਦੇ ਦੀ ਖੇਤੀ ਤਿਆਰ ਕਰਕੇ ਨਾਮ ਦਾ ਬੀਜ ਬੋ (ਬੀਜ) ਦਿੱਤਾ ਫਿਰ ਇਸ ਪੈਦਾ ਹੋਏ ਇਮਾਨ ਦੇ ਬੂਟੇ ਦੀ ਰਾਖੀ ਗਰੀਬੀ ਨੂੰ ਹੀ ਬਿਠਾਉਣਾ ਪੈਂਦਾ ਹੈ।

***ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥*** *(੫੯੫)*

ਹਿਰਦੇ ਦੀ ਗਰੀਬੀ ਆਪਣੀ ਮਿਹਨਤ ਨਾਲ ਨਹੀਂ ਸਗੋਂ ਪ੍ਰਭੂ ਦੀ ਮਿਹਰ ਨਾਲ ਮਿਲਦੀ ਹੈ—

***ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥***
***ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥*** *(੨੭੮)*

Sri Satguru Jagjit Singh Ji eLibrary NamdhariElibrary@gmail.com

ਅਜਿਹੀ ਹਿਰਦੇ ਦੀ ਗਰੀਬੀ ਦਾ ਧਾਰਨੀ ਹੀ ਅਜਿਹੀ 'ਬਿਨਉ ਮੋਹਿ ਸਾਰਿਆ' ਭਾਵ ਅਰਦਾਸ ਕਰ ਸਕਦਾ ਹੈ ਕਿ-

*ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ॥*
*ਕੇਤੇ ਗਨਉ ਅਸੰਖ ਅਵਗਣ ਮੇਰਿਆ॥* (੭੦੪)

ਸਾਰੇ ਸ਼ੁਭ ਗੁਣਾਂ ਦਾ ਤੱਤ ਇਥੇ ਪ੍ਰਗਟ ਹੋ ਜਾਂਦਾ ਹੈ ਅਰਥਾਤ, ਨਿਮਰਤਾ ਦਾ ਜਨਮ ਹੋ ਜਾਂਦਾ ਹੈ। ਜਿਸ ਨਾਲ ਸਿਰਫ ਮਿਠਾਸ ਹੀ ਮਿਠਾਸ ਹੁੰਦੀ ਹੈ।

*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈ ਤਤੁ॥* (ਆਸਾ ਦੀ ਵਾਰ)

# ਗੁਰ ਪਰਸਾਦੀ ਜਿਨਾ ਲਿਵ ਲਾਗੀ

ਗੁਰੂ ਸ਼ਬਦ ਦੇ ਪ੍ਰਕਾਸ਼ ਨਾਲ ਆਪਣੇ ਔਗੁਣ ਦੇਖ ਕੇ ਕਬੂਲ ਕਰ ਲਿਆ ਕਿ *"ਸਚੈ ਸਾਹਿਬ ਸਭ ਗੁਣ, ਅਉਗਣ ਸਭ ਅਸਾਂਹ॥"* ਫਿਰ ਇਨ੍ਹਾਂ ਦੀ ਮੁਆਫੀ ਵਾਸਤੇ ਅਰਦਾਸ ਵੀ ਜ਼ੁਬਾਨੋਂ ਨਹੀਂ, ਹਿਰਦੇ ਦੇ ਤਲ ਤੋਂ ਪੈਦਾ ਹੋਈ। ਹਿਰਦਾ ਬਖ਼ਸ਼ਿਸ਼ ਲਈ ਪਪੀਹੇ ਵਾਂਗ ਪੁਕਾਰ ਉਠਿਆ। ਆਖਿਰ ਰਹਿਮਤਾਂ ਦੀ ਵਰਖਾ ਹੋਈ ਜਿਸ ਨਾਲ—

*ਭਨਤਿ ਨਾਨਕ ਭਰਮ ਪਟ ਖੂਲ੍ਹੇ ਗੁਰ ਪਰਸਾਦੀ ਜਾਨਿਆ॥*
*ਸਾਚੀ ਲਿਵ ਲਾਗੀ ਹੈ ਭੀਤਰਿ ਸਤਿਗੁਰ ਸਿਉ ਮਨੁ ਮਾਨਿਆ॥* (੬੬੬)

ਗੁਰੂ ਬਖਸ਼ਿਸ਼ ਨਾਲ ਇਹ ਸਪੱਸ਼ਟ ਹੋ ਗਿਆ ਕਿ ਜਿਸ ਸੰਸਾਰ ਨੂੰ ਹੁਣ ਤੱਕ ਸਮਝ ਨਹੀਂ ਸੀ ਸਕਿਆ ਕਿ ਸੰਸਾਰ ਚੰਗਾ, ਮਾੜਾ ਨਹੀਂ ਬਲਕਿ ਲਿਵ ਟੁੱਟ ਜਾਵੇ ਤਾਂ ਹੋਰ ਦਿੱਸਦਾ ਹੈ ਅਤੇ ਜੇ ਲਿਵ ਜੁੜ ਜਾਵੇ ਤਾਂ ਹੋਰ ਦਿੱਸਦਾ ਹੈ। ਮਨੁੱਖ ਦੀ ਆਪਣੀ ਹੀ ਦਸ਼ਾ ਅਨੁਸਾਰ ਨਜ਼ਰ ਆਉਂਦਾ ਹੈ। ਜਦੋਂ ਲਿਵ ਟੁੱਟ ਜਾਵੇ ਤਾਂ ਇਹੋ ਸੰਸਾਰ ਦੁੱਖਾਂ ਦਾ ਘਰ, ਕਲੇਸ਼, ਝਗੜੇ ਵਿਕਾਰੀ ਭਾਵਨਾ ਆਦਿਕ ਹੋਣ ਕਰਕੇ ਵਿਸ ਸੰਸਾਰ ਦਿੱਸਦਾ ਹੈ। ਜਦੋਂ ਝੂਠ ਦਾ ਝੂਠ ਨਾਲ ਹੀ ਪਿਆਰ ਪੈ ਜਾਵੇ ਤਾਂ ਸੱਚਾ ਪ੍ਰਮੇਸ਼ਰ ਵਿਸਰ ਜਾਂਦਾ ਹੈ, ਜਿਸ ਕਰਕੇ ਸਭ ਕੁਝ ਕੂੜ ਹੀ ਨਜ਼ਰ ਆਉਂਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਕੂੜ ਨਜ਼ਰ ਆਉਣ ਦੇ ਬਾਵਜੂਦ ਵੀ ਛੱਡ ਨਹੀਂ ਪਾਉਂਦਾ ਕਿਉਂਕਿ ਕੂੜ ਮਿੱਠਾ ਬਹੁਤ ਲੱਗਦਾ ਹੈ, ਕੂੜ ਵਿਚੋਂ ਤਾਂ ਸ਼ਹਿਦ ਵਰਗਾ ਰਸ ਮਾਣਦਾ ਹੈ। ਜਿਸ ਦਿਨ ਲਿਵ ਲੱਗ ਗਈ ਉਸ ਦਿਨ ਸਪੱਸ਼ਟ ਹੋ ਗਿਆ ਕਿ ਤੇਰੇ ਤੋਂ ਬਿਨਾਂ, ਹੇ ਵਾਹਿਗੁਰੂ ! ਜੀ ਸਭ ਕੁਝ ਹੀ ਕੂੜ ਹੈ।

*ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥ ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥*
*ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ॥ ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥*
*ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥ ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥*
*ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥ ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥*
*ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥* (੪੬੮)

ਅੰਦਰ ਲਿਵ ਲੱਗ ਜਾਣ ਕਰਕੇ ਇਹ ਸੰਸਾਰ ਹੁਣ ਕੂੜ ਨਜ਼ਰ ਨਹੀਂ ਆਉਂਦਾ ਬਲਕਿ ਗੁਰੂ ਜੀ ਵਲੋਂ ਬੈਖਸ਼ੀ ਦ੍ਰਿਸ਼ਟੀ ਨਾਲ ਤੱਕਦਾ ਹੋਇਆ ਆਖਦਾ ਹੈ ਕਿ ਜੇਕਰ ਰੱਬ ਸੱਚਾ ਹੈ

ਫਿਰ ਉਸ ਦੀ ਕ੍ਰਿਤ ਕਿਵੇਂ ਕੂੜ ਹੋ ਸਕਦੀ ਹੈ। ਉਹ ਆਪ ਅੰਮ੍ਰਿਤ ਰੂਪ ਹੈ, ਉਸ ਦੀ ਕ੍ਰਿਤ ਕਿਵੇਂ ਜ਼ਹਿਰ ਰੂਪ ਹੋ ਸਕਦੀ ਹੈ।

***ਆਪਿ ਸਤਿ ਕੀਆ ਸਭੁ ਸਤਿ॥ ਤਿਸੁ ਪ੍ਰਭ ਤੇ ਸਗਲੀ ਉਤਪਤਿ॥*** (੨੮੪)

ਇਸ ਲਈ-

***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥***
***ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ॥*** (੪੬੩)

ਜਾਂ ਫਿਰ—

***ਸਚੇ ਤੇਰੇ ਖੰਡ ਸਚੇ ਬ੍ਰਹਮੰਡ॥ ਸਚੇ ਤੇਰੇ ਲੋਅ ਸਚੇ ਆਕਾਰ॥*** (੪੬੩)

ਅਸਲ ਵਿਚ ਸਾਰਾ ਕੁਝ ਲਿਵ ਦੇ ਟੁੱਟ ਅਤੇ ਮੁੜ ਜੁੜ ਜਾਣ ਦਾ ਹੀ ਖੇਲ ਹੈ। ਧਰਮ ਦੀ ਸਾਧਨਾ ਤਾਂ ਇਸ ਲਈ ਹੀ ਹੈ ਕਿ ਲਿਵ ਜੁੜ ਜਾਵੇ ਤਾਂ ਕਿ ਮੁੜ ਕੁਦਰਤਿ ਦੀ ਚਾਦਰ ਪਹਿਨ ਕੇ ਅਤੇ ਆਪਣੇ ਆਪ ਨੂੰ ਛੁਪਾ ਕੇ ਬੈਠਾ ਕਾਦਰ ਦਿੱਸ ਜਾਵੇ ਜਿਨ੍ਹਾਂ ਨੇ ਧਾਰਮਿਕ ਸਾਧਨਾ ਕਰਕੇ ਗੁਰੂ ਸ਼ਬਦ ਦੀ ਕਮਾਈ ਵਿਚੋਂ ਇਹ ਘਾਲਣਾ ਘਾਲੀ ਫਿਰ ਉਨ੍ਹਾਂ ਨੇ ਤਾਂ ਕਹਿ ਦਿੱਤਾ ਕਿ ਕਾਦਰ ਕੁਦਰਤਿ ਤੋਂ ਵੱਖਰਾ ਨਹੀਂ। ਕ੍ਰਿਤ ਹਮੇਸ਼ਾਂ ਕਰਤੇ ਨੂੰ ਵੀ ਪ੍ਰਗਟ ਕਰਦੀ ਹੈ। ਆਮ ਸੰਸਾਰੀ ਬੰਦਾ ਕ੍ਰਿਤ ਤੱਕ ਹੀ ਰੁਕ ਜਾਂਦਾ ਹੈ ਪਰ ਗੁਰੂ ਦਾ ਸਮਝਾਇਆ ਪੁਰਖ ਇਹ ਜਾਣਦਾ ਹੈ ਕਿ ਜੇ ਕ੍ਰਿਤ ਹੈ ਤਾਂ ਕਿਧਰੇ ਨਾ ਕਿਧਰੇ ਕਰਤਾ ਵੀ ਜ਼ਰੂਰ ਹੋਵੇਗਾ। ਕ੍ਰਿਤ ਅਸਲ ਵਿਚ ਕਰਤੇ ਦੀ ਹੀ ਹੋਂਦ ਦਾ ਪ੍ਰਤੱਖ ਸਬੂਤ ਹੈ, ਇਹ ਗੱਲ ਵੱਖਰੀ ਕਿ ਕਰਤਾ ਹਮੇਸ਼ਾਂ ਦਾਨੀ ਜਾਂ ਸੁਘੜ ਅੱਖ ਨਾਲ ਨਜ਼ਰ ਆਉਂਦਾ ਹੈ। ਜਿਵੇਂ ਘਰਾਂ ਵਿਚ ਬਹੁਤ ਸੁੰਦਰ ਤਸਵੀਰਾਂ ਲੱਗੀਆਂ ਹੁੰਦੀਆਂ ਹਨ। ਹਰ ਬੰਦਾ ਉਨ੍ਹਾਂ ਤਸਵੀਰਾਂ ਦੀ ਤਾਰੀਫ ਵੀ ਕਰਦਾ ਹੈ ਕਿਉਂਕਿ ਤਸਵੀਰਾਂ ਦੀ ਸੁੰਦਰਤਾ ਮੋਹਿਤ ਕਰ ਲੈਂਦੀ ਹੈ। ਬੰਦਾ ਕਹਿ ਉਠਦਾ ਹੈ ਕਿ ਕਮਾਲ ਦੀ ਤਸਵੀਰ ਹੈ ਪਰ ਸਿਆਣਾ ਅਤੇ ਦਾਨਾ ਪੁਰਖ ਆਖਦਾ ਹੈ ਕਿ ਕਮਾਲ ਤਸਵੀਰ ਦੀ ਨਹੀਂ, ਕਮਾਲ ਤਾਂ ਤਸਵੀਰ ਬਣਾਉਣ ਵਾਲੇ ਦੀ ਹੈ। ਇਹ ਇਕ ਕਾਗਜ਼ ਦਾ ਟੁਕੜਾ ਹੈ ਜਿਸ ਉਤੇ ਕੁਝ ਰੰਗ ਬਿਖੇਰੇ ਹੋਏ ਹਨ ਪਰ ਜਿਸ ਹੱਥ ਦੀ ਛੋਹ ਪਾ ਕੇ ਇਹ ਰੰਗ ਵੀ ਕਿਸੇ ਚੁੱਪ ਦੀ ਭਾਸ਼ਾ ਵਿਚ ਸੁਨੇਹਾ ਦੇਣ ਦੇ ਕਾਬਲ ਹੋਏ ਹਨ ਅਸਲ ਕਮਾਲ ਤਾਂ ਉਸ ਹੱਥ ਦੀ ਹੈ। ਉਹ ਪੁਰਖ ਤਸਵੀਰ ਦੇਖਣ ਮਗਰੋਂ ਨੇੜੇ ਜਾ ਕੇ ਦੇਖੇਗਾ ਕਿ ਕਿਧਰੇ ਕਿਸੇ ਕੋਨੇ ਵਿਚ ਕਰਤੇ ਦਾ ਨਾਮ ਵੀ ਲਿਖਿਆ ਹੋਵੇਗਾ। ਕਰਤੇ ਦਾ ਨਾਮ ਪੜ੍ਹ ਕੇ ਅਜਿਹਾ ਪੁਰਖ ਕਰਤੇ ਦੀ ਵਡਿਆਈ ਕਰਦਾ ਹੈ ਕਿ ਫਲਾਨੇ ਬੰਦੇ ਦੀ ਕਮਾਲ ਹੈ ਬਹੁਤ ਸੋਹਣੀਆਂ ਤਸਵੀਰਾਂ ਬਣਾਉਂਦਾ ਹੈ। ਹੈਰਾਨੀ ਦੀ ਗੱਲ ਇਹ ਵੀ ਹੈ ਕਿ ਜਿਹੜੀ ਤਸਵੀਰ ਇਕ ਵਾਰੀ ਬਣਾ ਦਿੱਤੀ ਫਿਰ ਉਹੋ ਜਿਹੀ ਦੁਬਾਰੇ ਨਹੀਂ ਬਣਾਈ, ਦੁਬਾਰੇ ਦੂਸਰੀ ਤਸਵੀਰ ਆਪਣੀ ਖੂਬੀ ਵਿਲੱਖਣਤਾ ਆਪ ਸੰਭਾਲੀ ਬੈਠੀ ਹੈ। ਬਸ ਅਜਿਹੀ ਅਵਸਥਾ ਹੋਣ ਕਰਕੇ ਮਨੁੱਖ ਕੁਦਰਤਿ ਵਿਚ ਰਹਿੰਦਾ ਹੋਇਆ ਹੋਰ ਨੇੜੇ ਹੋ ਕੇ ਜਦੋਂ ਦੇਖਦਾ ਹੈ ਤਾਂ ਭੁਲੱੜੇ ਸੰਸਾਰ ਨੂੰ ਸਮਝਾਉਣ ਲਈ ਕਹਿ ਉਠਦਾ ਹੈ ਕਿ ਨਹੀਂ ਭਾਈ ਕੁਦਰਤਿ ਨੂੰ

Sri Satguru Jagjit Singh Ji eLibrary NamdhariElibrary@gmail.com

ਵੇਖਣ ਵਾਲਿਆ ਥੋੜ੍ਹਾ ਜਿਹਾ ਨੇੜੇ ਹੋ ਕੇ ਕਰਤੇ ਨੂੰ ਵੀ ਵੇਖ-

***ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥*** (੪੬੩)

ਇਥੇ ਇਕ ਗੱਲ ਹੋਰ ਸਮਝਣੀ ਬਹੁਤ ਜ਼ਰੂਰੀ ਹੈ ਕਿ ਨਿਰੀ ਕੁਦਰਤਿ ਦੀ ਸਲਾਹਣਾ ਕਰਨ ਵਾਲੇ ਨੂੰ ਪ੍ਰਾਪਤੀ ਕੁਝ ਵੀ ਨਹੀਂ ਹੋ ਸਕਦੀ ਪਰ ਜੇ ਕਿਧਰੇ ਉਹ ਕੁਦਰਤਿ ਦੀ ਸਲਾਹਣਾ ਦੇ ਨਾਲ ਨਾਲ ਕਾਦਰ ਦੀ ਉਪਮਾ ਭਾਵ ਵਡਿਆਈ ਕਰਨ ਲੱਗ ਪਵੇ ਤਾਂ ਫਿਰ ਉਸ ਦਾ ਜਨਮ ਮਰਨ ਦਾ ਗੇੜ ਵੀ ਖਤਮ ਹੋ ਸਕਦਾ ਹੈ, ਕਿਉਂਕਿ-

***ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ॥***
***ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ॥*** (੪੬੯)

ਗੁਰ ਕਿਰਪਾ ਨਾਲ ਜਿਸ ਦੀ ਲਿਵ ਲੱਗ ਗਈ, ਉਹ ਵੇਖ ਵੇਖ ਕੇ ਹੈਰਾਨ ਹੁੰਦਾ ਹੈ ਕਿ ਸਾਰੇ ਜੀਵ ਤਾਂ ਮਾਨੋ ਮਿੱਟੀ ਦੇ ਖਿਡੌਣੇ ਹਨ ਪਰ ਇਨ੍ਹਾਂ ਵਿਚ ਹਰਕਤ ਇਸ ਲਈ ਹੈ ਕਿ ਸੱਚੇ ਦੀ ਜੋਤਿ ਨੇ ਬਰਕਤ ਪਾਈ ਹੋਈ ਹੈ। ਜੇਕਰ ਉਹ ਜੋਤਿ ਸਰੀਰਕ ਕਲਬੂਤ ਨੂੰ ਤਿਆਗ ਦੇਵੇ ਤਾਂ ਇਹ ਮਿੱਟੀ ਦਾ ਪੁਤਲਾ ਕਿਸੇ ਕੰਮ ਦੇ ਯੋਗ ਨਹੀਂ ਰਹਿ ਜਾਂਦਾ। ਇਹ ਮਿੱਟੀ ਦੇ ਖਿਡੌਣੇ ਤਾਂ ਉਨਾਂ ਚਿਰ ਹੀ ਖੇਡਦੇ ਹਨ ਜਿਨਾਂ ਚਿਰ ਉਹ ਸੱਚਾ ਸਾਂਈ ਆਪਣੀ ਜੋਤਿ ਵਿਚ ਰੱਖ ਕੇ ਖਿਡਾਉਂਦਾ ਹੈ। ਇਸ ਲਈ ਹੀ ਸਾਹਿਬ ਜੀ ਹਦਾਇਤ ਕਰਦੇ ਹਨ ਕਿ ਭਾਈ ਤੂੰ ਪੁਜਾਰੀ ਜੋਤਿ ਦਾ ਬਣ, ਜ਼ਾਤ ਨਹੀਂ।

***ਜਾਣਹੁ ਜੋਤਿ ਨ ਪੂਛਹੁ ਜਾਤੀ....॥*** (੩੪੯)

ਲਿਵ ਜੁੜਦਿਆਂ ਇਹ ਵੀ ਅਜ਼ਬ ਤਮਾਸ਼ਾ ਨਜ਼ਰ ਆਉਂਦਾ ਹੈ ਕਿ ਧਰਮ ਦੀ ਸਾਧਨਾ ਦਾ ਮੁਖ ਮੰਤਵ ਹੈ ਕਿ ਲਿਵ ਜੋੜ ਕੇ ਪ੍ਰਮੇਸ਼ਰ ਦੀ ਸਿਫਤੋਂ ਸਲਾਹ ਕਰਦਿਆਂ ਆਤਮਾ ਨੂੰ ਪ੍ਰਮਾਤਮਾ ਵਿਚ ਅਭੇਦ ਕਰਨਾ। ਪਰ ਹੁਣ ਤੇ ਨਜ਼ਰ ਆਉਂਦਾ ਹੈ ਕਿ ਕੁਝ ਲੋਕ ਅਜਿਹੇ ਵੀ ਹਨ ਜਿਨ੍ਹਾਂ ਦੀ ਲਿਵ ਤਾਂ ਜੁੜੀ ਨਹੀਂ, ਅੰਦਰੋਂ ਤਾਂ ਕੁਝ ਤਬਦੀਲੀ ਆਈ ਨਹੀਂ ਤੇ ਬਾਹਰੋਂ ਹੀ ਲੋਕ ਦਿਖਾਵਾ ਕਰਕੇ ਸੋਚ ਰਿਹਾ ਹੈ ਕਿ ਮੈਂ ਧਰਮ ਕਮਾ ਰਿਹਾ ਹਾਂ। ਅਨੇਕਾਂ ਜਿਹੜੇ ਘਰ ਗ੍ਰਹਿਸਥੀ ਨੂੰ ਛੱਡ ਕੇ ਬਾਹਰ ਜੰਗਲਾਂ ਵਿਚ ਵਾਸਾ ਕਰਕੇ ਦੇਹੀ ਨੂੰ ਅਨੇਕਾਂ ਸੰਕਟਾਂ ਵਿਚ ਪਾ ਕੇ ਦੁੱਖ ਝੱਲਦੇ ਹਨ ਪਰ ਉਨ੍ਹਾਂ ਦੀ ਅੰਦਰੂਨੀ ਹਾਲਤ ਅਜਿਹੀ ਬਣੀ ਹੋਈ ਹੈ ਕਿ-

***ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ॥***
***ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ॥*** (੮੫੫)

ਮਾਇਆ ਤਾਂ ਛੱਡ ਕੇ ਚਲੇ ਗਏ। ਇਹ ਸੋਚ ਸੀ ਕਿ ਜਿਨਾਂ ਚਿਰ ਮਨ ਮਾਇਆ ਵਿਚ ਫਸਿਆ ਰਹੇਗਾ ਉਨਾਂ ਚਿਰ ਇਹ ਪਵਿੱਤਰ ਨਹੀਂ ਹੋ ਸਕਦਾ। ਸਭ ਤੋਂ ਵੱਧ ਹੰਕਾਰ ਮਾਇਆ ਦਾ ਹੀ ਤਾਂ ਸੀ। ਜੰਗਲਾਂ ਵਿਚ ਭਟਕਦਿਆਂ ਹੁਣ ਇਸ ਤਰੀਕੇ ਮਾਇਆ ਨਾਲ ਜੁੜਿਆ ਹੋਇਆ ਹੈ ਕਿ ਮੈਂ ਇਤਨੀ ਮਾਇਆ ਛੱਡ ਕੇ ਭਾਵ ਬਹੁਤ ਵੱਡੇ ਸੰਗਲ ਤੋੜ ਕੇ ਆ ਗਿਆ

Sri Satguru Jagjit Singh Ji eLibrary NamdhariElibrary@gmail.com

ਹਾਂ। ਭਗਤ ਕਬੀਰ ਸਾਹਿਬ ਜੀ ਦੀ ਵਿਚਾਰ ਇਥੇ ਪਹੁੰਚ ਕੇ ਹੀ ਸਮਝ ਆਉਂਦੀ ਹੈ ਕਿ ਮਾਇਆ ਦੇ ਤਿਆਗ ਨਾਲ ਕੀ ਲਾਭ ਹੋਇਆ? ਕਿਉਂਕਿ ਮਾਇਆ ਦਾ ਹੰਕਾਰ ਤਾਂ ਉਸ ਤੋਂ ਵੀ ਵਧੀਕ ਰੂਪ ਵਿਚ ਮਨ ਆਪਣੇ ਕੋਲ ਸੰਭਾਲੀ ਬੈਠਾ ਹੈ।

*ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ॥*
*ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥ (੧੩੭੨)*

ਲਿਵ ਜੁੜ ਜਾਣ ਵਾਲਾ ਪੁਰਖ ਮਾਇਆਧਾਰੀ ਦੀ ਗੁਲਾਮੀ ਨਹੀਂ ਕਰਦਾ। ਦੂਜੇ ਪਾਸੇ ਕਿਸੇ ਗਰੀਬੜੇ ਨਾਲ ਨਫ਼ਰਤ ਵੀ ਨਹੀਂ ਕਰਦਾ, ਉਸ ਨੂੰ ਤਾਂ ਰੱਬੀ ਕੌਤਕਾਂ ਦਾ ਗਿਆਨ ਹੋ ਜਾਂਦਾ ਹੈ ਕਿ-

*ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ॥*
*ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ॥ (੧੨)*

ਸੰਸਾਰ ਕਰਮ ਕਾਂਡਾਂ ਵਿਚ ਉਲਝ ਕੇ ਅਸਲ ਤੱਤ ਵਸਤੂ ਦਾ ਵਪਾਰੀ ਬਨਣ ਦੀ ਬਜਾਇ ਆਪਣਾ ਜੀਵਨ ਬਿਰਥਾ ਗਵਾ ਰਿਹਾ ਹੈ। ਨਿਸ਼ਾਨੀਆਂ ਵੀ ਧਰਮੀਆਂ ਵਾਲੀਆਂ, ਕਰਮ ਵੀ ਧਰਮੀਆਂ ਵਾਲੇ ਤੇ ਗੱਲਾਂ, ਵੀਚਾਰਾਂ ਵੀ ਧਰਮ ਦੀਆਂ ਹੀ ਕਰਦਾ ਹੈ ਪਰ ਬਣਦਾ ਧਰਮੀ ਨਹੀਂ, ਕਿਉਂਕਿ-

*ਹ੍ਰਿਦੈ ਕਪਟੁ ਮੁਖ ਗਿਆਨੀ॥ ਝੂਠੇ ਕਹਾ ਬਿਲੋਵਸਿ ਪਾਨੀ॥ (੬੫੬)*
*ਰਹਤ ਅਵਰ ਕਛੁ ਅਵਰ ਕਮਾਵਤ॥*
*ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥*
*ਜਾਨਨਹਾਰ ਪ੍ਰਭੂ ਪਰਬੀਨ॥*
*ਬਾਹਰਿ ਭੇਖ ਨ ਕਾਹੂ ਭੀਨ॥ (੨੬੯)*

ਪ੍ਰਭੂ ਪ੍ਰਬੀਨ ਇਸ ਤਰ੍ਹਾਂ ਕਦੇ ਖੁਸ਼ ਨਹੀਂ ਹੁੰਦਾ। ਉਹ ਤਾਂ ਹਿਰਦੇ ਦੇ ਕਪਟ ਨੂੰ ਜਾਣਦਾ ਹੋਣ ਕਰਕੇ ਬਾਹਰਲੇ ਸਾਰੇ ਭੇਖ ਪਹਿਰਾਵਿਆਂ ਵਿਚ ਛੁਪਾਏ ਪਾਖੰਡ ਤੋਂ ਜਾਣੂ ਹੁੰਦਾ ਹੈ, ਉਸ ਦੀ ਖੁਸ਼ੀ ਤਾਂ ਸਿਮਰਨ ਬੰਦਗੀ ਨਾਲ ਤੇ ਉਸ ਦੀ ਆਗਿਆ ਵਿਚ ਤੁਰ ਕੇ ਹੀ ਮਿਲ ਸਕਦੀ ਹੈ।

*ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ॥*
*ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ॥*
*ਪ੍ਰਭ ਜੀ ਕੋ ਨਾਮੁ ਜਪਤ ਮਨ ਚੈਨ॥*
*ਬਹੁ ਪ੍ਰਕਾਰ ਖੋਜਹਿ ਸਭਿ ਤਾ ਕਉ ਬਿਖਮੁ ਨ ਜਾਈ ਲੈਨ॥ (੬੭੪)*

ਇਥੋਂ ਤਾਂ ਬਸ ਗੁਰੂ ਜੀ ਦੀ ਬਖਸ਼ਿਸ਼ ਪਾ ਕੇ ਇਸ ਮਾਰਗ 'ਤੇ ਚੱਲਣ ਵਾਲਾ ਹੀ ਕੁਝ ਜੀਵਨ ਦੀ ਖੱਟੀ ਖੱਟ ਸਕਦਾ ਹੈ। ਗੁਰੂ ਚਰਨਾਂ ਤੋਂ ਵਿਛੁੜ ਕੇ ਮਨ ਦੇ ਮਗਰ ਤੁਰਨ ਵਾਲਾ

Sri Satguru Jagjit Singh Ji eLibrary NamdhariElibrary@gmail.com

ਖੱਟੀ ਤਾਂ ਕੀ ਖੱਟ ਸਕਦਾ ਹੈ ਉਹ ਤਾਂ ਸਗੋਂ ਆਪਣਾ ਰੱਬੀ ਰਹਿਮਤ ਨਾਲ ਪ੍ਰਾਪਤ ਹੋਇਆ ਮੂਲ ਵੀ ਗਵਾ ਜਾਂਦਾ ਹੈ।

*ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ॥* (੭੪)

ਲਿਵ ਜੁੜਨ ਕਰਕੇ ਕਰਤੇ ਪੁਰਖ ਦਾ ਬਣਿਆ ਪੁਜਾਰੀ ਹੋਣ ਕਰਕੇ ਸਮਝ ਲੈਂਦਾ ਹੈ ਕਿ ਸੰਸਾਰ ਵਿਚ ਸਮੇਂ ਸਮੇਂ ਨਾਲ ਮਹਾਂਪੁਰਖਾਂ ਦੇ ਪਵਿੱਤਰ ਬੋਲਾਂ ਨਾਲ ਸ਼ਿੰਗਾਰੇ ਧਾਰਮਿਕ ਗ੍ਰੰਥਾਂ ਵਿਚੋਂ ਵੀ ਕੁਝ ਹੀ ਅਜਿਹੇ ਹਨ ਜਿਹੜੇ ਸੱਚ ਦੀ ਸਾਂਝ ਬਖਸ਼ਿਸ਼ ਕਰਦੇ ਹਨ। ਬਹੁਤਾਤ ਉਨ੍ਹਾਂ ਦੀ ਵੀ ਹੈ ਜਿਹੜੇ ਪਾਪ ਤੇ ਪੁੰਨ ਦੀ ਹੀ ਬਾਹਰੀ ਕ੍ਰਿਆ ਵਿਚ ਫਸਾ ਕੇ ਸੱਚ ਕਮਾਉਣ ਲਈ ਮਿਲੇ ਜੀਵਨ ਨੂੰ ਬੇਕਾਰ ਬਰਬਾਦ ਕਰਵਾ ਦਿੰਦੇ ਹਨ। ਅਸਲ ਵਿਚ ਉਨ੍ਹਾਂ ਨੇ ਖੁਦ ਆਪ ਵੀ ਤੱਤ ਦੀ ਵੀਚਾਰ ਨਹੀਂ ਜਾਣੀ ਹੁੰਦੀ। ਦਿੱਤਾ ਉਹੋ ਕੁਝ ਜਾ ਸਕਦਾ ਹੈ ਜੋ ਆਪਣੇ ਦਾਮਨ (ਝੋਲੀ) ਵਿਚ ਹੋਵੇ। ਗੁਰੂ ਦੀ ਵੀਚਾਰ ਤੋਂ ਟੁੱਟ ਕੇ ਸੰਸਾਰ ਮਾਇਆ ਦੇ ਹੀ ਤਿੰਨਾਂ ਗੁਣਾਂ, ਰਜ ਗੁਣ, ਤਮ ਗੁਣ ਅਤੇ ਸਤ ਗੁਣ ਦੀ ਗਹਿਰੀ ਨੀਂਦ ਵਿਚ ਸੁੱਤਾ ਪਿਆ ਹੈ ਅਤੇ ਇਸ ਤਰ੍ਹਾਂ ਹੀ ਸੌਂ ਕੇ ਜੀਵਨ ਰੂਪ ਰਾਤ ਬਸਰ ਕਰਕੇ ਤੁਰ ਜਾਂਦੇ ਹਨ। ਉਹ ਸੰਸਾਰ ਤੋਂ ਨਿਰੰਕਾਰ ਦੇ ਘਰ ਪਹੁੰਚਣ ਤੱਕ ਦੀ ਯਾਤਰਾ ਅਧੂਰੀ ਹੀ ਰਹਿ ਜਾਂਦੀ ਹੈ। ਜਿਨ੍ਹਾਂ ਉਤੇ ਗੁਰੂ ਮਿਹਰਵਾਨ ਹੋ ਜਾਵੇ ਉਨ੍ਹਾਂ ਨੂੰ ਇਸ ਗਹਿਰੀ ਨੀਂਦ ਵਿਚੋਂ ਜਗਾਕੇ ਸੱਚੇ ਦੀ ਸੱਚੀ ਬਾਣੀ ਨਾਲ ਜੋੜ ਕੇ ਹਰਿ ਨਾਮ ਦੇ ਵਪਾਰੀ ਬਣਾ ਦਿੰਦੇ ਹਨ।

*ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥*
*ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥*
*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥*
*ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥*
*ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ॥*

(ਅਨੰਦੁ ਸਾਹਿਬ)

ਅਜਿਹੀ ਅਵਸਥਾ ਵਿਚ ਵਿਚਰਦਾ ਜੀਵ ਆਪ ਹੰਕਾਰੀ ਨਹੀਂ ਹੁੰਦਾ ਨਾ ਹੀ ਅਜਿਹੀ ਟਿਪਣੀ ਕਰਦਾ ਹੈ, ਉਹ ਤਾਂ ਸਗੋਂ ਸੱਚੇ ਦੇ ਕੌਤਕ ਨੂੰ ਵੇਖ ਵੇਖ ਕੇ ਧੰਨਵਾਦ ਨਾਲ ਸਿਰ ਤੋਂ ਪੈਰਾਂ ਤੱਕ ਭਰ ਜਾਂਦਾ ਹੈ। ਜ਼ੁਬਾਨ ਸ਼ੁਕਰਾਨਾ ਕਰਦੀ ਨਹੀਂ ਥੱਕਦੀ ਕਿ ਤੁਸੀਂ ਕ੍ਰਿਪਾ ਕਰਕੇ ਮੇਰੇ ਵਰਗੇ ਮੂਰਖ ਨੂੰ ਆਪਣੇ ਕੰਮਾਂ ਵਿਚ ਲਾ ਲਿਆ। ਜਿਵੇਂ ਇਹ ਭੁਲੜਾ ਸੰਸਾਰ ਨਾਮ ਤੋਂ ਬਿਨਾਂ ਕਮਲਾ ਹੋਇਆ, ਨਿਰੇ ਧੰਧੇ ਕਰਦਾ ਹੋਇਆ ਹੀ ਜੀਵਨ ਬਿਰਥਾ ਗੁਵਾ ਰਿਹਾ ਹੈ ਮੈਂ ਵੀ ਇਸ ਤਰ੍ਹਾਂ ਹੀ ਇਹ ਹੀਰਾ ਜਨਮ ਬਰਬਾਦ ਕਰ ਜਾਣਾ ਸੀ, ਆਪ ਜੀ ਦੀ ਰਹਿਮਤ ਲਈ ਧੰਨਵਾਦ।

*ਹਉ ਕੁਰਬਾਨੁ ਜਾਈ ਤੇਰੇ ਨਾਵੈ॥*
*ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ ਸੋ ਜਸੁ ਤੇਰਾ ਗਾਵੈ॥* (੬੨੯)

Sri Satguru Jagjit Singh Ji eLibrary NamdhariElibrary@gmail.com

ਗੁਰੂ ਜੀ ਦੀ ਪਵਿੱਤਰ ਬਖਸ਼ਿਸ਼ ਨਾਲ ਜਿਹੜੇ ਜੀਵ ਅਗਿਆਨਤਾ ਦੀ ਗਹਿਰੀ ਨੀਂਦ ਵਿਚੋਂ ਜਾਗ ਜਾਂਦੇ ਹਨ, ਉਨ੍ਹਾਂ ਨੂੰ ਘਰ ਬਾਰ ਤਿਆਗਣ ਦੀ ਲੋੜ ਨਹੀਂ ਮਾਇਆ ਤਿਆਗ ਕੇ ਜਾਣ ਦੀ ਲੋੜ ਨਹੀਂ ਕਿਉਂਕਿ ਗੁਰੂ ਜੀ ਕੋਲੋਂ ਅਗਵਾਈ ਲੈ ਲਈ। ਜਦੋਂ ਵੀ ਆਪਾਂ ਗੁਰੂ ਘਰਾਂ ਵਿਚ ਵਿਚਰਦੇ ਹਾਂ ਤਾਂ ਦੇਖਦੇ ਹਾਂ ਕਿ ਮਾਇਆ ਦੀ ਗੋਲਕ ਵੀ ਹੁੰਦੀ ਹੈ ਜੇ ਕਿਧਰੇ ਮਾਇਆ ਇਤਨੀ ਹੀ ਮਾੜੀ ਹੈ ਫਿਰ ਸਾਹਿਬ ਜੀ ਦੇ ਚਰਨਾਂ ਵਿਚ ਭੇਟਾ ਕਿਉਂ ਕਰਦੇ ਹਾਂ? ਪਰ ਨਹੀਂ ਪਿਆਰਿਓ ! ਸਤਿਗੁਰੂ ਜੀ ਤਾਂ ਸਗੋਂ ਸਮਝਾ ਦਿੰਦੇ ਹਨ ਕਿ ਜਿਥੇ ਵੀ ਮੇਰਾ ਆਸਣ ਹੋਵੇਗਾ ਉਥੇ ਮਾਇਆ ਵੀ ਹੋਵੇਗੀ ਪਰ ਫ਼ਰਕ ਸਿਰਫ ਇਹ ਹੈ ਕਿ ਆਮ ਜੀਵ ਮਾਇਆ ਦੇ ਕੋਟ ਉਸਾਰ ਕੇ ਆਪ ਵਿਚ ਲੁਕ, ਭਾਵ ਗੁਵਾਚ ਹੀ ਜਾਂਦਾ ਹੈ। ਮੇਰੇ ਕੋਲ ਆ ਕੇ ਦੇਖ ਮੇਰਾ ਆਸਣ ਉਚਾ ਹੋਵੇਗਾ ਪਰ ਮਾਇਆ ਦੀ ਗੋਲਕ ਮੇਰੇ ਪੈਰਾਂ ਵਿਚ ਹੋਵੇਗੀ। ਮੈਂ ਕਦੇ ਮਾਇਆ ਨੂੰ ਸਿਰ ਦਾ ਤਾਜ਼ ਨਹੀਂ ਬਣਨ ਦਿੱਤਾ। ਮੇਰੀ ਪਹਿਚਾਣ ਵੀ ਮਾਇਆ ਕਦੇ ਨਹੀਂ ਭੁਲਾ ਸਕਦੀ। ਆਮ ਜੀਵ ਦੀ ਪਹਿਚਾਣ ਵੀ ਤਦ ਹੀ ਭੁਲ ਜਾਂਦੀ ਹੈ ਸੰਸਾਰ ਉਸ ਨੂੰ ਮਾਇਆ ਕਰਕੇ ਹੀ ਸਤਿਕਾਰ, ਪਿਆਰ ਦਿੰਦਾ ਹੈ। ਸੰਸਾਰੀ ਜੀਵ ਤਾਂ ਮਾਇਆ ਕਰਕੇ ਮਨੁੱਖ ਦੇ ਨਾਮ ਵੀ ਬਦਲ ਦਿੰਦੇ ਹਨ। ਇਸ ਲਈ ਸੰਸਾਰ ਦੀ ਕਹਾਵਤ ਹੈ ਕਿ-

*ਮਾਇਆ ਕੇ ਹੈਂ ਤੀਨ ਨਾਮ॥ ਪਰਸੂ ਪਰਸਾ ਪਰਸ ਰਾਮ॥*

ਜਦੋਂ ਕੋਲ ਕੁਝ ਨਾ ਹੋਵੇ ਤਾਂ ਸੰਸਾਰ ਪਰਸੂ ਕਹਿ ਕੇ ਬੁਲਾਉਂਦਾ ਹੈ ਫਿਰ ਕੁਝ ਮਾਇਆ ਦਾ ਪਰਤਾਪ ਵਰਤਿਆ ਪਰਸੂ ਤੋਂ ਪਰਸਾ ਹੋ ਗਿਆ। ਲੋਕ ਥੋੜ੍ਹਾ ਬਹੁਤ ਮਾਣ ਸਤਿਕਾਰ ਦੇਣ ਲੱਗ ਪਏ ਜਦੋਂ ਕਦੇ ਮਾਇਆ ਦਾ ਹੀ ਬੋਲਬਾਲਾ ਹੋ ਜਾਵੇ ਤਾਂ ਹਰ ਕੋਈ ਪਰਸੂ ਤੋਂ ਪਰਸਾ ਨਹੀਂ ਬਲਕਿ ਪਰਸ ਰਾਮ ਜੀ ਕਹਿ ਕੇ ਬੁਲਾਂਦੇ ਹਨ। ਇਹ ਮਾਇਆ ਦੇ ਨਾਮ ਹਨ ਜਿਥੇ ਜੀਵ ਦੀ ਪਹਿਚਾਣ ਭੁੱਲ ਗਈ। ਜਿਹੜਾ ਜੀਵ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਆਪਣੀ ਝੋਲੀ ਭਰ ਲੈਂਦਾ ਹੈ ਫਿਰ ਉਹ ਮਾਇਆ ਤੇ ਸੰਸਾਰ ਤਿਆਗਦਾ ਵੀ ਨਹੀਂ ਤੇ ਮਾਇਆ ਅਤੇ ਸੰਸਾਰ ਵਿਚ ਗਲਤਾਨ ਵੀ ਨਹੀਂ ਹੁੰਦਾ ਉਹ ਤਾਂ ਸਗੋਂ ਆਪਣੀ ਲਿਵ ਜੋੜ ਕੇ ਸੰਸਾਰ ਵਿਚੋਂ ਹੀ ਨਿਰੰਕਾਰ ਦੇ ਦੀਦਾਰਾਂ ਦਾ ਅੰਮ੍ਰਿਤ ਪੀਂਦਾ ਹੈ।

*ਕਹੈ ਨਾਨਕੁ ਗੁਰ ਪ੍ਰਸਾਦੀਂ ਜਿਨਾ ਲਿਵ ਲਾਗੀ*
*ਤਿਨੀ ਵਿਚੇ ਮਾਇਆ ਪਾਇਆ॥*
*ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ॥*
*ਵਿਚੇ ਗਿਰਹ ਉਦਾਸ ਅਲਿਪਤ ਲਿਵ ਲਾਇਆ*
*ਓਨਾ ਸੋਗੁ ਵਿਜੋਗੁ ਨ ਵਿਆਪਈ ਹਰਿ ਭਾਣਾ ਭਾਇਆ॥* (੧੨੪੯)

Sri Satguru Jagjit Singh Ji eLibrary NamdhariElibrary@gmail.com

# ਨਿਰਮਲ ਭਉ

ਭਉ ਦੇ ਦੋ ਰੂਪ ਹਨ ਇਕ ਭਉ ਦਾ ਅਰਥ ਡਰ ਹੈ ਤੇ ਦੂਜੇ ਭਉ ਦਾ ਅਰਥ ਡਰ ਹੋ ਕੇ ਵੀ ਡਰ ਨਹੀਂ ਹੁੰਦਾ ਬਲਕਿ ਇਹ ਅਦਬ ਹੁੰਦਾ ਹੈ ਜਿਸ ਨੂੰ ਧਾਰਮਿਕ ਭਾਸ਼ਾ ਵਿਚ ਨਿਰਮਲ ਭਉ ਕਿਹਾ ਜਾਂਦਾ ਹੈ। ਇਸ ਤਰ੍ਹਾਂ ਕਹਿ ਲਈਏ ਜਿਵੇਂ ਇਕ ਬੱਚਾ ਸਕੂਲ ਜਾਂਦਾ ਹੈ ਤਾਂ ਹਰ ਕੋਈ ਉਸ ਨੂੰ ਗੁੱਸੇ ਵਿਚ ਭਾਵ ਥੋੜ੍ਹਾ ਜਿਹਾ ਡਰ ਦੇ ਕੇ ਪੜ੍ਹਨ ਲਈ ਆਖਦਾ ਹੈ, ਸਕੂਲ ਵਿਚ ਅਧਿਆਪਕ ਡਰ ਦੇ ਕੇ ਪੜ੍ਹਾਉਂਦੇ ਹਨ। ਘਰ ਵਿਚ ਮਾਪੇ ਵੀ ਜਿਥੇ ਪਿਆਰ ਕਰਦੇ ਹਨ ਪਰ ਉਥੇ ਪੜ੍ਹਾਈ ਲਈ ਤਾੜਨਾ ਵੀ ਕਰਦੇ ਹਨ। ਇਸੇ ਤਰ੍ਹਾਂ ਜਦੋਂ ਬੱਚਾ ਕਿਸੇ ਟਿਊਟਰ ਕੋਲ ਵੀ ਪੜ੍ਹਨ ਜਾਂਦਾ ਹੈ ਤਦ ਉਹ ਵੀ ਥੋੜ੍ਹਾ ਬਹੁਤ ਘੂਰ ਕੇ ਰੱਖਦੇ ਹਨ। ਬੱਚਾ ਇਸ ਡਰ ਵਿਚ ਪੜ੍ਹਦਾ ਰਹਿੰਦਾ ਹੈ। ਪੜ੍ਹਦਾ ਪੜ੍ਹਦਾ ਜਦੋਂ ਕਾਲਜ ਚਲਾ ਜਾਂਦਾ ਹੈ ਤਾਂ ਹੁਣ ਟੀਚਰ ਵੀ ਨਹੀਂ ਝਿੜਕਦੇ, ਟਿਊਟਰ ਵੀ ਗੁੱਸੇ ਨਹੀਂ ਹੁੰਦੇ ਅਤੇ ਘਰ ਵਾਲੇ ਵੀ ਸਗੋਂ ਪੜ੍ਹਦੇ ਪੜ੍ਹਦੇ ਨੂੰ ਥੋੜ੍ਹਾ ਬਹੁਤ ਅਰਾਮ ਕਰਨ ਲਈ ਆਖਦੇ ਹਨ ਪਰ ਬੱਚਾ ਖੁਦ ਹੀ ਬਹੁਤ ਮਿਹਨਤ ਕਰਕੇ ਪੜ੍ਹਦਾ ਹੈ। ਡਰ ਤਾਂ ਪਹਿਲਾਂ ਵੀ ਸੀ ਤੇ ਡਰ ਹੁਣ ਵੀ ਹੈ। ਹੁਣ ਜਿਹੜਾ ਮਗਰੋਂ ਡਰ ਹੈ ਉਸ ਨੂੰ ਨਿਰਮਲ ਭਉ ਆਖਦੇ ਹਨ ਬੱਚੇ ਨੂੰ ਖੁਦ ਨੂੰ ਡਰ ਹੈ ਕਿ ਕਿਧਰੇ ਮੈਂ ਫੇਲ੍ਹ ਨਾ ਹੋ ਜਾਵਾਂ, ਕਿਧਰੇ ਮੈਂ ਸਾਥੀਆਂ ਤੋਂ ਪਿਛੇ ਨਾ ਰਹਿ ਜਾਵਾਂ ਆਦਿਕ ਗੱਲਾਂ ਸੋਚ ਕੇ ਜਦੋਂ ਖੁਦ ਮਿਹਨਤ ਕਰਦਾ ਹੈ ਤਾਂ ਇਹੋ ਹੀ ਨਿਰਮਲ ਭਉ ਕਹਿਲਾਉਂਦਾ ਹੈ।

ਜੀਵ ਦੀ ਜ਼ਿੰਦਗੀ ਦੀ ਕਹਾਣੀ ਵੀ ਇਸ ਬੱਚੇ ਦੀ ਤਰ੍ਹਾਂ ਹੀ ਹੈ ਜਦੋਂ ਤੱਕ ਅਗਿਆਨਤਾ ਰਹਿੰਦੀ ਹੈ ਤਦ ਤੱਕ ਡਰ ਦੀ ਗੱਲ ਚਲਦੀ ਹੈ। ਮੇਰਾ ਕਾਰਜ ਰਾਸ ਆ ਜਾਵੇ, ਮੇਰੀ ਤੰਦਰੁਸਤੀ ਬਣੀ ਰਹੇ, ਘਰ ਪ੍ਰੀਵਾਰ ਦੀ ਬਿਹਤਰੀ ਲਈ ਧਨ ਦੌਲਤ ਲਈ ਅਤੇ ਵਪਾਰਿਕ ਕਾਰਜਾਂ ਵਿਚ ਘਾਟਾ ਨਾ ਪੈ ਜਾਵੇ ਇਤਿਆਦਿਕ ਕਾਰਜਾਂ ਦਾ ਡਰ ਇਸ ਨੂੰ ਪ੍ਰਮੇਸ਼ਰ ਵਾਲੇ ਪਾਸੇ ਲਗਾਈ ਰੱਖਦਾ ਹੈ। ਇਹੋ ਹੀ ਲਗਨ ਜਦੋਂ ਅਗਲੇ ਪੰਧ ਵਿਚ ਪਹੁੰਚਦੀ ਹੈ ਤਾਂ ਫਿਰ ਇਹ ਡਰ ਬਦਲ ਕੇ ਨਿਰਮਲ ਭਉ ਬਣ ਜਾਂਦਾ ਹੈ। ਇਹ ਨਿਰਮਲ ਭਉ ਰੱਬੀ ਅਦਬ ਸਤਿਕਾਰ ਹੁੰਦਾ ਹੈ। ਹਰ ਇਕ ਕੋਸ਼ਿਸ਼ ਕਰਦਾ ਹੈ ਕਿ ਮੈਂ ਰੱਬੀ ਹੁਕਮਾਂ ਦੀ ਪਾਲਣਾ ਕਰ ਸਕਾਂ। ਜ਼ਿੰਦਗੀ ਦੇ ਕਿਸੇ ਮੋੜ 'ਤੇ ਵੀ ਮੈਂ ਰੱਬੀ ਹੁਕਮ ਦੀ ਉਲੰਘਣਾ ਨਾ ਕਰਾਂ। ਹੁਕਮ ਵਿਚ ਰਹਿੰਦਿਆਂ ਮੈਨੂੰ ਜਿਹੜੀ ਵੀ ਕੀਮਤ ਚੁੱਕਦੀ ਕਰਨੀ ਪਵੇ, ਮੈਂ ਉਹ ਕੀਮਤ ਤਾਂ ਤਾਰ ਸਕਦਾ ਹਾਂ ਪਰ ਹੁਕਮ ਅਦੂਲੀ

Sri Satguru Jagjit Singh Ji eLibrary NamdhariElibrary@gmail.com

ਨਹੀਂ ਕਰ ਸਕਦਾ। ਸ਼ਾਇਦ ਇਹੋ ਕਾਰਨ ਹੋਵੇਗਾ ਜਿਸ ਕਰਕੇ ਨਾਮ ਵਿਹੂਣੇ ਕਮਲੇ ਸੰਸਾਰ ਨੇ ਰੱਬੀ ਆਸ਼ਕਾਂ ਨੂੰ ਬਹੁਤ ਤਸੀਹੇ ਦਿੱਤੇ ਪਰ ਉਹ ਰੱਬੀ ਅਦਬ ਵਿਚ ਹੀ ਰਹੇ। ਉਨ੍ਹਾਂ ਨੂੰ ਸਤਾਉਣ ਵਾਲੇ ਸਤ ਗਏ ਪਰ ਉਨ੍ਹਾਂ ਨਿਰਮਲ ਭਉ ਦਾ ਪਵਿੱਤਰ ਦਾਮਨ ਆਪਣੇ ਹੱਥੋਂ ਖਿਸਕਣ ਨਾ ਦਿੱਤਾ।

ਭਾਈ ਮੰਝ ਜੀ ਦਾ ਜੀਵਨ ਐਸੇ ਪਾਂਧੀਆਂ ਲਈ ਰਾਹ ਰੁਸ਼ਨਾਉਣ ਲਈ ਰੋਸ਼ਨੀ ਚਿਰਾਗ ਹੈ। ਕਿਥੇ ਤਾਂ ਨਗਰ ਦਾ ਚੌਧਰੀ। ਜਦੋਂ ਕਦੇ ਵੀ ਸਿਆਣੇ ਲੋਕਾਂ ਦਾ ਇਕੱਠ ਹੋਣਾ ਤਾਂ ਚੌਧਰੀ ਮੰਝ ਦਾ ਟਿਕਾਣਾ ਉੱਚੀ ਥਾਂ 'ਤੇ ਰੱਖਣਾ। ਹਰ ਘਰ ਨੇ ਕਰੀਬ ਨਗਰ ਦੇ ਚੌਧਰੀ ਦੀ ਸਲਾਹ ਨਾਲ ਚਲਣਾ। ਹਰ ਪਾਸੇ ਪਿਆਰ ਸਤਿਕਾਰ ਸਲਾਮਾਂ ਹੁੰਦੀਆਂ ਸਨ। ਜਦੋਂ ਗੁਰੂ ਅਰਜਨ ਸਾਹਿਬ ਸੱਚੇ ਪਾਤਿਸ਼ਾਹ ਜੀ ਕੋਲੋਂ ਸਿੱਖੀ ਧਾਰਨ ਕਰਕੇ ਨਿਗਾਹੀਏ ਪੀਰ ਦੀਆਂ ਸਮਾਧਾਂ ਢਾਹ ਕੇ ਗੁਰੂ ਜੀ ਦਾ ਸੇਵਕ ਬਣ ਗਿਆ। ਬਾਕੀ ਸਭ ਕੁਝ ਕੂੜ ਸਮਝ ਕੇ ਛੱਡ ਦਿੱਤਾ, ਤਦ ਇਹੋ ਨਗਰ ਸੀ ਜਿਸ ਨੇ ਭਾਂਡਾ ਸ਼ੇਕ ਦਿੱਤਾ ਭਾਵ ਮਿਲਵਰਤਣ ਖਤਮ ਕਰ ਲਿਆ। ਇਕ ਨਗਰ ਦਾ ਚੌਧਰੀ, ਫਿਰ ਮਗਰੋਂ ਕੋਈ ਪ੍ਰਵਾਹ ਵੀ ਨਾ ਕਰੇ ਦੋਨੇ ਅਵਸਥਾ ਬਹੁਤ ਦੂਰ ਦੀਆਂ ਸਨ। ਇਥੇ ਹੀ ਬਸ ਨਹੀਂ ਜਿਵੇਂ ਰੱਬ ਨੇ ਖੋਟ ਕੱਢਣ ਵਾਸਤੇ ਮੱਝਾਂ ਮਰ ਗਈਆਂ, ਮਾਇਆ ਵੀ ਮੁਖ ਮੋੜ ਗਈ, ਰੰਬਾ ਲੈ ਕੇ ਘਾਹ ਵੀ ਖੁਰਚਿਆ ਪਰ ਹਰ ਹਾਲਤ ਵਿਚ ਗੁਰਮਤਿ ਦਾ ਮਾਰਗ ਨਾ ਛੱਡਿਆ। ਇਹ ਨਿਰਮਲ ਭਉ ਦੀ ਹੀ ਜ਼ਾਹਰਾ ਮਿਸਾਲ ਹੈ। ਦੁਨੀਆ ਦਾ ਡਰ ਖਤਮ ਹੋ ਗਿਆ।

ਭਗਤਾਂ ਦੇ ਜੀਵਨ ਦੀਆਂ ਸਾਰੀਆਂ ਹੀ ਸਾਖੀਆਂ ਕਰੀਬ ਇਸੇ ਹੀ ਨਿਰਮਲ ਭਉ ਨੂੰ ਉਜਾਗਰ ਕਰਦੀਆਂ ਹਨ। ਪਿਤਾ ਹਰਨਾਖਸ਼ ਭਗਤ ਪ੍ਰਹਿਲਾਦ ਨੂੰ ਡਰਾਉਂਦਾ ਹੀ ਰਿਹਾ ਪਰ ਜਿਨ੍ਹਾਂ ਨੇ ਨਿਰਮਲ ਭਉ ਪਾ ਲਿਆ ਹੋਵੇ ਉਹ ਕਦੇ ਦੁਨਿਆਵੀ ਡਰ ਵਿਚ ਜ਼ਿੰਦਗੀ ਦੇ ਉਚਤਮ ਅਦਰਸ਼ਾਂ ਦਾ ਤਿਆਗ ਨਹੀਂ ਕਰਦੇ। ਅਸਲ ਵਿਚ ਉਨ੍ਹਾਂ ਦੇ ਅੰਦਰੋਂ ਬੰਦਗੀ ਇਹ ਡਰ ਕੱਢ ਦਿੰਦੀ ਹੈ। ਡਰਦਾ ਸਿਰਫ ਉਹੋ ਹੀ ਹੈ ਜਿਹੜਾ ਮਨ ਦੇ ਪਿਛੇ ਲੱਗ ਕੇ ਜੀਵਨ ਦਾ ਸਰਮਾਇਆ ਉਜਾੜ ਬੈਠਦਾ ਹੈ। ਪ੍ਰਭੂ ਯਾਦ ਵਿਚ ਪਰੋਇਆ ਹੋਇਆ ਹਿਰਦਾ ਨਿਰਮਲ ਭਉ ਦਾ ਤਾਂ ਧਾਰਨੀ ਹੁੰਦਾ ਹੈ ਪਰ ਉਥੇ ਡਰ ਨਹੀਂ ਹੁੰਦਾ।

***ਸੋ ਕਤ ਡਰੈ ਜਿ ਖਸਮੁ ਸਮ੍ਾਰੈ ॥ ਡਰਿ ਡਰਿ ਪਚੇ ਮਨਮੁਖ ਵੇਚਾਰੇ ॥*** (੬੭੭)

ਪ੍ਰਮੇਸ਼ਰ ਦਾ ਅਲਾਹੀ ਸੁਨੇਹਾ ਇਸ ਸੰਸਾਰ ਵਿਚ ਵੱਸਦੇ ਜੀਵਾਂ ਨੂੰ ਦੇਣ ਵਾਲੇ ਰੱਬੀ ਕਾਸਿਦ ਭਾਵ ਸੁਨੇਹਾ ਦੇਣ ਵਾਲਿਆਂ ਨੇ ਪ੍ਰਮੇਸ਼ਰ ਦਾ ਇਕ ਖਾਸ ਗੁਣ ਬਿਆਨ ਕੀਤਾ ਕਿ ਉਹ ਨਿਰਭਉ ਅਵਸਥਾ ਵਿਚ ਰਹਿੰਦਾ ਹੈ। ਰੱਬ ਨੇ ਸਾਰਾ ਸੰਸਾਰ ਭੈ ਵਿਚ ਰਚਿਆ ਹੈ ਪਰ ਉਸ ਨੂੰ ਆਪ ਨੂੰ ਕਿਸੇ ਦਾ ਭੈ ਨਹੀਂ। ਉਸ ਨਿਰਭਉ ਦਾ ਜਾਪ ਕਰਨ ਵਾਲਾ ਵੀ ਨਿਰਭਉ ਪਦਵੀ ਪਾ ਲੈਂਦਾ ਹੈ।

***ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥*** (੧੩)

Sri Satguru Jagjit Singh Ji eLibrary NamdhariElibrary@gmail.com

ਇਕ ਨਿਰਮਲ ਭਉ ਨੂੰ ਛੱਡ ਕੇ ਹਰ ਤਰ੍ਹਾਂ ਦਾ ਡਰ ਉਸ ਪੁਰਖ ਦੀ ਜ਼ਿੰਦਗੀ ਵਿਚੋਂ ਖਤਮ ਹੋ ਜਾਂਦਾ ਹੈ। ਜਿਸ ਨੇ ਹਰੀ ਸਿਮਰਨ ਵਿਚ ਜੁੜ ਕੇ ਆਪਣੇ ਹਿਰਦੇ ਨੂੰ ਪਵਿੱਤਰ ਕਰ ਲਿਆ। ਉਸ ਨੂੰ ਤਾਂ ਵਿਸ਼ਵਾਸ਼ ਹੋ ਜਾਂਦਾ ਹੈ ਕਿ ਜਦੋਂ ਸਭ ਕੁਝ ਪ੍ਰਮੇਸ਼ਰ ਵੇਖਦਾ ਅਤੇ ਸੁਣਦਾ ਹੈ ਤਾਂ ਫਿਰ ਅਜਿਹਾ ਕਰਮ ਹੀ ਕਿਉਂ ਕਰਾਂ ਜਿਸ ਨਾਲ ਕੱਲ੍ਹ ਲੇਖਾ ਦੇਣਾ ਔਖਾ ਹੋ ਜਾਵੇ। ਹਮੇਸ਼ਾਂ ਇਸ ਅਸਲੀਅਤ ਤੋਂ ਅਣਜਾਣ ਪੁਰਖ ਪਾਪਾਂ ਵਿਚ ਫੱਸ ਕੇ ਜ਼ਿੰਦਗੀ ਦਾ ਹਰ ਪਲ ਡਰ ਵਿਚ ਹੀ ਗੁਜ਼ਾਰਦਾ ਹੈ।

***ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ ਸੋ ਡਰੈ ਜਿਨਿ ਪਾਪ ਕਮਤੇ ਰਾਮ॥***
***ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ॥*** (੫੪੦)

ਅਜਿਹਾ ਪੁਰਖ ਸੱਚ ਦਾ ਦੀਵਾਨਾ ਬਣ ਜਾਂਦਾ ਹੈ। ਉਸ ਲਈ ਤਾਂ ਇਹ ਨਿਰਮਲ ਭਉ ਇਸ ਤਰ੍ਹਾਂ ਬਣ ਜਾਂਦਾ ਹੈ ਕਿ ਜਿਵੇਂ ਆਮ ਜੋਗੀ ਆਪਣੀ ਲਿਵ ਪ੍ਰਮੇਸ਼ਰ ਦੇ ਚਰਨਾਂ ਵਿਚ ਜੋੜੀ ਰੱਖਣ ਵਾਸਤੇ ਭੰਗ ਦਾ ਇਸਤੇਮਾਲ ਕਰਦੇ ਸਨ। ਇਸ ਭੰਗ ਦਾ ਨਸ਼ਾ ਕੁਝ ਸਮੇਂ ਮਗਰੋਂ ਉਤਰ ਜਾਂਦਾ ਸੀ ਜਿਸ ਕਰਕੇ ਕੋਲ ਹੋਰ ਭੰਗ ਰੱਖਣੀ ਪੈਂਦੀ। ਭੰਗ ਰੱਖਣ ਲਈ ਇਕ ਛੋਟੀ ਜਿਹੀ ਥੈਲੀ ਬਣਾਈ ਹੁੰਦੀ ਸੀ ਜਿਸ ਵਿਚ ਭੰਗ ਸੰਭਾਲ ਕੇ ਰੱਖਦਾ ਸੀ। ਸੱਚਾ ਦੀਵਾਨਾ ਦੁਨਿਆਵੀ ਭੰਗ ਨਹੀਂ ਵਰਤਦਾ ਉਹ ਤਾਂ ਸਗੋਂ ਨਿਰਮਲ ਭਉ ਸਦਕਾ ਭਾਵ ਰੱਬੀ ਅਦਬ ਸਦਕਾ ਆਪਣੀ ਲਿਵ ਕਦੇ ਟੁੱਟਣ ਹੀ ਨਹੀਂ ਦਿੰਦਾ। ਇਸ ਨਿਰਮਲ ਭਉ ਨੂੰ ਚਿਤ ਵਿਚ ਸੰਭਾਲੀ ਰੱਖਦਾ ਹੈ।

***ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥ ਮੈ ਦੇਵਾਨਾ ਭਇਆ ਅਤੀਤੁ॥*** (੭੨੧)

ਜਿਵੇਂ ਸੱਚਾ ਪ੍ਰੇਮੀ ਕੇਵਲ ਆਪਣੇ ਪਿਆਰੇ ਨਾਲ ਹੀ ਪਿਆਰ ਨਹੀਂ ਕਰਦਾ ਬਲਕਿ ਉਸ ਨੂੰ ਤਾਂ ਆਪਣੇ ਪਿਆਰੇ ਦੀ ਹਰ ਚੀਜ਼ ਵੀ ਪਿਆਰੀ ਲੱਗਣ ਲੱਗ ਜਾਂਦੀ ਹੈ। ਕਰਤੇ ਪੁਰਖ ਦਾ ਪੁਜਾਰੀ ਵੀ ਕੇਵਲ ਕਰਤੇ ਨੂੰ ਹੀ ਪਿਆਰ ਨਹੀਂ ਕਰਦਾ, ਸਗੋਂ ਉਹ ਤਾਂ ਹਰ ਜੀਵ ਦਾ ਸਤਿਕਾਰ ਅਦਬ ਕਰਦਾ ਹੈ। ਕਿਸੇ ਦੇ ਹਿਰਦੇ ਨੂੰ ਦੁਖਾਉਣਾ ਇਸ ਤਰ੍ਹਾਂ ਮੰਨਦਾ ਹੈ ਕਿ ਮੈਂ ਕਿਸੇ ਦਾ ਹਿਰਦਾ ਨਹੀਂ ਦੁਖਾਇਆ ਬਲਕਿ ਹਿਰਦੇ ਵਿਚ ਬੈਠੇ ਪ੍ਰਮੇਸ਼ਰ ਤੋਂ ਸਗੋਂ ਹੋਰ ਦੂਰ ਹੋ ਗਿਆ ਹਾਂ। ਪ੍ਰਭੂ ਦੇ ਮਿਲਾਪ ਦੀ ਤੜਫ ਰਖਣ ਵਾਲਿਆਂ ਦੀ ਤਾਂ ਇਹ ਨਿਸ਼ਾਨੀ ਹੈ ਕਿ ਉਹ ਕਿਸੇ ਦੇ ਹਿਰਦੇ ਨੂੰ ਦੁੱਖ ਦੇਣ ਨਾਲੋਂ ਆਪ ਜਿਹੜਾ ਮਰਜ਼ੀ ਦੁੱਖ ਝੱਲਣਾ ਪੈ ਜਾਵੇ ਝੱਲ ਲੈਂਦੇ ਹਨ ਪਰ ਕਿਸੇ ਨੂੰ ਤਕਲੀਫ ਨਹੀਂ ਦਿੰਦੇ।

***ਜੇ ਤਉ ਪਿਰਿਆ ਦੀ ਸਿਕ ਹਿਆਉ ਨ ਠਾਹੇ ਕਹੀਦਾ॥*** (੧੩੮੪)

ਅਜਿਹਾ ਨਿਰਮਲ ਭਉ ਪੈਦਾ ਹੀ ਉਸ ਹਿਰਦੇ ਵਿਚ ਹੁੰਦਾ ਹੈ ਜਿਹੜਾ ਪਹਿਲਾਂ ਮਨ ਵਿਚ ਡਰ ਰੱਖ ਕੇ ਤੁਰਦਾ ਹੈ, ਭੈ ਤੋਂ ਬਿਨਾ ਭਗਤੀ ਵੀ ਨਹੀਂ ਹੁੰਦੀ

***ਭੈ ਬਿਨੁ ਭਗਤਿ ਨ ਹੋਵਈ॥*** (੭੮੮)

ਇਹ ਪਹਿਲਾ ਡਰ ਮਾਨੋ ਬੀਜ ਹੈ ਤੇ ਨਿਰਮਲ ਭਉ ਇਕ ਦਰਖਤ ਹੈ। ਬੀਜ ਤੋਂ ਬਿਨਾਂ ਦਰਖਤ ਨਹੀਂ ਹੋ ਸਕਦਾ। ਜਿਨ੍ਹਾਂ ਦੇ ਮਨਾਂ ਵਿਚ ਡਰ ਦਾ ਬੀਜ ਬੀਜਿਆ ਜਾਂਦਾ ਹੈ ਉਹੋ ਹੀ ਇਸ ਮੁਕਾਮ 'ਤੇ ਪਹੁੰਚਦੇ ਹਨ ਕਿ ਨਿਰਮਲ ਭਉ ਦਾ ਦਰਖਤ ਬਣ ਖਲੋਂਦੇ ਹਨ ਜਿਸ ਨੂੰ ਫਿਰ ਕੋਈ ਤੁਫਾਨ ਵੀ ਉਖੇੜ ਨਹੀਂ ਸਕਦੇ। ਅਜਿਹੀ ਜੀਵਨ ਦਸ਼ਾ ਵਿਚ ਰੱਬੀ ਆਸ਼ਕ ਕੇਵਲ ਤੇ ਕੇਵਲ ਪ੍ਰਮੇਸ਼ਰ ਦੇ ਅਦਬ ਵਿਚ ਹੀ ਜੀਵਨ ਬਸਰ ਕਰਦਾ ਹੈ ਹੋਰ ਕਿਸੇ ਦੀ ਕੋਈ ਪ੍ਰਵਾਹ ਨਹੀਂ।

***ਸੰਤਨ ਅਵਰ ਨ ਕਾਹੂ ਜਾਨੀ॥ ਬੇ ਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ॥***

(੭੧੧)

ਅਜਿਹੇ ਗੁਰਮੁਖ ਦੀ ਤਾਂ ਬਾਣੀ ਵੀ ਘੜੀ ਹੋਈ ਹੁੰਦੀ ਹੈ, ਜੋ ਬੋਲਦਾ ਹੈ—

***ਈਹਾਂ ਊਹਾਂ ਸਚ ਹੋਵੈ॥***

ਦੇ ਪਾਵਨ ਬਚਨ ਵਾਂਗ ਪਵਿੱਤਰ ਬੋਲ ਹੀ ਬੋਲਦਾ ਹੈ। ਗੁਰਮੁਖ ਤਾਂ ਸਦੀਵ ਕਾਲ ਹਰੀ ਪ੍ਰਮੇਸ਼ਰ ਦਾ ਹੀ ਨਿਰਮਲ ਨਾਮ ਧਿਆਉਂਦਾ ਰਹਿੰਦਾ ਹੈ। ਰੱਬੀ ਗੁਣਾਂ ਦੀ ਤਸਬੀ ਹਿਰਦੇ ਅੰਦਰ ਚਲਦੀ ਰਹਿੰਦੀ ਹੈ। ਨਿਰਮਲ ਗੁਣਾਂ ਨਾਲ ਜੀਵਨ ਪਦਵੀ ਵੀ ਨਿਰਮਲ ਪਾ ਲੈਂਦਾ ਹੈ। ***"ਜੀਵਨ ਪਦਵੀ ਹਰਿ ਕੋ ਨਾਉ॥"*** ਇਹ ਵੀ ਕਹਿ ਸਕਦੇ ਹਾਂ ਕਿ ਗੁਰਮੁਖ ਦਾ ਰੋਮ ਰੋਮ ਬੰਦਗੀ ਕਰਦਾ ਹੈ। ਦੁਨਿਆਵੀ ਕੋਈ ਵਸਤੂ ਵੀ ਦੇਖਦਾ ਹੈ ਤਾਂ ਉਹ ਵੀ ਸੱਚ ਨਜ਼ਰ ਆਉਂਦੀ ਹੈ ਕਿ ਇਹ ਵੀ ਮੇਰੇ ਹਰੀ ਦੇ ਹੀ ਗੁਣ ਗਾ ਰਹੀ ਹੈ।

***ਹਰ ਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥*** (੧੪੨੦)

ਜਾਂ ਫਿਰ—

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥*** (੧੨੬੫)

ਅਜਿਹੀ ਆਤਮਾ ਤਾਂ ਮਾਨੋ ਸਰੀਰਕ ਚੋਲੇ ਵਿਚੋਂ ਹੀ ਸੱਚ ਦਾ ਚੋਲਾ ਪਹਿਨ ਲੈਂਦੀ ਹੈ।

***ਗੁਰਮੁਖਿ ਸਾਚੇ ਕਾ ਭਉ ਪਾਵੈ॥ ਗੁਰਮੁਖਿ ਬਾਣੀ ਅਘੜੁ ਘੜਾਵੈ॥***
***ਗੁਰਮੁਖਿ ਨਿਰਮਲ ਹਰਿ ਗੁਣ ਗਾਵੈ॥ ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ॥***
***ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥ ਨਾਨਕ ਗੁਰਮੁਖਿ ਸਾਚਿ ਸਮਾਵੈ॥*** (੯੪੧)

ਨਿਰਮਲ ਭਉ ਅਤੇ ਚਾਉ ਦਾ ਬਹੁਤ ਗਹਿਰਾ ਸਬੰਧ ਹੈ। ਜਿਸ ਪੁਰਖ ਦੀ ਜ਼ਿੰਦਗੀ ਵਿਚ ਸਭ ਡਰ ਖਤਮ ਹੋ ਕੇ ਨਿਰਮਲ ਭਉ ਪੈਦਾ ਹੁੰਦਾ ਹੈ ਫਿਰ ਉਸ ਦਾ ਮਨ ਸਦਾ ਚਾਉ ਵਿਚ ਰਹਿੰਦਾ ਹੈ। ਸੇਵਾ ਕਰਦਿਆਂ ਮਨ ਅੰਦਰ ਚਾਉ ਬਣਿਆ ਰਹਿੰਦਾ ਹੈ, ਸੇਵਾ ਕਰਦਿਆਂ ਮਨ ਕਦੇ ਬੱਧਾ ਰੁਧਾ ਚੱਟੀ ਨਹੀਂ ਭਰਦਾ। ਇਥੇ ਇਕ ਅਗੰਮੀ ਖੁਸ਼ੀ ਦਾ ਹਰ ਵਕਤ ਹਿਰਦੇ ਵਿਚ ਖਿੜਾਉ ਬਣਿਆ ਰਹਿੰਦਾ ਹੈ। ਨਿਰੰਕਾਰ ਦੇ ਗੁਣ ਗਾਉਂਦਿਆਂ ਮਨ ਅਕਦਾ ਥੱਕਦਾ ਨਹੀਂ। ਦਿਨ ਦੀ ਸੰਭਾਲ ਤਾਂ ਇਕ ਪਾਸੇ ਹੁਣ ਤਾਂ ਸੁਪਨੇ ਵੀ ਆਪਣੇ ਪਿਆਰੇ ਦੇ ਹੀ

Sri Satguru Jagjit Singh Ji eLibrary NamdhariElibrary@gmail.com

ਸਿਰਜਦਾ ਹੈ। ਲੋਕਾਈ ਨਾਲ ਮਿੱਠਾ ਬੋਲਣ ਅਤੇ ਨਿਵ ਚੱਲਣ ਇਹ ਸਭ ਕੁਝ ਮਨ ਦੇ ਖੇੜੇ ਕਰਕੇ ਹੀ ਹੈ ਪ੍ਰਮੇਸ਼ਰ ਦੇ ਚਰਨਾਂ ਵਿਚ ਇਕੋ ਅਰਦਾਸ ਰਹਿੰਦੀ ਹੈ ਕਿ, ਵਾਹਿਗੁਰੂ ਜੀ ! ਅਜਿਹਾ ਹੀ ਸੰਜੋਗ ਬਖਸ਼ੋ ਜਿਸ ਨਾਲ ਮੇਰਾ ਮਨ ਹਰੀ ਦੇ ਗੁਣ ਗਾਉਂਦਾ ਰਹੇ।

***ਸੇ ਸੰਜੋਗ ਕਰਹੁ ਮੇਰੇ ਪਿਆਰੇ॥ ਜਿਤੁ ਰਸਨਾ ਹਰਿ ਨਾਮੁ ਉਚਾਰੇ॥*** (੭੪੩)

ਹਿਰਦੇ ਦੀ ਪੁਕਾਰ ਜਦੋਂ ਜ਼ੁਬਾਨ ਰਾਹੀਂ ਸ਼ਬਦਾਂ ਦਾ ਜਾਮਾ ਪਹਿਨਦੀ ਹੈ ਤਾਂ ਇਹੋ ਬਚਨ ਨਿਕਲਦੇ ਹਨ ਕਿ ***"ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ॥ ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥*** ਨਿਰਮਲ ਭਉ ਅਤੇ ਚਾਉ ਇਕੱਠੇ ਹੋ ਕੇ ਜ਼ਿੰਦਗੀ ਦੇ ਵਿਹੜੇ ਵਿਚੋਂ ਆਲਸ ਦਾ ਖਾਤਮਾ ਕਰ ਦਿੰਦੇ ਹਨ। ਆਲਸੀ ਪੁਰਖ ਦਾ ਤਾਂ ਹੋ ਸਕਦਾ ਹੈ ਕਿ ਅੰਮ੍ਰਿਤ ਵੇਲਾ ਬਿਸਤਰ 'ਤੇ ਹੀ ਗੁਜ਼ਰ ਜਾਵੇ ਪਰ ਨਿਰਮਲ ਭਉ ਤੇ ਚਾਉ ਵਾਲੇ ਪੁਰਖ ਪ੍ਰੇਮੀ ਨੂੰ ਤਾਂ ਅੰਮ੍ਰਿਤ ਵੇਲਾ ਸੁਖਾਂ ਭਰਿਆ ਹਰੀ ਦੀ ਬੰਦਗੀ ਵਿਚ ਹੀ ਲੱਗਦਾ ਹੈ। ਇਸ ਲਈ ਹੀ ਤਾਂ ਸੁਬਹ ਦਾ ਚੌਥਾ ਪਹਿਰ ਇਨ੍ਹਾਂ ਪ੍ਰੇਮੀਆਂ ਦਾ ਪਾਣੀਆਂ ਕਿਨਾਰੇ ਆਰੰਭ ਹੁੰਦਾ ਹੈ। ਜਿਥੇ ਮੁਖ ਵਿਚ ਹਰੀ ਜਾਪ ਹੁੰਦਾ ਹੈ ਉਥੇ ਮਨ ਵਿਚ ਵੀ ਸੱਚਾ ਨਾਉ ਹੁੰਦਾ ਹੈ। ਮੁਖ ਵਿਚੋਂ ਹਰੀ ਦਾ ਜਾਪ ਕਰਨ ਵਾਲੇ ਵੀ ਬਹੁਤ ਹੁੰਦੇ ਹਨ ਪਰ ਮੁਖ ਅਤੇ ਮਨ ਇਕੋ ਸਮੇਂ ਰੱਬੀ ਇਬਾਦਤ ਵਿਚ ਲਗੇ ਹੋਣ ਇਹ ਕੇਵਲ ਨਿਰਮਲ ਭਉ ਅਤੇ ਚਾਉ ਵਾਲੇ ਸੁਭਾਗੇ ਪੁਰਖ ਪ੍ਰੇਮੀ ਦੇ ਹੀ ਹਿੱਸੇ ਆਉਂਦਾ ਹੈ, ਪਾਵਨ ਬਚਨ ਹਨ।

***ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥***
***ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥*** (੧੪੬)

ਇਸ ਤਰ੍ਹਾਂ ਨਿਰਮਲ ਭਉ ਪਾ ਕੇ ਚਾਅ ਨਾਲ ਹਰੀ ਦੇ ਗੁਣ ਗਾ ਗਾ ਕੇ ਫਿਰ ਹਰ ਹਿਰਦੇ ਵਿਚ ਪ੍ਰਮੇਸ਼ਰ ਦਾ ਹੀ ਵਾਸਾ ਨਜ਼ਰੀਂ ਆਉਂਦਾ ਹੈ।

***ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ॥***
***ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ॥*** (੭੭੩)

ਇਹ ਇਕ ਅਜਿਹੀ ਅਵਸਥਾ ਹੈ ਕਿ ਜਿਵੇਂ ਕਿਸੇ ਖਾਸ ਮਹਿਮਾਨ ਦੇ ਆਉਣ ਦੀ ਉਡੀਕ ਹੋਵੇ ਤਾਂ ਸਾਰਾ ਘਰ ਬਾਰ ਸ਼ਿੰਗਾਰ ਕੇ ਪਿਆਰੇ ਦੀ ਉਡੀਕ ਵਿਚ ਬੈਠ ਜਾਈਦਾ ਹੈ। ਸਰੀਰ ਭਾਵੇਂ ਘਰ ਵਿਚ ਬੈਠਾ ਹੁੰਦਾ ਹੈ ਪਰ ਮਨ ਕਿਸੇ ਅਗੰਮੀ ਮੰਡਲਾਂ ਵਿਚ ਚਾਉ ਮੱਤਾ ਅਨੰਦ ਮਾਣਦਾ ਹੈ।

***ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ॥***
***ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ॥***
***ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ॥*** (੭੬੪)

ਜਾਂ ਫਿਰ—

Sri Satguru Jagjit Singh Ji eLibrary NamdhariElibrary@gmail.com

ਕਰਹਿ ਭਗਤਿ ਆਤਮ ਕੈ ਚਾਇ॥ ਪ੍ਰਭ ਅਪਨੇ ਸਿਉ ਰਹਹਿ ਸਮਾਇ॥ (੨੮੬)

ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥ (੧੦੯੪)

# ਸਾਚੀ ਪ੍ਰੀਤ

ਡਰ ਦਾ ਅਰਥ ਬਦਲ ਕੇ ਨਿਰਮਲ ਭਉ ਬਣ ਜਾਂਦਾ ਹੈ। ਨਿਰਮਲ ਭਉ ਵਿਚ ਚਾਉ ਉਪਜਦਾ ਹੈ ਇਸ ਚਾਉ ਦੀ ਅਵਸਥਾ ਅਤੇ ਭਉ ਦੀ ਅਵਸਥਾ ਵਿਚੋਂ ਹੀ ਫਿਰ ਬਦਲ ਕੇ ਭਾਉ ਬਣਦਾ ਹੈ। ਭਾਉ ਦਾ ਅਰਥ ਪਿਆਰ ਹੁੰਦਾ ਹੈ।

*ਨਾਨਕ ਜਿਨੑ ਮਨਿ ਭਉ ਤਿਨੑਾ ਮਨਿ ਭਾਉ॥"* (੪੬੫)

ਹਰੀ ਪ੍ਰਮਾਤਮਾ ਦੇ ਗੁਣਾਂ ਦਾ ਨਿਵਾਸ ਹੀ ਉਥੇ ਹੁੰਦਾ ਹੈ, ਜਿਸ ਹਿਰਦੇ ਵਿਚ ਭਉ ਭਾਵਨੀ ਹੋਵੇ ਕਿਉਂਕਿ ਇਥੋਂ ਹੀ ਪ੍ਰੇਮਾ ਭਗਤੀ ਨਾਲ ਜੀਵ ਪਾਰ ਹੋ ਜਾਂਦਾ ਹੈ। ਭਉ ਭਾਵਨੀ ਵਿਹੁਣਾ ਕਦੇ ਪਾਰ ਨਹੀਂ ਉਤਰ ਸਕਦਾ।

*ਹਰਿ ਗੁਣ ਹਿਰਦੈ ਟਿਕਹਿ ਤਿਸ ਕੈ ਜਿਸੁ ਅੰਤਰਿ ਭਉ ਭਾਵਨੀ ਹੋਈ॥*
*ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ ਬਿਨੁ ਭੈ ਪਾਰਿ ਨ ਉਤਰਿਆ ਕੋਈ॥* (੧੧੧੫)
*ਭਉ ਭਾਉ ਪ੍ਰੀਤਿ ਨਾਨਕ ਤਿਸਹਿ ਲਾਗੈ ਜਿਸੁ ਤੂ ਆਪਣੀ ਕਿਰਪਾ ਕਰਹਿ॥* (੧੧੧੬)

ਅਜਿਹੇ ਭਗਤ ਦੇ ਹਿਰਦੇ ਮੰਦਰ ਵਿਚ ਕੇਵਲ ਅਕਾਲ ਪੁਰਖ ਦੀ ਪ੍ਰੀਤ ਹੀ ਵੱਸਦੀ ਹੈ। ਇਕ ਹੀ ਅਰਦਾਸ ਰਹਿ ਜਾਂਦੀ ਹੈ ਕਿ—

*ਕਿਤੈ ਪ੍ਰਕਾਰਿ ਨ ਤੂਟਉ ਪ੍ਰੀਤਿ॥ ਦਾਸ ਤੇਰੇ ਕੀ ਨਿਰਮਲ ਰੀਤਿ॥* (੬੮੪)

ਰੱਬੀ ਪ੍ਰੀਤ ਜਿੰਦ ਜਾਨ ਬਣ ਜਾਂਦੀ ਹੈ। ਪ੍ਰਮੇਸ਼ਰ ਦਾ ਇਕ ਸੁਆਸ ਵਿਛੋੜਾ ਵੀ ਦੁੱਖਦਾ ਹੈ। ਹਰ ਉਪਰਾਲਾ ਇਹੋ ਹੈ ਕਿ ਮੇਰੀ ਪ੍ਰੀਤ ਬਣੀ ਰਹੇ। ਪ੍ਰੀਤ ਤਿਆਗ ਕੇ, ਇਸ ਦੀ ਥਾਂ ਕੋਈ ਰਾਜ ਭਾਗ ਵੀ ਮਿਲਦਾ ਹੋਵੇ ਉਸ ਨੂੰ ਵੀ ਪੈਰ ਦੀ ਠੋਕਰ ਮਾਰ ਕੇ ਨਿਕਾਰ ਦਿੰਦਾ ਹੈ। ਜਗਤ ਦੇ ਬਹੁਤ ਭਗਤ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਦੇ ਮਨ ਦੀ ਇਹ ਲਾਲਸਾ ਰਹਿੰਦੀ ਹੈ ਕਿ ਅਸੀਂ ਮੁਕਤੀ ਦੀ ਦਾਤਿ ਹਾਸਿਲ ਕਰ ਲਈਏ ਪਰ ਪ੍ਰੀਤਵਾਨ ਤਾਂ ਇਥੋਂ ਵੀ ਅੱਗੇ ਲੰਘ ਚੁੱਕਾ ਹੁੰਦਾ ਹੈ। ਮੁਕਤੀ ਵੀ ਉਸ ਦੀ ਲੋੜ ਨਹੀਂ, ਲੋੜ ਹੈ ਤਾਂ ਬਸ ਇਕ ਪ੍ਰੀਤ ਦੀ, ਚਰਨਾਂ ਕਮਲਾਂ ਨਾਲ ਜੁੜੀ ਪ੍ਰੀਤ, ਰਾਜ ਭਾਗ ਅਤੇ ਮੁਕਤੀ ਤੋਂ ਵੀ ਵਧੀਕ ਸੁਖਦਾਈ ਤੇ ਅਨੰਦਮਈ ਪ੍ਰਤੀਤ ਹੁੰਦੀ ਹੈ।

*ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥* (੫੩੪)

ਆਪਣਾ ਆਪ ਵੇਚ ਕੇ ਪ੍ਰੇਮ ਦੀ ਮੰਡੀ ਵਿਚੋਂ ਖਰੀਦੀ ਇਸ ਪ੍ਰੀਤ ਨੂੰ ਕਿਸੇ ਵੀ ਚੀਜ਼

Sri Satguru Jagjit Singh Ji eLibrary NamdhariElibrary@gmail.com

ਬਦਲੇ ਗੁਆਉਣਾ ਨਹੀਂ ਚਾਹੁੰਦਾ। ਪ੍ਰੀਤ ਹੀ ਜ਼ਿੰਦਗੀ ਹੈ। ਐਸੇ ਪੁਰਖ ਦਾ ਜੀਵਨ ਨਿਸ਼ਾਨਾ ਪ੍ਰੀਤ ਵਿਚ ਜੀਉਣਾ ਹੀ ਹੁੰਦਾ ਹੈ। ਪ੍ਰੀਤ ਟੁੱਟ ਜਾਏ ਫਿਰ ਤਾਂ ਮੌਤ ਹੋ ਜਾਂਦੀ ਹੈ। ਕਿਸੇ ਪੁਰਖ ਦੀ ਮੌਤ ਹੋ ਜਾਵੇ ਉਸ ਲਈ ਅਤਿ ਦੀ ਸੁੰਦਰਤਾ ਕਿਸ ਕੰਮ ਕਿਉਂਕਿ ਮ੍ਰਿਤਕ ਦੀ ਸੁੰਦਰਤਾ ਦਾ ਕੋਈ ਅਰਥ ਨਹੀਂ। ਚੰਗੀ ਕੁਲ ਵਿਚ ਜਨਮ ਹੋਣਾ, ਬਹੁਤ ਚਲਾਕ ਹੋਣਾ, ਗਿਆਨ ਦਾ ਭਾਵੇਂ ਭੰਡਾਰ ਹੋਵੇ ਅਤੇ ਇਸ ਨਾਲ ਧਨ ਦੀ ਵੀ ਕਮੀ ਨਾ ਹੋਵੇ ਪਰ ਇਹ ਸਭ ਕੁਝ ਜਿਉਂਦੇ ਪੁਰਖ ਲਈ ਤਾਂ ਅਹਿਮੀਅਤ ਰੱਖਦਾ ਹੈ ਮ੍ਰਿਤਕ ਲਈ ਨਹੀਂ। ਪ੍ਰੀਤਵਾਨ ਤਦ ਹੀ ਤਾਂ ਇਸ ਸਭ ਕੁਝ ਦੀ ਬਜਾਇ ਰੱਬੀ ਪ੍ਰੀਤ ਮੰਗਦਾ ਹੈ ਕਿਉਂਕਿ ਮੌਤ ਇਨ੍ਹਾਂ ਨਾਲ ਨਹੀਂ ਬਲਕਿ ਆਤਮਿਕ ਮੌਤ ਤਾਂ ਪ੍ਰੀਤ ਵਿਹੁਣਾ ਹੋਣ ਕਰਕੇ ਹੈ।

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*** (੨੫੩)

ਪ੍ਰੀਤ ਦੇ ਮੁਕਾਬਲੇ ਇਨ੍ਹਾਂ ਚੀਜ਼ਾਂ ਦਾ ਕੋਈ ਮੁੱਲ ਨਹੀਂ। ਕੀਮਤ ਤਾਂ ਅਸਲ ਵਿਚ ਪ੍ਰੀਤ ਦੀ ਹੀ ਹੁੰਦੀ ਹੈ।

***ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ॥ ਮੈ ਤਉ ਮੋਲਿ ਮਹਗੀ ਲਈ ਜੀਅ ਸਟੈ॥*** (੬੯੪)

ਮੱਛਲੀ ਦੀ ਪ੍ਰੀਤ ਪਾਣੀ ਨਾਲ ਹੈ। ਇਸ ਪ੍ਰੀਤ ਬਦਲੇ ਜਿਉਂਦੇ ਜੀਅ ਹੋਰ ਕੁਝ ਵੀ ਮਿਲੇ ਤੇ ਸ਼ਰਤ ਹੋਵੇ ਕਿ ਪਾਣੀ ਤੋਂ ਬਿਨਾਂ ਜਿਉਣਾ ਹੈ ਤਾਂ ਕਦੇ ਮੱਛੀ ਪਾਣੀ ਦਾ ਤਿਆਗ ਨਹੀਂ ਕਰਦੀ। ਹੋਰ ਦੁਨੀਆਂਦਾਰਾਂ ਦੀਆਂ ਨਜ਼ਰਾਂ ਵਿਚ ਕਿਸੇ ਚੀਜ਼ ਦੀ ਕੀਮਤ ਹੋ ਸਕਦੀ ਹੈ ਪਰ ਮੱਛਲੀ ਦੀ ਨਜ਼ਰ ਵਿਚ ਸਭ ਤੋਂ ਵਧੀਕ ਮੁੱਲਵਾਨ ਕੇਵਲ ਪਾਣੀ ਹੈ ਜਿਸ ਵਿਚੋਂ ਜੀਵਨ ਨਸੀਬ ਹੁੰਦਾ ਹੈ। ਮੱਛਲੀ ਦੇ ਜਿਉਂਦੇ ਜੀਅ ਪਾਣੀ ਤੋਂ ਵਿਛੋੜ ਕੇ ਜੀਵਤ ਰੱਖਣਾ ਤਾਂ ਇਕ ਪਾਸੇ ਹਜ਼ੂਰ ਦਾ ਬਚਨ ਹੈ ਮਰ ਕੇ ਵੀ ਪਾਣੀ ਨਹੀਂ ਵਿਸਾਰ ਦੀ।

***ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥***
***ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ॥*** (੬੫੮)

ਮੱਛਲੀ ਤੋਂ ਪਾਣੀ ਦੇ ਵਿਛੋੜੇ ਦਾ ਦੂਜਾ ਅਰਥ ਸਿੱਧਾ ਮੌਤ ਹੁੰਦਾ ਹੈ। ਇਸ ਤਰ੍ਹਾਂ ਹੀ ਭਗਤ ਦੀ ਰੱਬ ਨਾਲ ਪ੍ਰੀਤ ਜੁੜ ਜਾਂਦੀ ਹੈ। ਪ੍ਰੀਤ ਦਾ ਵਿਛੋੜਾ ਭਗਤ ਲਈ ਮੌਤ ਦਾ ਸੁਨੇਹਾ ਹੁੰਦਾ ਹੈ। ਪ੍ਰੀਤ ਜੁੜੀ ਰਹੇ ਫਿਰ ਮੌਤ ਵੀ ਸੁਖਦਾਈ ਹੁੰਦੀ ਹੈ।

***ਕਰਵਤੁ ਭਲਾ ਨ ਕਰਵਟ ਤੇਰੀ॥ ਲਾਗੁ ਗਲੇ ਸੁਨੁ ਬਿਨਤੀ ਮੇਰੀ॥***
***ਹਉ ਵਾਰੀ ਮੁਖੁ ਫੇਰਿ ਪਿਆਰੇ॥ ਕਰਵਟ ਦੇ ਮੋ ਕਉ ਕਾਹੇ ਕਉ ਮਾਰੇ॥***
***ਜਉ ਤਨੁ ਚੀਰਹਿ ਅੰਗੁ ਨ ਮੋਰਉ॥ ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ॥*** (੪੮੪)

ਸੱਚੀ ਪ੍ਰੀਤ ਕਹਿੰਦੇ ਹੀ ਉਸ ਨੂੰ ਹਨ, ਜਦੋਂ ਇਕ ਤੋਂ ਬਿਨਾਂ ਹੋਰ ਕੋਈ ਆਪਣੇ ਪਿਆਰੇ ਵਰਗਾ ਨਜ਼ਰ ਹੀ ਨਾ ਆਵੇ। ਜਿਥੇ ਮੇਰੇ ਪਿਆਰੇ ਦਾ ਵਾਸਾ ਹੋਵੇ ਮੈਂ ਉਥੇ ਹੀ ਉਸ ਨੂੰ ਪਿਆਰ ਕਰਨ ਲਈ ਪਹੁੰਚ ਜਾਵਾਂਗਾ।

Sri Satguru Jagjit Singh Ji eLibrary NamdhariElibrary@gmail.com

*ਜਉ ਤੁਮ ਗਿਰਿਵਰ ਤਉ ਹਮ ਮੋਰਾ॥ ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥....*
*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥ ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥* (੬੫੮)

ਜਾਂ ਫਿਰ ਇਹ ਅੰਮ੍ਰਿਤ ਬਚਨ ਅਜਿਹੀ ਸਥਿਤੀ ਨੂੰ ਨਿਰੂਪਣ ਕਰਦੇ ਹਨ ਕਿ—

*ਮੂ ਲਾਲਨ ਸਿਉ ਪ੍ਰੀਤਿ ਬਨੀ॥ ਰਹਾਉ॥*
*ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚਤਨੀ॥* (੮੨੭)
*ਦਿਨਸੁ ਰੈਨਿ ਮਨ ਮਾਹਿ ਬਸਤੁ ਹੈ ਤੂ ਕਰਿ ਕਿਰਪਾ ਪ੍ਰਭ ਅਪਨੀ॥*
*ਬਲਿ ਬਲਿ ਜਾਉ ਸਿਆਮ ਸੁੰਦਰ ਕਉ ਅਕਥ ਕਥਾ ਜਾ ਕੀ ਬਾਤ ਸੁਨੀ॥*

ਸੱਚੀ ਪ੍ਰੀਤ ਹੀ ਤਾਂ ਸੱਚੇ ਭਗਤ ਨੂੰ ਜਨਮ ਦੇ ਸਕਦੀ ਹੈ। ਅਜਿਹੇ ਅਧਿਆਤਮਕ ਪਾਂਧੀ ਦੀ ਹਰ ਜੀਵਨ ਹਰਕਤ ਵਿਚੋਂ ਸੱਚ ਹੀ ਤਾਂ ਝਲਕਦਾ ਹੈ।

*ਭਗਤੁ ਭਗਤੁ ਸੁਨੀਐ ਤਿਹੁ ਲੋਇ॥ ਜਾ ਕੈ ਹਿਰਦੈ ਏਕੋ ਹੋਇ॥*
*ਸਚੁ ਕਰਣੀ ਸਚੁ ਤਾ ਕੀ ਰਹਤ॥ ਸਚੁ ਹਿਰਦੈ ਸਤਿ ਮੁਖਿ ਕਹਤ॥*
*ਸਾਚੀ ਦ੍ਰਿਸਟਿ ਸਾਚਾ ਆਕਾਰੁ॥ ਸਚੁ ਵਰਤੈ ਸਾਚਾ ਪਾਸਾਰੁ॥*
*ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ॥ ਨਾਨਕ ਸੋ ਜਨੁ ਸਚਿ ਸਮਾਤਾ॥* (੨੮੩)

ਅਸਲ ਵਿਚ ਮਨੁੱਖਤਾ ਦਾ ਸਤਿਕਾਰ ਕਰ ਹੀ ਉਹ ਸਕਦਾ ਹੈ, ਜਿਸ ਨੂੰ ਪ੍ਰਮਾਤਮਾ ਨਾਲ ਸੱਚੀ ਪ੍ਰੀਤ ਹੋਵੇ। ਉਸ ਦੀ ਜੀਵਨ ਅਵਸਥਾ ਹੀ ਅਜਿਹੀ ਹੋ ਜਾਂਦੀ ਹੈ ਕਿ ਜਿਵੇਂ ਇਕ ਗੱਡੀ ਵਿਚ ਕਈ ਮੁਸਾਫ਼ਿਰ ਹੁੰਦੇ ਹਨ। ਹਰ ਇਕ ਆਪੋ ਆਪਣੀ ਮੰਜ਼ਿਲ ਚੇਤੇ ਰੱਖਦਾ ਹੈ। ਗੱਡੀ ਵਿਚ ਜਾਂਦਿਆਂ ਪਿਆਰ ਸਤਿਕਾਰ ਵੀ ਕਰਦੇ ਹਨ। ਇਕ ਦੂਜੇ ਦੇ ਸਮਾਨ ਦੀ ਨਜ਼ਰ ਰੱਖ ਕੇ ਸਫ਼ਰ ਦੇ ਸਮੇਂ ਨੂੰ ਇਕ ਦੂਜੇ ਦੇ ਸਹਿਯੋਗੀ ਹੋ ਕੇ ਸੁਹਾਵਣਾ ਬਣਾਉਂਦੇ ਹਨ ਪਰ ਜਦੋਂ ਜਦੋਂ ਕਿਸੇ ਦਾ ਟਿਕਾਣਾ ਆਈ ਜਾਂਦਾ ਹੈ। ਤਿਉਂ ਤਿਉਂ ਖ਼ੁਸ਼ੀ ਨਾਲ ਉਸ ਨੂੰ ਤੋਰ ਕੇ ਹੋਰ ਆਉਣ ਵਾਲਿਆਂ ਨੂੰ ਜੀ ਆਇਆਂ ਕਹਿੰਦੇ ਰਹਿੰਦੇ ਹਨ। ਸਾਰਿਆਂ ਨਾਲ ਪਿਆਰ ਸਤਿਕਾਰ ਕਰਦਿਆਂ ਹੋਇਆਂ ਵੀ ਚਿਤ ਹਮੇਸ਼ਾਂ ਆਪਣੀ ਮੰਜ਼ਿਲ 'ਤੇ ਲਾਈ ਰੱਖਦੇ ਹਨ। ਬਸ ਇਸ ਤਰ੍ਹਾਂ ਹੀ ਪ੍ਰੀਤਵਾਨ ਵੀ ਸੰਸਾਰ ਅੰਦਰ ਪਿਆਰ ਸਤਿਕਾਰ ਸਾਰਿਆਂ ਦਾ ਕਰਦੇ ਹਨ ਪਰ ਪ੍ਰੀਤ ਕੇਵਲ ਪ੍ਰਮੇਸ਼ਰ ਨਾਲ ਪਾਈ ਰੱਖਦੇ ਹਨ। ਆਮ ਜੀਵਨ ਵਿਚ ਵੀ ਦੇਖਦੇ ਹਾਂ ਕਿ ਜਿਵੇਂ ਇਕ ਸੁਹਾਗਵਤੀ ਇਸਤ੍ਰੀ ਸਮੂੰਹ ਪ੍ਰੀਵਾਰ ਵਿਚ ਰਹਿੰਦਿਆਂ ਹੋਇਆਂ ਪ੍ਰੀਤ ਤਾਂ ਕੇਵਲ ਆਪਣੇ ਕੰਤ ਸੁਹੇਲੜੇ ਨਾਲ ਪਾਈ ਰੱਖਦੀ ਹੈ ਪਰ ਬਾਕੀ ਘਰ ਦੇ ਮੈਂਬਰਾਂ ਦਾ ਸਤਿਕਾਰ ਵੀ ਬਰਕਰਾਰ ਰੱਖਦੀ ਹੈ। ਇਹ ਸਭ ਕੁਝ ਹੈ ਪਤੀ ਕਰਕੇ ਹੀ। ਦੇਵਰ ਦਾ ਸਤਿਕਾਰ ਇਸ ਲਈ ਕਿ ਇਹ ਮੇਰੇ ਪਤੀ ਦਾ ਭਰਾ ਹੈ, ਨਨਾਣ ਦਾ ਵੀ ਸਤਿਕਾਰ ਇਸ ਲਈ ਕਿ ਇਹ ਮੇਰੇ ਪਤੀ ਦੀ ਭੈਣ ਹੈ। ਇਸੇ ਤਰ੍ਹਾਂ ਮਾਤਾ ਪਿਤਾ ਦਾ ਆਦਰ ਪਿਆਰ ਵੀ ਇਸ ਲਈ ਕਿ ਇਹ ਮੇਰੇ ਪਤੀ ਦੇ ਮਾਤਾ ਪਿਤਾ ਹੋਣ ਕਰਕੇ ਮੇਰੇ ਵੀ ਮਾਤਾ ਪਿਤਾ ਹਨ। ਗੁਰਮੁਖ ਦੀ ਜ਼ਿੰਦਗੀ ਵੀ ਅਜਿਹੀ ਹੀ ਹੁੰਦੀ ਹੈ। ਉਹ ਵੀ ਕਿਸੇ ਦਾ ਸਤਿਕਾਰ ਇਸ ਲਈ ਕਰਦੇ ਹਨ ਕਿ ਇਹ ਮੇਰੇ ਪਤੀ ਪ੍ਰਮੇਸ਼ਰ

Sri Satguru Jagjit Singh Ji eLibrary NamdhariElibrary@gmail.com

ਦੀ ਕ੍ਰਿਤ ਹੈ। ਪਤੀ ਦੀ ਕੋਈ ਚੀਜ਼ ਨਿੰਦਣ ਯੋਗ ਨਹੀਂ ਬਲਕਿ ਉਨ੍ਹਾਂ ਵਿਚੋਂ ਵੀ ਪਿਆਰੇ ਦੀ ਯਾਦ ਪ੍ਰੀਤ ਦੀ ਗੰਢ ਨੂੰ ਹੋਰ ਪੀਡਾ ਕਰ ਦਿੰਦੀ ਹੈ। ਉਨ੍ਹਾਂ ਦੀ ਹਾਲਤ ਇਸ ਤਰ੍ਹਾਂ ਦੀ ਹੁੰਦੀ ਹੈ।

***ਜੇ ਭੁਲੀ ਜੇ ਚੁਕੀ ਸਾਈ ਭੀ ਤਹਿੰਜੀ ਕਾਢੀਆ॥***
***ਜਿਨ੍ਹਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ॥***
***ਹਉ ਨਾ ਛੋਡਉ ਕੰਤੁ ਪਾਸਰਾ॥***
***ਸਦਾ ਰੰਗੀਲਾ ਲਾਲੁ ਪਿਆਰਾ ਇਹੁ ਮਹਿੰਜਾ ਆਸਰਾ॥*** (੭੬੧)

ਭਗਤ ਕਬੀਰ ਸਾਹਿਬ ਜੀ ਆਖਦੇ ਹਨ, ਕਿ ਜਦੋਂ ਪ੍ਰੇਮੀ ਇਸ ਪੰਥਾ ਪ੍ਰੇਮ 'ਤੇ ਚਲਦਾ ਹੈ ਤਾਂ ਪ੍ਰੀਤ ਦੀ ਦੁਨੀਆਂ ਤੋਂ ਅਣਜਾਣ ਲੋਕ ਉਸ ਨੂੰ ਹਟਕਾਰਨ ਆਉਂਦੇ ਹਨ ਪਰ ਪ੍ਰੀਤਵਾਨ ਕਿਸੇ ਦੀ ਪ੍ਰਵਾਹ ਕੀਤੇ ਬਿਨਾਂ ਇਸ ਬਿਖੜੇ ਮਾਰਗ 'ਤੇ ਚਲਦਾ ਰਹਿੰਦਾ ਹੈ ਕਿਉਂਕਿ ਉਸ ਨੂੰ ਅਹਿਸਾਸ ਹੋ ਗਿਆ ਕਿ ਉਸ ਮਾਲਕ ਕੋਲੋਂ ਪ੍ਰੀਤ ਤੋੜ ਕੇ ਕੋਈ ਕਿਵੇਂ ਜੀਅ ਸਕਦਾ ਹੈ। ਜਿਸ ਮਾਲਕ ਦੀ ਕ੍ਰਿਪਾ ਨਾਲ ਜਿੰਦ ਜਾਨ ਅਤੇ ਪ੍ਰਾਣ ਮਿਲੇ ਹਨ ਫਿਰ ਇਸ ਸਰੀਰ ਦੇ ਕਲਬੂਤ ਵਿਚ ਨਿਕਲਿਆ ਹਰ ਸੁਆਸ ਵੀ ਉਸ ਦੀ ਹੀ ਯਾਦ ਵਿਚ ਹੋਵੇਗਾ।

***ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ ਲੋਗੁ ਅਜਾਨੁ॥***
***ਤਾ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨ॥*** (੧੩੭੬)

ਸੱਚੀ ਪ੍ਰੀਤ ਦਾ ਵਣਜਾਰਾ ਹਰ ਕੁਰਬਾਨੀ ਕਰਕੇ ਵੀ ਪ੍ਰੀਤ ਪਾਲਦਾ ਹੈ। ਸੰਸਾਰੀ ਲੋਕ ਹਮੇਸ਼ਾਂ ਦੋ ਚੀਜ਼ਾਂ ਨੂੰ ਬਹੁਤ ਸੰਭਾਲ ਸੰਭਾਲ ਰੱਖਦੇ ਹਨ ਕਿ ਕਿਧਰੇ ਸਾਡੇ ਕੋਲੋਂ ਗੁਆਚ ਨਾ ਜਾਵੇ। ਉਹ ਦੋ ਚੀਜ਼ਾਂ ਹਨ ਇਕ ਧਨ ਤੇ ਦੂਜਾ ਜੋਬਨ। ਸੱਚੀ ਪ੍ਰੀਤ ਦਾ ਰਾਹੀ ਜੋਬਨ ਦੀ ਵੀ ਪ੍ਰਵਾਹ ਨਹੀਂ ਕਰਦਾ। ਉਸ ਨੂੰ ਪਤਾ ਹੈ ਕਿ ਜੋਬਨ ਤਾਂ ਹੈ ਹੀ ਇਸ ਵਾਸਤੇ ਕਿ ਪਿਆਰੇ ਦਾ ਪਿਆਰ ਮਿਲ ਸਕੇ। ਜੇ ਜੋਬਨ ਪਿਆਰੇ ਦੇ ਕੰਮ ਹੀ ਨਾ ਆਇਆ ਤਾਂ ਐਸਾ ਜੋਬਨ ਮੇਰੇ ਵੀ ਕਿਸ ਕੰਮ, ਜਿਸ ਨੇ ਪਿਆਰੇ ਦਾ ਮਿਲਾਪ ਵੀ ਬਖਸ਼ਿਸ਼ ਨਾ ਕੀਤਾ। ਪ੍ਰੀਤਵਾਨ ਆਖਦਾ ਹੈ ਕਿ ਮੇਰੀ ਪ੍ਰੀਤ ਬਣ ਜਾਏ ਮੈਨੂੰ ਜੋਬਨ ਦੀ ਪ੍ਰਵਾਹ ਨਹੀਂ

***ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ॥***
***ਫਰੀਦਾ ਕਿਤੀਂ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ॥*** (੧੩੭੯)

ਜਿਨ੍ਹਾਂ ਨੂੰ ਪਤੀ ਪ੍ਰਮੇਸ਼ਰ ਦੇ ਪਿਆਰ ਦਾ ਰਸ ਹੀ ਨਸੀਬ ਨਹੀਂ ਹੋਇਆ, ਉਹ ਤਾਂ ਦੁਨੀਆਂ ਵਿਚ ਇਸ ਤਰ੍ਹਾਂ ਆ ਕੇ ਮੁੜ ਜਾਂਦੇ ਹਨ, ਜਿਵੇਂ ਬਹੁਤ ਦੂਰ ਤੋਂ ਕਿਸੇ ਦੇ ਘਰ ਕੋਈ ਪ੍ਰਹੁਣਾ (ਮਹਿਮਾਨ) ਆਇਆ ਹੋਵੇ ਪਰ ਅੱਗੇ ਉਹ ਘਰ ਨਾ ਮਿਲੇ। ਜਿਸ ਨੂੰ ਮਿਲਣ ਆਇਆ ਸੀ ਜਦੋਂ ਉਹ ਹੀ ਨਾ ਮਿਲਿਆ ਤਾਂ ਜਿਵੇਂ ਉਹ ਨਿਰਾਸਾ ਵਾਪਸ ਜਾਂਦਾ ਹੈ, ਬਸ ਉਸ ਤਰ੍ਹਾਂ ਹੀ ਉਹ ਹੈ ਜਿਸ ਨੇ ਲੰਮੀ ਯਾਤਰਾ ਕਰਕੇ ਪ੍ਰਾਪਤ ਕੀਤੀ ਮਨੁੱਖਾ ਦੇਹੀ ਵਿਚ ਆ ਕੇ ਵੀ ਪ੍ਰਮੇਸ਼ਰ ਦਾ ਪਿਆਰ ਨਹੀਂ ਹਾਸਿਲ ਕੀਤਾ। ਉਹ ਵੀ ਜਗਤ ਤੋਂ ਨਿਰਾਸ ਤੁਰ ਜਾਂਦਾ ਹੈ।

*ਜਿਨੀ ਨ ਪਾਇਓ ਪ੍ਰੇਮ ਰਸੁ ਕੰਤ ਨ ਪਾਇਓ ਸਾਉ॥*
*ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਉ॥* (੭੯੦)

ਰੱਬੀ ਆਸ਼ਕ ਤਾਂ ਮੰਗਦਾ ਹੀ ਇਹੋ ਹੈ ਕਿ ਕਿਸੇ ਪਲ ਵੀ ਮੇਰੇ ਮਨ ਵਿਚੋਂ ਹਰੀ ਦੀ ਯਾਦ ਨਾ ਵਿਸਰੇ -

*ਬਿਸਰਤ ਨਾਹਿ ਮਨ ਤੇ ਹਰੀ॥*
*ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਖੈ ਜਰੀ॥* (੧੧੨੦)
*ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ॥*
*ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ॥* (੩੫)
*ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ॥*
*ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ॥* (੪੭੪)

ਸੱਚੀ ਪ੍ਰੀਤ ਉਸ ਨੂੰ ਹੀ ਆਖਦੇ ਹਨ, ਜਿਸ ਵਿਚ ਕਿਸੇ ਦੂਜੇ ਦਾ ਖਿਆਲ ਤੱਕ ਨਾ ਹੋਵੇ ਕਿਉਂਕਿ—

*ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ॥*
*ਜਿਨ੍ਾ ਨਾਉ ਸੁਹਾਗਣੀ ਤਿਨ੍ਾ ਝਾਕ ਨਾ ਹੋਰ॥* (੧੩੮੪)

ਦੂਜਾ, ਸੱਚੀ ਪ੍ਰੀਤ ਉਹ ਹੈ ਜਿਸ ਵਿਚ ਰੀਤ ਨਹੀਂ ਹੁੰਦੀ। ਪ੍ਰੀਤ ਕਰਨ ਵਾਲੇ ਕੋਲ ਰੀਤ ਨਹੀਂ ਹੁੰਦੀ। ਉਹ ਤਾਂ ਦੁਨੀਆਂ ਦੀਆਂ ਰੀਤੀ ਰਿਵਾਜ਼ਾਂ ਤੋੜ ਦਿੰਦਾ ਹੈ ਜਿਸ ਵਿਚ ਮੇਰਾ ਪਿਆਰਾ ਵਿਸਰਦਾ ਹੋਵੇ। ਰੀਤਾਂ ਨਾਲ ਪ੍ਰੀਤਾਂ ਨਹੀਂ ਨਿਭਦੀਆਂ।

*ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥*
*ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ॥* (੫੯੦)

ਇਸ ਤਰ੍ਹਾਂ ਸੰਸਾਰ ਤੋਂ ਨਿਰੰਕਾਰ ਦੇ ਘਰ ਵੱਲ ਤੁਰਿਆ ਜਾਂਦਾ ਇਹ ਸੱਚਾ ਰਾਹੀ ਜ਼ਿੰਦਗੀ ਵਿਚ ਸਭ ਤੋਂ ਕੀਮਤੀ ਪ੍ਰਮੇਸ਼ਰ ਦੀ ਪ੍ਰੀਤ ਜਾਣ ਕੇ ਸਚੀ ਪ੍ਰੀਤ ਦਾ ਵਣਜਾਰਾ ਬਣ ਜਾਂਦਾ ਹੈ।

*"ਧਨੁ ਨਹੀ ਬਾਛਹਿ ਸੁਰਗ ਨ ਆਛਹਿ॥ ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ॥* (੨੫੧)

ਸ਼ਬਦ ਗੁਰੂ ਨਾਲ ਜੁੜਿਆ ਸੁਰਤਿ ਧੁਨਿ ਚੇਲਾ ਹੋ ਕੇ ਜਗਿਆਸੂ ਇਸ ਬਿਖੜੇ ਪੈਂਡੇ ਨੂੰ ਤਹਿ ਕਰਦਾ ਹੋਇਆ ਗੁਰੂ ਬਖਸ਼ਿਸ਼ ਦੁਆਰਾ ਸੱਚਾ ਪ੍ਰੀਤਵਾਨ ਬਣ ਜਾਂਦਾ ਹੈ। ਪ੍ਰੀਤ ਇਕ ਅਜਿਹੀ ਤਾਕਤ ਹੈ ਕਿ ਆਪਣੇ ਪਿਆਰੇ ਦੀ ਗੋਦ ਤੱਕ ਲੈ ਜਾਂਦੀ ਹੈ। ਪ੍ਰੀਤਵਾਨ ਮੰਜ਼ਿਲਾਂ ਦੇ ਨੇੜੇ ਪਹੁੰਚ ਜਾਂਦੇ ਹਨ। ਭਾਵ ਪ੍ਰੀਤ ਵਿਚ ਹੀ ਹਰ ਪਲ ਬਿਤਾਉਣ ਵਾਲਾ ਸੱਚੇ ਦੀ ਦਰਗਾਹ ਤੋਂ ਦੂਰ ਨਹੀਂ ਹੁੰਦਾ।

Sri Satguru Jagjit Singh Ji eLibrary NamdhariElibrary@gmail.com

# ਦਰਸਨ ਪਿਆਸ

ਪ੍ਰੀਤ ਹਮੇਸ਼ਾਂ ਹੀ ਨੇੜਤਾ ਚਾਹੁੰਦੀ ਹੈ। ਪ੍ਰੀਤਵਾਨ ਲਈ ਸਭ ਤੋਂ ਵੱਡਾ ਦੁੱਖ ਵਿਛੋੜੇ ਦਾ ਹੁੰਦਾ ਹੈ। ਇਸ ਕਰਕੇ ਹਿਰਦੇ ਵਿਚੋਂ ਮਿਲਾਪ ਲਈ ਉਮਾਹ ਉਠ ਖਲੋਂਦਾ ਹੈ। ਹਿਰਦੇ ਦਾ ਦਰਦ ਕਈ ਵਾਰੀ ਅੱਖਾਂ ਦੇ ਦਰਵਾਜ਼ਿਆਂ ਰਾਹੀਂ ਅੱਥਰੂਆਂ ਦੇ ਵਹਿਣ ਬਣ ਕੇ ਚੱਲ ਪੈਂਦਾ ਹੈ। ਮਨ ਅੰਦਰ ਐਸੀ ਵੀਚਾਰ ਪੈਦਾ ਹੁੰਦੀ ਹੈ ਕਿ ਕਿਧਰੇ ਮੇਰੇ ਪਿਆਰੇ ਦੇ ਮਿਲਾਪ ਲਈ ਉਸ ਕੋਲ ਉਡ ਕੇ ਚਲੇ ਜਾਵਾਂ। ਕੋਈ ਦੱਸੇ ਕਿ ਕਿਥੋਂ ਅਜਿਹੇ ਖੰਭ ਮਿਲਦੇ ਹਨ, ਜਿਨ੍ਹਾਂ ਨੂੰ ਆਪਣੇ ਤਨ ਨਾਲ ਜੋੜ ਕੇ ਇਸ ਸੰਸਾਰ ਤੋਂ ਉੱਡ ਕੇ ਨਿਰੰਕਾਰ ਦੇ ਦੇਸ਼ ਜਾ ਕੇ ਆਪਣੇ ਪਿਆਰੇ ਨੂੰ ਪਾ ਲਵਾਂ। ਇਨ੍ਹਾਂ ਖੰਭਾਂ ਦਾ ਮੁੱਲ ਭਾਵੇਂ ਕੋਈ ਵੀ ਹੋਵੇ ਮੈਂ ਉਹੋ ਮੁੱਲ ਦੇ ਦੇਵਾਂਗਾ। ਮੈਨੂੰ ਮੇਰਾ ਪਿਆਰਾ ਮਿਲ ਜਾਵੇ।

***ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥***
***ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ॥*** (੧੪੨੬)

ਜਿਵੇਂ ਪਿਆਸਾ ਬੰਦਾ ਹਰ ਕੀਮਤ ਦੇਣ ਲਈ ਤਿਆਰ ਹੋ ਜਾਂਦਾ ਹੈ ਕਿ ਕੋਈ ਮੈਨੂੰ ਪਾਣੀ ਪਿਲਾ ਦੇਵੇ, ਮੈਂ ਮੂੰਹ ਮੰਗੀ ਕੀਮਤ ਵੀ ਦੇ ਸਕਦਾ ਹਾਂ ਕਿਉਂਕਿ ਹੁਣ ਪਾਣੀ ਦੀ ਇਕ ਬੂੰਦ ਵੀ ਅੰਮ੍ਰਿਤ ਵਰਗੀ ਲੱਗਦੀ ਹੈ। ਪਾਣੀ ਤੋਂ ਪਿਆਸਾ ਪੁਰਖ ਮਰ ਰਿਹਾ ਹੋਵੇ ਫਿਰ ਉਹੋ ਹੀ ਜਾਣਦਾ ਹੈ ਕਿ ਬਾਕੀ ਚੀਜ਼ਾਂ ਨਾਲੋਂ ਪਾਣੀ ਦੀ ਕੀਮਤ ਕੀ ਹੁੰਦੀ ਹੈ। ਜਿਸ ਨੂੰ ਪਾਣੀ ਦੀ ਪਿਆਸ ਨਾ ਹੋਵੇ ਉਹ ਕਿਵੇਂ ਇਸ ਅਹਿਸਾਸ ਨੂੰ ਜਾਣ ਸਕਦਾ ਹੈ? ਪਿਆਸ ਕੋਈ ਅਜਿਹੀ ਆਪਣੇ ਵਸ ਵਿਚ ਨਹੀਂ ਹੁੰਦੀ ਕਿ ਮਨ ਸਮਝਾ ਲਵਾਂ ਤੇ ਤੜਪ ਘਟਾ ਲਵਾਂ। ਪਿਆਸ ਤਾਂ ਇਕ ਲੋੜ ਹੈ ਜਿਸ ਦੀ ਪੂਰਤੀ ਹੀ ਜੀਵਨ ਹੈ ਨਹੀਂ ਤਾਂ ਮੌਤ ਸਿਰ 'ਤੇ ਖਲੋਤੀ ਨਜ਼ਰ ਆਉਂਦੀ ਹੈ। ਦਰਸ਼ਨ ਪਿਆਸੀ ਜਿੰਦੜੀ ਵੀ ਆਪਣੀ ਪਿਆਸ ਪਿਆਰੇ ਦੇ ਦਰਸ਼ਨ ਕਰਕੇ ਸ਼ਾਂਤ ਕਰਨਾ ਚਾਹੁੰਦੀ ਹੈ।

***ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥***
***ਦਰਸਨੁ ਹਰਿ ਦੇਖਣ ਕੈ ਤਾਈ॥*** (੭੫੭)

ਅਜਿਹੇ ਦਰਸ਼ਨਾਂ ਦੇ ਮੁਤਲਾਸ਼ੀ ਨੂੰ ਨਾ ਖਾਣ ਦੀ ਸੋਝੀ, ਨਾ ਕੁਝ ਪੀਣ ਦੀ ਸੁਰਤਿ, ਨਾ ਪਹਿਨਣਾ ਚੰਗਾ ਲੱਗਦਾ ਅਤੇ ਨਾ ਹੀ ਰਾਤਾਂ ਨੂੰ ਨੀਂਦਰ ਆਉਂਦੀ ਹੈ ਭਾਵ, ਕੁਝ ਵੀ ਚੰਗਾ ਨਹੀਂ ਲੱਗਦਾ, ਬਸ ਦਰਸ਼ਨਾਂ ਲਈ ਹੀ ਹਿਰਦੇ ਦੇ ਬਾਗ ਵਿਚੋਂ ਕੋਇਲ ਵਾਂਗ ਕੂਕਦਾ ਰਹਿੰਦਾ ਹੈ ਕਿ—

Sri Satguru Jagjit Singh Ji eLibrary NamdhariElibrary@gmail.com

***ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ॥***
***ਮੈ ਨੈਣੀ ਨੀਂਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ॥....***
***ਗੁਰ ਆਗੈ ਕਰਉ ਬਿਨੰਤੀ ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ॥*** (੨੪੪)

ਜੇ ਕਿਧਰੇ ਮੇਰਾ ਪਿਆਰਾ ਮਿਲ ਜਾਵੇ ਤਾਂ ਮੈਂ ਸੁਕੀਆਂ ਰੋਟੀਆਂ ਨਾਲ ਹੀ ਗੁਜ਼ਾਰਾ ਕਰ ਲਵਾਂਗੀ, ਸੌਣ ਲਈ ਵੀ ਭਾਵੇਂ ਧਰਤੀ 'ਤੇ ਸੌਣਾ ਪਵੇ, ਉਹ ਵੀ ਮੇਰੇ ਲਈ ਸੁਖਾਂ ਭਰਿਆ ਹੋਵੇਗਾ ਪਰ ਮੇਰਾ ਪਿਆਰਾ ਪ੍ਰੀਤਮ ਨਾਲ ਹੋਵੇ-

***ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ॥*** (੧੩੦੬)

ਪ੍ਰੀਤਮ ਤੋਂ ਬਿਨਾਂ ਤਾਂ ਰੇਸ਼ਮੀ ਕਪੜੇ ਵੀ ਦਿਲ ਕਰਦਾ ਹੈ ਸਾੜ ਕੇ ਸੁਆਹ ਕਰ ਦਿਆਂ। ਇਨ੍ਹਾਂ ਦੀ ਥਾਂ ਮੈਨੂੰ ਭਾਵੇਂ ਧੂੜੀ ਵਿਚ ਰੁਲਣਾ ਪੈ ਜਾਵੇ ਉਹ ਵੀ ਕਬੂਲ ਹੈ ਪਰ ਦੂਰੀ ਦਾ ਦੁੱਖ ਬਹੁਤ ਔਖਾ ਹੈ।

***ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ॥***
***ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ॥*** (੧੪੨੫)

ਪ੍ਰਮੇਸ਼ਰ ਦੀਆਂ ਵਡਿਆਈਆਂ ਸੁਣ ਸੁਣ ਕੇ ਹਿਰਦੇ ਵਿਚੋਂ ਇਕ ਹੀ ਤਾਂਘ ਉਠਦੀ ਰਹਿੰਦੀ ਹੈ ਕਿ ਮੈਨੂੰ ਤਾਂ ਹੁਣ ਦਰਸ਼ਨਾਂ ਦੀ ਪਿਆਸ ਹੈ। ਕ੍ਰਿਪਾ ਕਰਕੇ ਦਰਸ਼ਨਾਂ ਦੀ ਦਾਤਿ ਬਖਸ਼ੋ। ਮੇਰੇ ਉਤੇ ਕਿਰਪਾ ਕਰੋ ਮੇਰੀ ਜ਼ਿੰਦਗੀ ਦਾ ਬਸ ਇਹੋ ਹੀ ਮਨੋਰਥ ਰਹਿ ਗਿਆ ਕਿ ਆਪ ਜੀ ਦੇ ਦੀਦਾਰਾਂ ਦਾ ਅੰਮ੍ਰਿਤ ਪੀ ਕੇ ਤੜਪਦੇ ਹਿਰਦੇ ਦੀ ਪਿਆਸ ਬੁਝਾ ਸਕਾਂ।

***ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ ਪ੍ਰਭੁ ਪੇਖਨ ਕਾ ਚਾਉ॥***
***ਦਇਆ ਕਰਹੁ ਕਿਰਮ ਅਪੁਨੇ ਕਉ ਇਹੈ ਮਨੋਰਥੁ ਸੁਆਉ॥*** (੪੦੫)

ਦਰਸ਼ਨਾਂ ਦੀ ਪਿਆਸ ਵਿਚ ਵਿਲਕਦੀ ਜਿੰਦ ਕਿਸੇ ਦਾਹਵੇ ਦਾ ਮਾਣ ਨਹੀਂ ਕਰਦੀ ਸਗੋਂ ਸੱਚੇ ਸਾਂਈ ਦੇ ਦਰ 'ਤੇ ਤਰਲਾ ਕਰਦੀ ਹੈ ਕਿ ਮੈਂ ਤਾਂ ਪ੍ਰਦੇਸ਼ਨ ਬਹੁਤ ਜਨਮਾਂ ਦੀ ਵਿਛੜੀ ਹੋਈ ਅਨੇਕਾਂ ਦੁੱਖ ਝੱਲ ਕੇ ਇਸ ਬਖਸ਼ਿਸ਼ ਦੇ ਬੂਹੇ 'ਤੇ ਪਹੁੰਚੀ ਹਾਂ। ਮੇਰੇ 'ਤੇ ਰਹਿਮਤ ਕਰਕੇ ਆਪਣੇ ਨਾਲ ਮਿਲਾ ਲਵੋ। ਮੇਰੇ ਕੋਲ ਤਾਂ ਅਜਿਹਾ ਰੂਪ ਦਾ ਖਜ਼ਾਨਾ ਵੀ ਨਹੀਂ ਜਿਸ ਨਾਲ ਪਿਆਰਾ ਪਾ ਲਈਦਾ ਹੈ। ਜਿਨ੍ਹਾਂ ਕੋਲ ਰੰਗ ਰੂਪ ਨਾ ਹੋਵੇ ਉਨ੍ਹਾਂ ਕੋਲ ਪਤੀ ਪ੍ਰਮੇਸ਼ਰ ਦੇ ਰਿਝਾ ਲੈਣ ਲਈ ਕੋਈ ਨਾ ਕੋਈ ਗੁਣ ਹੁੰਦਾ ਹੈ ਪਰ ਮੇਰੇ ਕੋਲ ਤਾਂ ਉਹ ਵੀ ਨਹੀਂ ਬਸ ਇਕੋ ਅਰਦਾਸ ਦਾ ਆਸਰਾ ਹੈ ਉਹ ਵੀ ਜੇ ਕਬੂਲ ਪੈ ਜਾਵੇ। ਅਜਿਹੀ ਅਰਦਾਸ ਦੇ ਸ਼ਬਦ ਹਨ-

***ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ॥ ਰਹਾਉ॥***
***ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ॥*** (੨੦੪)

ਪ੍ਰੀਤਵਾਨ ਦੀ ਜ਼ਿੰਦਗੀ ਇਸ ਤਰ੍ਹਾਂ ਦੀ ਹੋ ਜਾਂਦੀ ਹੈ ਕਿ ਆਪਣੇ ਆਪ ਨਾਲ ਆਪਣਾ ਆਪਾ ਹੀ ਬਗਾਵਤ ਕਰ ਬੈਠਦਾ ਹੈ। ਮਨ ਜਿਹੜਾ ਆਪਣਾ ਸੀ ਉਹ ਪ੍ਰੀਤਵਾਨ ਹੋਣ ਕਰਕੇ

Sri Satguru Jagjit Singh Ji eLibrary NamdhariElibrary@gmail.com

ਆਪਣੇ ਆਪੇ ਦਾ ਬਾਗੀ ਹੋ ਜਾਂਦਾ ਹੈ। ਕੋਈ ਸਿਆਣਪ, ਕੋਈ ਦਲੀਲ ਜਾਂ ਫਿਰ ਕੋਈ ਹੋਰ ਬੰਧਨ ਇਸ ਪ੍ਰੇਮੀ ਮਨ ਨੂੰ ਬੰਨ ਕੇ ਨਹੀਂ ਰੱਖ ਸਕਦਾ। ਹਰ ਖੁਸ਼ੀ ਹਰ ਸਹੂਲਤ ਵੀ ਪ੍ਰੇਮੀ ਦੇ ਮਨ ਨੂੰ ਪਰਚਾ ਨਹੀਂ ਸਕਦੀ। ਆਓ ! ਗੁਰੂ ਅਰਜਨ ਸਾਹਿਬ ਜੀ ਦੇ ਜੀਵਨ ਵਿਚੋਂ ਅਜਿਹੇ ਪ੍ਰੀਤਵਾਨ ਦੇ ਦਰਸ਼ਨ ਕਰੀਏ- ਗੁਰੂ ਰਾਮਦਾਸ ਜੀ ਨੇ ਭਾਈ ਸਿਹਾਰੀ ਮੱਲ ਜੀ ਦੇ ਲੜਕੇ ਦੀ ਸ਼ਾਦੀ 'ਤੇ ਸ੍ਰੀ ਅਰਜਨ ਜੀ ਨੂੰ ਲਾਹੌਰ ਭੇਜ ਦਿੱਤਾ। ਵਿਆਹ ਦੀਆਂ ਖੁਸ਼ੀਆਂ ਫਿਰ ਦਾਦਕਿਆਂ ਦਾ ਘਰ ਕਿਉਂਕਿ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਵੀ ਚੂੰਨਾਂ ਮੰਡੀ ਲਾਹੌਰ ਦਾ ਹੀ ਸੀ। ਸ੍ਰੀ ਅਰਜਨ ਜੀ ਗੁਰੂ ਪੁੱਤਰ ਹੋਣ ਦੇ ਨਾਤੇ ਸੰਗਤਾਂ ਵਲੋਂ ਅਥਾਹ ਪ੍ਰੇਮ ਸਤਿਕਾਰ ਵੀ ਮਿਲਿਆ ਭਾਵ ਹਰ ਸਹੂਲਤ ਸੀ। ਪਰ ਸ੍ਰੀ ਅਰਜਨ ਜੀ ਦਾ ਮਨ ਕਿਸੇ ਵੀ ਗੱਲ ਵਿਚ ਨਹੀਂ ਪਰਚਿਆ। ਉਨ੍ਹਾਂ ਦਾ ਮਨ ਤਾਂ ਸੱਚੀ ਪ੍ਰੀਤ ਹੋਣ ਕਰਕੇ ਆਪਣੇ ਪਿਆਰੇ ਲਈ ਹੀ ਤੜਫਦਾ ਰਿਹਾ। ਲਾਹੌਰ ਵਿਚ ਰਹਿੰਦਿਆਂ ਨਾ ਮਾਂ ਚੇਤੇ ਆਈ, ਨਾ ਮਿੱਤਰ ਚੇਤੇ ਆਏ, ਨਾ ਹੀ ਭਰਾਵਾਂ ਦੀ ਯਾਦ ਨੇ ਤੜਫ ਲਾਈ, ਖਿਆਲ ਕਰਨਾ ਪਿਤਾ ਦੀ ਯਾਦ ਵੀ ਨਹੀਂ ਆਈ ਹਾਂ, ਜੇਕਰ ਯਾਦ ਆਈ ਤਾਂ ਕੇਵਲ ਗੁਰੂ ਦੀ, ਇਹ ਗੱਲ ਵੱਖਰੀ ਹੈ ਕਿ ਉਦੋਂ ਗੁਰੂ ਹੀ ਪਿਤਾ ਜੀ ਸਨ ਪਰ ਜੇਕਰ ਪਿਤਾ ਜੀ ਗੁਰੂ ਨਾ ਹੁੰਦੇ ਤਾਂ ਉਨ੍ਹਾਂ ਪੁਕਾਰ ਗੁਰੂ ਅੱਗੇ ਹੀ ਕਰਨੀ ਸੀ। ਇਸ ਵਾਰੀ ਵੇਦਨਾ ਦਾ ਪਤਾ ਉਦੋਂ ਲਗਦਾ ਹੈ, ਜਦੋਂ ਗੁਰੂ ਅਰਜਨ ਸਾਹਿਬ ਜੀ ਗੁਰੂ ਗੱਦੀ 'ਤੇ ਬਿਰਾਜਮਾਨ ਹੋਏ ਸਨ। ਕਿਸੇ ਸਿੱਖ ਨੇ ਵੀ ਗੁਰੂ ਕੋਲੋਂ ਬਖਸ਼ਿਸ਼ ਲੈਣੀ ਹੋਵੇ ਇਸ ਜੁਗਤਿ ਨੂੰ ਸਮਝਾਉਣ ਵਾਸਤੇ ਉਨ੍ਹਾਂ ਨੇ ਗੁਰੂ ਬਣਨ ਮਗਰੋਂ ਇਹ ਬਚਨ ਉਚਾਰੇ ਸਨ ਜਿਹੜੇ ਸਿਖਿਆ ਦਿੰਦੇ ਹਨ ਕਿ ਜਿਸ ਦਿਨ ਵੀ ਸੱਚੀ ਪ੍ਰੀਤ ਵਿਚ ਹਿਰਦਾ ਤੜਫਦਾ ਹੈ ਤਾਂ ਫਿਰ ਉਹੋ ਤੜਫ ਪਿਆਰੇ ਦੇ ਦੀਦਾਰਾਂ ਦੀ ਪ੍ਰਾਪਤੀ ਕਰ ਲੈਂਦੀ ਹੈ। ਅੰਮ੍ਰਿਤ ਬਚਨ ਹਨ-

*ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥* (੯੬)

ਪੰਚਮ ਗੁਰਦੇਵ ਜੀ ਦੇ ਪਾਵਨ ਬਚਨ ਹਨ-

*"ਮਾਈ ਮੇਰੇ ਮਨ ਕੀ ਪਿਆਸ॥*
*ਇਕੁ ਖਿਨੁ ਰਹਿ ਨ ਸਕਉ ਬਿਨੁ ਪ੍ਰੀਤਮ ਦਰਸਨ ਦੇਖਨ ਕਉ ਧਾਰੀ ਮਨਿ ਆਸ॥*
*ਸਾਸ ਬਿਨਾ ਜਿਉ ਦੇਹੁਰੀ ਕਤ ਸੋਭਾ ਪਾਵੈ॥*
*ਦਰਸ ਬਿਹੂਨਾ ਸਾਧ ਜਨੁ ਖਿਨੁ ਟਿਕਣੁ ਨ ਆਵੈ॥* (੧੧੨੨)
*ਹਰਿ ਬਿਨੁ ਜੋ ਰਹਣਾ ਨਰਕੁ ਸੋ ਸਹਣਾ ਚਰਨ ਕਮਲ ਮਨੁ ਬੇਧਿਆ॥*
*ਹਰਿ ਰਸਿਕ ਬੈਰਾਗੀ ਨਾਮਿ ਲਿਵ ਲਾਗੀ ਕਤਹੁ ਨ ਜਾਇ ਨਿਖੇਧਿਆ॥*

ਪ੍ਰਭੂ ਪ੍ਰੀਤ ਦਾ ਆਸ਼ਿਕ ਆਪਣੇ ਸਾਹਮਣੇ ਬਸ ਇਕ ਹੀ ਨਿਸ਼ਾਨਾ ਰੱਖਦਾ ਹੈ ਕਿ ਕਿਸ ਤਰ੍ਹਾਂ ਦੀਦਾਰਾਂ ਦੀ ਖੈਰ ਪੈ ਜਾਵੇ। ਹੋਰ ਸਭ ਕੁਝ ਵਿਸਰ ਜਾਂਦਾ ਹੈ।

*ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ॥*
*ਖੋਲ੍ਹਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ॥* (੭੦੩)

Sri Satguru Jagjit Singh Ji eLibrary NamdhariElibrary@gmail.com

ਅਜਿਹਾ ਪ੍ਰੇਮੀ ਭਾਵੇਂ ਦਰਸ਼ਨਾਂ ਲਈ ਬਹੁਤ ਵਿਲਕਦਾ ਹੈ ਪਰ ਹਾਲੇ ਵੀ ਪ੍ਰਭੂ ਨਾਲ ਮਿਲਾਪ ਨਾ ਹੋਣ ਕਰਕੇ ਆਪਣੇ ਆਪ ਨੂੰ ਹੀ ਕੋਸਦਾ ਹੈ। ਕਦੇ ਵੀ ਰੱਬ ਨੂੰ ਦੋਸ਼ੀ ਨਹੀਂ ਠਹਿਰਾਉਂਦਾ। ਪ੍ਰਭੂ ਦੀਦਾਰਾਂ ਵਿਚ ਦੇਰੀ ਕਿਸੇ ਆਪਣੇ ਕਰਮਾਂ ਕਰਕੇ ਹੈ। ਭਗਤ ਫਰੀਦ ਜੀ ਬਹੁਤ ਪਿਆਰ ਨਾਲ ਦੱਸਦੇ ਹਨ ਕਿ ਪ੍ਰਭੂ ਪ੍ਰੀਤਵਾਨ ਦਾ ਸਰੀਰ ਸੁੱਕ ਕੇ ਇਕ ਹੱਡਾਂ ਦੀ ਮੁੱਠੀ ਰਹਿ ਜਾਂਦਾ ਹੈ। ਆਪਣੇ ਪਿਆਰੇ ਦੀ ਯਾਦ ਵਿਚ ਜੁੜਨ ਦੀ ਸਾਧਨਾ ਕਦੇ ਨਹੀਂ ਛੱਡਦਾ। ਪੁਕਾਰ ਪੁਕਾਰ ਕੇ ਕਹਿੰਦਾ ਹੈ ਕਿ ਜੇਕਰ ਹਾਲੇ ਵੀ ਦੀਦਾਰ ਨਹੀਂ ਹੋਏ ਤਾਂ ਇਹ ਬੰਦੇ ਦੇ ਭਾਗ ਹੀ ਹਨ। ਪ੍ਰਭੂ ਤਾਂ ਬਖਸ਼ਣ ਵਿਚ ਦੇਰੀ ਨਹੀਂ ਕਰਦਾ।

***ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥***
***ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥*** (੧੩੮੨)

'ਆਪਨੜੇ ਗਿਰੀਵਾਨ' ਵਿਚ ਹੀ ਫਿਰ ਸਿਰ ਨੀਵਾਂ ਕਰਕੇ ਆਖਦਾ ਹੈ ਕਿ, ਹੇ ਪ੍ਰਭੂ ! ਮਿਲਾਪ ਵਿਚ ਦੇਰੀ ਕਰਵਾਉਣ ਵਾਲੇ ਵਿਕਾਰ ਰੂਪ ਕਾਂ, ਹੁਣ ਤਾਂ ਮੇਰਾ ਸਾਥ ਛੱਡਦੇ ਮੈਂ ਆਪਣੇ ਪਿਆਰੇ ਨੂੰ ਮਿਲ ਸਕਾਂ। ਹੁਣ ਤਾਂ ਤੇਰੇ ਅੱਗੇ ਵੀ ਬੇਨਤੀ ਹੈ ਕਿ ਭਾਵ ਮੇਰਾ ਸਾਰਾ ਮਾਸ ਨੋਚ ਲਿਆ ਪਰ ਹੁਣ ਵੇਖੀਂ ਕਿਧਰੇ ਮੇਰੀਆਂ ਅੱਖਾਂ ਵਿਚ ਚੁੰਜ ਨਾ ਮਾਰੀਂ। ਜਿਸ ਦੀ ਯਾਦ ਵਿਚ ਸਰੀਰ ਪਿੰਜਰ ਬਣ ਗਿਆ ਇਹ ਅੱਖਾਂ ਮੈਂ ਉਸ ਦੇ ਦੀਦਾਰ ਲਈ ਸਾਂਭ ਕੇ ਰੱਖੀਆਂ ਹੋਈਆਂ ਹਨ। ਪਾਵਨ ਬੋਲ ਹਨ-

***ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥***
***ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥*** (੧੩੮੨)

ਭਗਤ ਕਬੀਰ ਸਾਹਿਬ ਜੀ ਆਖਦੇ ਹਨ-ਕਿ ਜੇਕਰ ਕਿਸੇ ਦੇ ਹਿਰਦੇ ਵਿਚ ਸੱਪ ਰਹਿੰਦਾ ਹੋਵੇ ਅਤੇ ਘੜੀ ਘੜੀ ਪਲ ਪਲ ਡੰਗਦਾ ਰਹਿੰਦਾ ਹੋਵੇ ਅਜਿਹਾ ਪੁਰਖ ਕਿਵੇਂ ਸਹਿਜ ਨਾਲ ਚੈਨ ਕਰ ਸਕਦਾ ਹੈ। ਸੱਪ ਵੀ ਅਜਿਹਾ ਜਿਸ ਉਤੇ ਕਿਸੇ ਮੰਤਰ ਦਾ ਵੀ ਅਸਰ ਨਾ ਹੁੰਦਾ ਹੋਵੇ, ਫਿਰ ਉਹ ਤਾਂ ਬਾਵਰਾ ਹੋ ਕੇ ਹੀ ਜੀਅ ਸਕਦਾ ਹੈ ਨਹੀਂ ਤਾਂ ਜੀਅ ਸਕਣਾ ਅਸੰਭਵ ਹੈ। ਅਜਿਹੀ ਹਾਲਤ ਹੁੰਦੀ ਹੈ ਪ੍ਰਭੂ ਪ੍ਰੇਮੀਆਂ ਦੀ, ਉਨ੍ਹਾਂ ਦੇ ਹਿਰਦੇ ਵਿਚ ਬਿਰਹਾ ਬੈਰਾਗ ਦਾ ਅਜਿਹਾ ਹੀ ਸੱਪ ਰਹਿੰਦਾ ਹੈ, ਜਿਸ ਕਰਕੇ ਪ੍ਰਭੂ ਪਿਆਰਾ ਦਿਨ ਰਾਤ ਆਪਣੇ ਪਿਆਰੇ ਅੱਗੇ ਹੀ ਮਿਲਾਪ ਲਈ ਅਰਜ਼ੋਈਆਂ ਕਰਦਾ ਰਹਿੰਦਾ ਹੈ।

***ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥***
***ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥*** (੧੩੬੮)

ਜਾਂ ਫਿਰ—

***ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ॥*** (੫੦)

ਪ੍ਰੀਤ ਤਾਂ ਹਰ ਪੁਰਖ ਦੇ ਅੰਦਰ ਹੈ। ਹਰ ਪੁਰਖ ਕਿਸੇ ਨਾ ਕਿਸੇ ਨਾਲ ਪ੍ਰੀਤ ਜ਼ਰੂਰ ਕਰਦਾ ਹੈ। ਕਿਸੇ ਦੀ ਪ੍ਰੀਤ ਵਿਕਾਰਾਂ ਨਾਲ, ਕਿਸੇ ਦੀ ਧੀਆਂ ਪੁੱਤਰਾਂ ਨਾਲ, ਕਿਸੇ ਦੀ ਪ੍ਰੀਤ ਧਨ ਦੌਲਤ

ਨਾਲ ਅਤੇ ਕਿਸੇ ਦੀ ਪ੍ਰੀਤ ਆਪਣੀ ਪਦਵੀ ਨਾਲ ਹੁੰਦੀ ਹੈ, ਇਸ ਲਈ ਹੀ ਅਰਦਾਸ ਹੈ ਕਿ-

*ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥*
*ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥*
*ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥*
*ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥* (੧੪੦੬)

ਇਥੋਂ ਤੱਕ ਪ੍ਰੀਤ ਦੀ ਪ੍ਰਬਲਤਾ ਦਾ ਤਾਂ ਪਸ਼ੂ, ਪੰਛੀਆਂ 'ਤੇ ਵੀ ਗਹਿਰਾ ਅਸਰ ਹੈ, ਇਹ ਵੀ ਆਪਣੇ ਪਿਆਰੇ ਦੀ ਖਾਤਰ ਆਪਾ ਤਾਂ ਵਾਰ ਜਾਂਦੇ ਹਨ ਪਰ ਕਦੇ ਪਿਆਰੇ ਦੀ ਪ੍ਰੀਤ ਨਹੀਂ ਤਿਆਗਦੇ। ਇਸ ਕਰਕੇ ਹੀ ਤਾਂ ਸਗੋਂ ਮਨੁੱਖ ਨੂੰ ਪ੍ਰੇਰਿਤ ਕਰਦਿਆਂ ਗੁਰਦੇਵ ਜੀ ਸਮਝਾ ਰਹੇ ਹਨ ਕਿ ਜਿਵੇਂ ਇਨ੍ਹਾਂ ਪਸ਼ੂ ਪੰਛੀਆਂ ਦੀ ਪ੍ਰੀਤ ਹੈ, ਇਸ ਤਰ੍ਹਾਂ ਹੀ ਪ੍ਰਭੂ ਪਿਆਰੇ ਸੰਤ ਭਗਤ ਨੂੰ ਪ੍ਰੀਤ ਹੁੰਦੀ ਹੈ।

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥* (੭੦੮)

ਸੱਚੀ ਪ੍ਰੀਤ ਦਾ ਅਰਥ ਹੀ ਇਹੋ ਹੈ ਕਿ ਪਿਆਰੇ ਦੇ ਦੀਦਾਰਾਂ ਤੋਂ ਬਿਨਾਂ ਘੜੀ ਪਲ ਵੀ ਚੈਨ ਨਹੀਂ ਆ ਸਕਦਾ।

*ਦਰਸਨ ਮਾਗਉ ਦੇਹ ਪਿਆਰੇ॥ ਤੁਮਰੀ ਸੇਵਾ ਕਉਨ ਕਉਨ ਨ ਤਾਰੇ॥*
*ਆਸ ਪਿਆਸੀ ਪਿਰ ਕੈ ਤਾਈ ਜਿਉ ਚਾਤ੍ਰਿਕੁ ਬੂੰਦੇਰੇ॥*
*ਕਹੁ ਨਾਨਕ ਜੀਅੜਾ ਬਲਿਹਾਰੀ ਦੇਹੁ ਦਰਸੁ ਪ੍ਰਭ ਮੇਰੇ॥* (੧੧੧੭)

ਇਸ ਤਰ੍ਹਾਂ ਸੱਚਾ ਪ੍ਰੀਤਵਾਨ ਆਪਣੇ ਪਿਆਰੇ ਦੀ ਦਹਿਲੀਜ਼ 'ਤੇ ਹਰ ਵਕਤ ਦਰਸ਼ਨਾਂ ਦੀ ਖੈਰ ਮੰਗਦਾ ਰਹਿੰਦਾ ਹੈ। ਹਰ ਸੁਆਸ ਨਾਲ ਹਿਰਦੇ ਦਾ ਇਹ ਦਰਦ ਸ਼ਾਮਿਲ ਹੁੰਦਾ ਹੈ ਕਿ—

*ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥*
*ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥* (੧੩੬)

ਦਰਸ਼ਨਾਂ ਦੀ ਤੜਫ ਭਾਵੇਂ ਤੜਫਾਉਂਦੀ ਹੈ ਪਰ ਇਥੇ ਸਤਿਗੁਰੂ ਪਾਤਿਸ਼ਾਹ ਜੀ ਦੀ ਕ੍ਰਿਪਾ ਵੀ ਅਥਾਹ ਵਰਤਦੀ ਹੈ ਕਿਉਂਕਿ ਸਾਹਿਬ ਜੀ ਤਾਂ ਆਪ ਹੀ ਆਖ ਰਹੇ ਹਨ ਕਿ—

*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥*
*ਨਾਨਕ ਤਾ ਕੈ ਬਲਿ ਬਲਿ ਜਾਸਾ॥* (੨੬੬)

Sri Satguru Jagjit Singh Ji eLibrary NamdhariElibrary@gmail.com

# ਜੀਵਨ ਮੁਕਤਿ ਸੁ ਆਖੀਐ

ਹਿਰਦੇ ਵਿਚ ਸੱਚੀ ਪ੍ਰੀਤ ਪੈਦਾ ਹੋਣ ਮਗਰੋਂ ਦਿਨ ਰਾਤ ਪ੍ਰਭੂ ਦੇ ਦਰਸ਼ਨਾਂ ਲਈ ਅਰਜ਼ੋਈਆਂ ਕਰਨ ਵਾਲੇ ਪੁਰਖ ਦਾ ਜੀਵਨ ਇਕ ਹੀ ਲਗਨ ਦਾ ਧਾਰਨੀ ਹੋਣ ਕਰਕੇ ਮੁਕਤ ਹੋ ਜਾਂਦਾ ਹੈ। ਮੁਕਤ ਸ਼ਬਦ ਦਾ ਅਰਥ ਹੈ ਕੋਈ ਅੰਦਰੂਨੀ ਪਕੜ ਨਾ ਹੋਣਾ। ਤਿਆਗ ਅਸਲ ਵਿਚ ਅੰਦਰੋਂ ਹੀ ਪੈਦਾ ਹੁੰਦਾ ਹੈ। ਬਾਹਰ ਤੋਂ ਤਿਆਗੀ ਬਣ ਕੇ ਹਿਰਦੇ ਵਿਚ ਉਹੋ ਪਕੜ ਬਣੀ ਰਹੀ ਤਾਂ ਐਸੇ ਪੁਰਖ ਨੂੰ ਅਸਲ ਵਿਚ ਤਿਆਗ ਦਾ ਪਤਾ ਹੀ ਨਹੀਂ। ਅਜਿਹੇ ਲੋਕ ਤਨ ਕਰਕੇ ਦੇਖਣ ਨੂੰ ਤਾਂ ਤਿਆਗੀ ਲੱਗਦੇ ਹਨ ਪਰ ਮਨ ਕਰਕੇ ਸਭ ਤੋਂ ਵੱਡੀ ਪਕੜ ਵਾਲੇ ਹੁੰਦੇ ਹਨ। ਅਸਲ ਤਿਆਗੀ ਘਰ ਬਾਰ ਵੀ ਨਹੀਂ ਤਿਆਗਦਾ, ਮਾਇਆ ਵੀ ਨਹੀਂ ਤਿਆਗਦਾ, ਲੋਕਾਂ ਦਾ ਤਿਆਗ ਜਾਂ ਫਿਰ ਕਾਰੋਬਾਰ ਆਦਿਕ ਕਿਸੇ ਦਾ ਵੀ ਤਿਆਗ ਕਰਕੇ ਪਹਿਰਾਵਾ ਤਿਆਗੀਆਂ ਵਾਲਾ ਨਹੀਂ ਪਹਿਨਦਾ ਬਲਕਿ ਸਭ ਕੁਝ ਦੇ ਵਿਚ ਰਹਿ ਕੇ ਮਨ ਕਰਕੇ ਮੁਕਤ ਹੋ ਜਾਂਦਾ ਹੈ। ਮਨ ਵਿਚ ਕਿਸੇ ਦੀ ਵੀ ਪਕੜ ਨਹੀਂ ਹੁੰਦੀ। ਜਦੋਂ ਤੱਕ ਇਹ ਮਨ ਆਪਣਿਆਂ ਦੀ ਪਕੜ ਤੇ ਦੂਸਰਿਆਂ ਨਾਲ ਨਫ਼ਰਤ ਕਰਦਾ ਹੈ, ਬਸ ਉਦੋਂ ਤੱਕ ਹੀ ਔਖ ਹੈ। ਜਿਸ ਨੇ ਆਪਣੇ ਸਤਿਗੁਰੂ ਜੀ ਦਾ ਉਪਦੇਸ਼ ਕਮਾ ਕੇ ਆਪਣੇ ਅੰਦਰੋਂ ਹੀ ਅਜਿਹੀ ਬ੍ਰਿਤੀ ਦਾ ਨਾਸ਼ ਕਰ ਦਿੱਤਾ ਉਸ ਨੂੰ ਫਿਰ ਮੁਕਤ ਹੀ ਆਖਿਆ ਜਾਂਦਾ ਹੈ।

*ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ॥*
*ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ॥* (੫੧੯)

ਅਜਿਹੇ ਜੀਵਨ ਮੁਕਤ ਪੁਰਸ਼ ਦੇ ਅੰਦਰ ਤਾਂ ਸਿਰਫ ਪ੍ਰਭੂ ਪ੍ਰੀਤ ਦੇ ਗੁਣ ਹੀ ਮਨ ਗਾਉਂਦਾ ਰਹਿੰਦਾ ਹੈ। ਅੰਦਰੋਂ ਮੋਹ ਮਾਇਆ ਅਤੇ ਮਾਨ ਸਨਮਾਨ ਦਾ ਨਾਸ਼ ਹੀ ਹੋ ਜਾਂਦਾ ਹੈ, ਚਿਤ ਪ੍ਰਭੂ ਯਾਦ ਵਿਚ ਲੱਗਾ ਰਹਿੰਦਾ ਹੈ। ਗੁਰੂ ਉਪਦੇਸ਼ ਦੀ ਕਮਾਈ ਵਿਚੋਂ ਇਹ ਸਭ ਕੁਝ ਮਿਲਦਾ ਹੈ।

*ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ॥*
*ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ॥* (੨੧੯)

ਜਿਸ ਪੁਰਖ ਨੇ ਆਪਣੇ ਜਿਉਂਦੇ ਜੀਅ ਮੁਕਤੀ ਹਾਸਿਲ ਨਹੀਂ ਕੀਤੀ ਉਸ ਨੂੰ ਕਦੇ ਮੁਕਤੀ ਮਿਲ ਵੀ ਨਹੀਂ ਸਕਦੀ। ਮੁਕਤ ਪਦ ਤੱਕ, ਉਹੋ ਹੀ ਪਹੁੰਚਦਾ ਹੈ ਜਿਹੜਾ ਪਹਿਲਾਂ

Sri Satguru Jagjit Singh Ji eLibrary NamdhariElibrary@gmail.com

ਜੀਵਨ ਮੁਕਤ ਹੋ ਜਾਂਦਾ ਹੈ। ਜੀਵਨ ਮੁਕਤੀ ਦੀ ਘਾਲਣਾ ਭਾਵੇਂ ਬਹੁਤ ਬਿਖਮ ਹੈ ਪਰ ਪ੍ਰਭੂ ਪ੍ਰੀਤਵਾਨ ਹੋ ਕੇ ਹਿਰਦਾ ਜਦੋਂ ਕੇਵਲ ਦੀਦਾਰਾਂ ਦਾ ਮੁਤਲਾਸ਼ੀ ਹੋ ਜਾਂਦਾ ਹੈ ਤਾਂ ਉਸ ਲਈ ਇਹ ਘਾਲਣਾ ਸੁਖੈਨ ਹੋ ਜਾਂਦੀ ਹੈ ਕਿਉਂਕਿ ਉਹ ਆਪ ਨਹੀਂ ਕੁਝ ਛੱਡਦਾ ਬਲਕਿ ਉਸ ਕੋਲੋਂ ਸਭ ਆਪੇ ਹੀ ਛੁੱਟ ਜਾਂਦਾ ਹੈ ਉਸ ਨੂੰ ਹੋਰ ਕੁਝ ਭਾਉਂਦਾ ਹੀ ਨਹੀਂ। ਹੋਰ ਸਭ ਕੁਝ ਜ਼ਹਿਰ ਹੀ ਲੱਗਦਾ ਹੈ ਬਸ ਇਕੋ ਮੰਗ ਪ੍ਰਭੂ ਯਾਦ ਦੀ ਹੁੰਦੀ ਹੈ।

*ਏਕੁ ਚੀਜੁ ਮੁਝੈ ਦੇਹਿ ਅਵਰ ਜਹਰ ਚੀਜ ਨ ਭਾਇਆ॥* (੧੨੯੧)

ਅਜਿਹੇ ਪੁਰਖ ਦੀ ਜ਼ਿੰਦਗੀ ਵਿਚ ਪ੍ਰਭੂ ਦੀ ਆਗਿਆ ਵਿਚ ਤੁਰਨਾ ਹੀ ਚੰਗਾ ਲੱਗਦਾ ਹੈ। ਉਸ ਨੂੰ ਨਾ ਖੁਸ਼ੀਆਂ ਦੀ ਪਕੜ ਅਤੇ ਨਾ ਹੀ ਸੋਗ ਦਾ ਡਰ ਹੁੰਦਾ ਹੈ। ਜ਼ਿੰਦਗੀ ਅੰਦਰ ਕੇਵਲ ਤੇ ਕੇਵਲ ਅਨੰਦ ਹੀ ਵਾਪਰਦਾ ਹੈ। ਜਿਸ ਨੇ ਪਕੜ ਹੀ ਛੱਡ ਦਿੱਤੀ ਫਿਰ ਉਸ ਲਈ ਤਾਂ ਮਿੱਟੀ ਅਤੇ ਸੋਨਾ ਇਕ ਬਰਾਬਰ ਹੋ ਜਾਂਦੇ ਹਨ। ਅੰਮ੍ਰਿਤ ਤੇ ਜ਼ਹਿਰ ਵੀ ਇਕ ਹੋ ਜਾਂਦੇ ਹਨ। ਦੁਨੀਆਂ ਦਾ ਮਾਨ ਅਭਿਮਾਨ ਵੀ ਆਪਣੇ ਅਸਰ ਹੇਠ ਨਹੀਂ ਰੱਖ ਸਕਦਾ। ਤਦ ਹੀ ਤਾਂ ਅਜਿਹੇ ਪੁਰਖ ਦੀ ਨਜ਼ਰ ਵਿਚ ਹਰ ਜੀਵ ਜੀਵ ਹੈ। ਸਾਡੀ ਨਜ਼ਰ ਵਿਚ ਕਿਸੇ ਦੀ ਕਦਰ ਉਸ ਦੇ ਧਨ ਕਰਕੇ ਹੁੰਦੀ ਹੈ। ਧਨ ਜ਼ਿਆਦਾ ਹੋਵੇ ਕਦਰ ਵੀ ਜ਼ਿਆਦਾ ਤੇ ਸਿਆਣਾ ਵੀ ਜ਼ਿਆਦਾ ਸਮਝਦੇ ਹਨ। ਜਿਸ ਕੋਲ ਦੁਨਿਆਵੀ ਧਨ ਨਹੀਂ ਉਸ ਦੀ ਪਹਿਚਾਣ ਵੀ ਛੋਟੀ ਹੁੰਦੀ ਹੈ। ਪਰ ਅਜਿਹਾ ਸਭ ਕੁਝ ਜੀਵਨ ਮੁਕਤੀ ਹਾਸਿਲ ਕਰ ਲੈਣ ਵਾਸਤੇ ਨਹੀਂ ਹੁੰਦਾ, ਉਸ ਨੂੰ ਤਾਂ ਰਾਜਾ ਆ ਜਾਵੇ ਤਾਂ ਕੋਈ ਉਚੇਚ ਕਰਨ ਦੀ ਲੋੜ ਨਹੀਂ ਪੈਂਦੀ ਅਤੇ ਗਰੀਬ ਆ ਜਾਵੇ ਤਾਂ ਨਿਰਾਦਰ ਨਹੀਂ ਕਰਦਾ। ਉਹ ਤਾਂ ਹਰ ਜੀਵ ਦਾ ਆਦਰ ਕਰਨਾ ਜਾਣਦਾ ਹੈ ਉਸ ਦੀ ਨਜ਼ਰ ਵਿਚ ਰਾਜਾ, ਰੰਕ ਬਰਾਬਰੀ ਦਾ ਦਰਜਾ ਰੱਖਦੇ ਹਨ। ਅਜਿਹੀ ਅਵਸਥਾ ਜੀਵਨ ਮੁਕਤ ਦੀ ਹੀ ਹੋ ਸਕਦੀ ਹੈ। ਤਨ ਦੇ ਤਿਆਗੀ ਨੂੰ ਮਨ ਦੇ ਅਜਿਹੇ ਤਿਆਗ ਦਾ ਤਾਂ ਬੋਧ ਤੱਕ ਵੀ ਨਹੀਂ ਹੁੰਦਾ।

*ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥* (੨੭੫)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਅੰਦਰ ਅਜਿਹੀ ਅਵਸਥਾ ਦੇ ਅਨੇਕਾਂ ਪਵਿੱਤਰ ਬਚਨ ਹਨ, ਜਿਵੇਂ :-

*ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥*
*ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥* (੧੪੨੭)
*ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ॥*

Sri Satguru Jagjit Singh Ji eLibrary NamdhariElibrary@gmail.com

*ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥* (੧੪੨੮)
*ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ॥*
*ਇੰਦ੍ਰੀ ਵਸਿ ਸਚ ਸੰਜਮਿ ਜੁਗਤਾ॥* (੧੨੨)

ਅਧਿਆਤਮਿਕ ਰਾਹਾਂ ਦੇ ਰਾਹੀਆਂ ਨੇ ਐਸਾ ਸਪੱਸ਼ਟ ਕੀਤਾ ਹੈ ਕਿ ਜੀਵ ਨੂੰ ਜੀਵਨ ਅੰਦਰ ਛੇ ਤਰ੍ਹਾਂ ਦੇ ਬੰਧਨ ਹਨ। ਸਭ ਤੋਂ ਪਹਿਲਾ ਬੰਧਨ ਮਾਇਆ ਦਾ ਹੁੰਦਾ ਹੈ। ਇਸ ਬੰਧਨ ਦੀ ਜੇਵਰੀ ਵੀ ਬਹੁਤ ਸਖ਼ਤ ਹੁੰਦੀ ਹੈ, ਦੂਜਾ ਬੰਧਨ ਵਿਕਾਰਾਂ ਦਾ ਹੁੰਦਾ ਹੈ, ਤੀਜਾ ਬੰਧਨ ਲੋਕ ਲਾਜ ਦਾ ਹੁੰਦਾ ਹੈ। ਲੋਕ ਮੈਨੂੰ ਕੀ ਕਹਿਣਗੇ ਇਹ ਵੀ ਖਤਮ ਹੋ ਜਾਂਦਾ ਹੈ। ਚੌਥਾ ਬੰਧਨ ਲਾਲਸਾ ਭਾਵ ਮਨ ਦੀ ਪਕੜ। ਇਹ ਚਾਰ ਹੀ ਤਰ੍ਹਾਂ ਦੇ ਬੰਧਨ ਗੁਰੂ ਜੀ ਹੌਲੀ ਹੌਲੀ ਤੋੜ ਦਿੰਦੇ ਹਨ। ਇਸ ਤੋਂ ਅੱਗੇ ਜਮਦੂਤਾਂ ਦਾ ਭਾਵ ਲੇਖਾ ਧਰਮ ਰਾਜ ਦਾ ਇਹ ਪੰਜਵਾਂ ਬੰਧਨ ਤੇ ਜਨਮ ਮਰਨ ਦਾ ਛੇਵਾਂ ਬੰਧਨ ਇਹ ਦੋਵੇਂ ਇਸ ਅਵਸਥਾ ਵਿਚ ਟੁੱਟਦੇ ਹਨ, ਇਨ੍ਹਾਂ ਦੇ ਟੁੱਟਣ ਦੀ ਵੀਚਾਰ ਅੱਗੇ ਕਰਦੇ ਹਾਂ। ਪਹਿਲੇ ਚਾਰਾਂ ਨੂੰ ਤਾਂ ਸਤਿਗੁਰੂ ਜੀ ਜਦੋਂ ਜੀਵ ਦੀ ਪ੍ਰਤਿਪਾਲਣਾ ਆਪਣੇ ਜ਼ਿੰਮੇ ਲੈ ਲੈਂਦੇ ਹਨ ਤਾਂ ਇਹ ਉਦੋਂ ਹੀ ਟੁੱਟ ਜਾਂਦੇ ਹਨ।

***ਸਤਿਗੁਰੁ ਸਿਖ ਕੇ ਬੰਧਨ ਕਾਟੈ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ॥*** (੨੮੬)

ਇਸ ਤੋਂ ਅੱਗੇ ਦੇ ਹੋਰ ਬੰਧਨ ਹਨ, ਜਿਨ੍ਹਾਂ ਨੂੰ ਲੇਖਾ ਜਾਂ ਜਮਦੂਤ ਤੇ ਧਰਮਰਾਜ ਦੀ ਕਚਿਹਰੀ ਵਿਚ ਲੇਖਾ ਜੋਖਾ ਅਤੇ ਦੂਜੇ ਨੂੰ ਜਨਮ ਮਰਨ ਆਖਦੇ ਹਾਂ। ਜੀਵ ਜਦੋਂ ਸੰਸਾਰ ਵਿਚ ਆਉਂਦਾ ਹੈ ਤਾਂ ਇਸ ਦੇ ਕਰਮਾਂ ਭਾਵ ਕੰਮਾਂ ਦਾ ਲੇਖਾ ਜੋਖਾ ਵੀ ਸ਼ੁਰੂ ਹੋ ਜਾਂਦਾ ਹੈ। ਸਤਿਗੁਰੂ ਜੀ ਸੁਚੇਤ ਵੀ ਕਰਦੇ ਹਨ-

*ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥*
*ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥*
*ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ॥*
*ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥*
*ਲਿਖਿ ਨਾਵੈ ਧਰਮੁ ਬਹਾਲਿਆ॥* (੪੬੩)

ਜਿਵੇਂ ਜਿਵੇਂ ਜੀਵ ਦੇ ਕਰਮਾਂ ਦਾ ਵਿਹਾਰ ਚਲਦਾ ਰਿਹਾ ਉਸ ਤਰ੍ਹਾਂ ਹੀ ਕਲਮ ਚਲਦੀ ਰਹੀ ਸਾਰੇ ਚੰਗੇ ਮੰਦੇ ਕਰਮਾਂ ਦਾ ਲੇਖਾ ਚਿਤਰ ਗੁਪਤ ਭਾਵ ਇਸ ਢੰਗ ਨਾਲ ਲਿਖਿਆ ਜਾਂਦਾ ਹੈ ਕਿ ਜਿਸ ਨਾਲ ਜੀਵ ਦਾ ਉਹ ਗੁਪਤ ਚਿਤਰ ਜਿਹੜਾ ਸਭ ਤੋਂ ਚੋਰੀ ਤਿਆਰ ਹੁੰਦਾ ਹੈ। ਜਿਹੜਾ ਰੱਬ ਦੇ ਘਰ ਵੇਖਿਆ ਜਾਂਦਾ ਹੈ। ਸਾਡੇ ਰੋਜ਼ਾਨਾ ਜ਼ਿੰਦਗੀ ਦੀ ਹੀ ਉਦਾਹਰਣ ਦੇ ਕੇ ਸਤਿਗੁਰੂ ਜੀ ਸਮਝਾਉਂਦੇ ਹਨ ਕਿ ਜਿਸ ਦੇ ਕਰਮ ਪ੍ਰਗਟ ਹੋ ਜਾਣ ਸਾਡੇ ਸਮਾਜ ਵਿਚ ਉਸ ਨੂੰ ਨੰਗਾ ਕਰਨਾ ਆਖਦੇ ਹਨ ਭਾਵ ਜੋ ਅਸਲ ਤਸਵੀਰ ਹੈ ਉਹ ਪ੍ਰਗਟ ਕਰ ਦੇਣੀ ਬਸ ਇਸ ਤਰ੍ਹਾਂ ਹੀ ਧਰਮ ਰਾਜ ਦੇ ਘਰ ਵੀ ਹੁੰਦਾ ਹੈ। ਜਦੋਂ ਉਸ ਦੇ ਪਰਦੇ ਵਿਚ ਕਮਾਏ ਪਾਪ ਵੀ ਪ੍ਰਗਟ ਕੀਤੇ ਜਾਂਦੇ ਹਨ।

Sri Satguru Jagjit Singh Ji eLibrary NamdhariElibrary@gmail.com

***ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥***
***ਕਰਿ ਅਉਗਣ ਪਛੋਤਾਵਣਾ॥*** (੪੭੧)

ਇਕ ਗੱਲ ਖਾਸ ਖਿਆਲ ਕਰਨ ਯੋਗ ਹੈ ਕਿ ਚਿਤਰ ਗੁਪਤ ਵੀ ਉਹੋ ਕੁਝ ਲਿਖ ਸਕਦੇ ਹਨ ਜੋ ਜੀਵ ਕਰਮ ਕਮਾਉਂਦਾ ਹੈ। ਇਨ੍ਹਾਂ ਕੋਲ ਕੋਈ ਤਾਕਤ ਨਹੀਂ ਕਿ ਕਿਸੇ ਧਰਮੀ ਨੂੰ ਅਧਰਮੀ ਤੇ ਕਿਸੇ ਅਧਰਮੀ ਨੂੰ ਧਰਮੀ ਬਣਾ ਸਕਣ। ਜਿਨ੍ਹਾਂ ਗੁਰੂ ਪਿਆਰਿਆਂ ਨੇ ਗੁਰੂ ਦਰਸਾਏ ਮਾਰਗ 'ਤੇ ਤੁਰ ਕੇ ਦਿਨ ਰਾਤ ਧਰਮੀ ਜੀਵਨ ਬਿਤਾਇਆ ਭਾਵ ਉਹੋ ਕੁਝ ਕੀਤਾ ਜੋ ਗੁਰੂ ਜੀ ਨੇ ਫੁਰਮਾਇਆ ਸੀ ਫਿਰ ਉਨ੍ਹਾਂ ਨੂੰ ਚਿਤਰ ਗੁਪਤ ਦੀ ਵੀ ਪ੍ਰਵਾਹ ਨਹੀਂ ਰਹਿੰਦੀ ਉਹ ਤਾਂ ਸਗੋਂ ਲਲਕਾਰ ਕੇ ਚਿਤਰ ਗੁਪਤ ਨੂੰ ਆਖਦੇ ਹਨ ਕਿ ਜੋ ਤੇਰਾ ਜੀ ਕਰਦਾ ਹੈ ਤੂੰ ਉਹ ਲਿਖ ਸਕਦਾ ਹੈ। ਮੈਨੂੰ ਹੁਣ ਕਿਸੇ ਦਾ ਡਰ ਨਹੀਂ ਕਿਉਂਕਿ ਮੈਂ ਪ੍ਰਮੇਸ਼ਰ ਦੇ ਚਰਨਾਂ ਵਿਚ ਜੁੜ ਗਿਆ ਹਾਂ। ਜਿਸ ਕਰਕੇ ਤੇਰਾ ਮੇਰੇ ਨਾਲ ਕੋਈ ਵਾਸਤਾ ਨਹੀਂ।

***ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ॥***
***ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ॥*** (੩੪੬)

ਚਿਤਰ ਗੁਪਤ ਦਾ ਲਿਖਿਆ ਫਿਰ ਜਮ ਕਮਾਉਂਦੇ ਹਨ। ਜਮ ਦਾ ਅਰਥ ਹੈ ਕਿ ਸਰੀਰ ਵਿਚੋਂ ਜਿੰਦ ਨੂੰ ਕੱਢ ਕੇ ਰੱਬ ਦੇ ਘਰ ਤੱਕ ਲੈ ਜਾਣ ਵਾਲੇ। ਇਨ੍ਹਾਂ ਨੇ ਵੀ ਰਾਹ ਵਿਚ ਤਸੀਹੇ ਦੇਣੇ ਹੁੰਦੇ ਹਨ। ਇਥੇ ਹੀ ਬਸ ਨਹੀਂ ਦੋਸ਼ੀ ਨੂੰ ਫਿਰ ਰੱਬ ਦੇ ਘਰ ਜਿਹੜੀ ਹੋਰ ਵੀ ਮਾਰ ਪੈਂਦੀ ਹੈ ਉਹ ਵੀ ਸਜ਼ਾ ਇਹੋ ਦਿੰਦੇ ਹਨ। ਪਰ ਜਿਨ੍ਹਾਂ ਨੇ ਬੰਦਗੀ ਨਾਲ ਜੀਵਨ ਸ਼ਿੰਗਾਰ ਲਿਆ, ਉਨ੍ਹਾਂ ਉਤੇ ਜਮ ਦਾ ਰਾਜ ਨਹੀਂ ਚਲਦਾ।

***ਜਮਦੂਤੁ ਤਿਸੁ ਨਿਕਟਿ ਨ ਆਵੈ॥ ਸਾਧ ਸੰਗਿ ਹਰਿ ਕੀਰਤਨੁ ਗਾਵੈ॥*** (੧੦੭੯)

ਭਗਤ ਕਬੀਰ ਸਾਹਿਬ ਜੀ ਆਖਦੇ ਹਨ, ਕਿ ਜਮ ਦਾ ਡੰਡਾ (ਭਾਵ ਸਜ਼ਾ) ਹੈ ਤਾਂ ਬਹੁਤ ਬੁਰਾ ਪਰ ਮੇਰੇ ਸਤਿਗੁਰੂ ਜੀ ਨੇ ਆਪਣੇ ਨਾਲ ਜੋੜ ਕੇ ਮੈਨੂੰ ਇਸ ਜਮ ਦੇ ਕਰਾਰੇ ਠੇਂਗੇ ਤੋਂ ਬਚਾ ਲਿਆ ਹੈ। ਇਸ ਕਰਾਰੇ ਠੇਂਗੇ ਦੀ ਮਾਰ ਜੀਵ ਕੋਲੋਂ ਸਹਾਰੀ ਨਹੀਂ ਜਾਂਦੀ।

***"ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ॥***
***ਏਕੁ ਜੁ ਸਾਧੁ ਮੋੁਹਿ ਮਿਲਿਓ ਤਿਨ੍ਹਿ ਲੀਆ ਅੰਚਲਿ ਲਾਇ॥*** (੧੩੬੮)

ਜਾਂ ਫਿਰ—

***ਹਰਿ ਜੀਉ ਕੀ ਹੈ ਸਭ ਸਿਰਕਾਰਾ॥ ਏਹੁ ਜਮੁ ਕਿਆ ਕਰੇ ਵਿਚਾਰਾ॥***
***ਹੁਕਮੀ ਬੰਦਾ ਹੁਕਮੁ ਕਮਾਵੈ ਹੁਕਮੇ ਕਢਦਾ ਸਾਹਾ ਹੇ॥*** (੧੦੫੪)

ਜਿਸ ਜੀਵ ਨੇ ਹੋਰ ਸਾਰੇ ਸਹਾਰੇ ਛੱਡ ਕੇ ਸਭ ਦਾ ਸਹਾਰਾ ਬਣਨ ਵਾਲਾ ਨਿਰੰਕਾਰ ਜਾਪ ਲਿਆ ਉਸ ਦੇ ਉਤੇ ਜਮਰਾਜ ਕੀ ਕਰ ਸਕਦਾ ਹੈ।

***ਏਕ ਊਪਰਿ ਜਿਸੁ ਜਨ ਕੀ ਆਸਾ॥ ਤਿਸ ਕੀ ਕਟੀਐ ਜਮ ਕੀ ਫਾਸਾ॥*** (੨੮੧)

ਰੱਬ ਨੇ ਇਕ ਦਿਨ ਦੂਤਾਂ ਨੂੰ ਹਦਾਇਤ ਕੀਤੀ ਕਿ ਜਿਹੜੇ ਬੰਦਗੀ ਵਿਚ ਰੱਤੇ ਹਨ, ਉਨ੍ਹਾਂ ਦੇ ਨੇੜੇ ਕਦੇ ਨਾ ਜਾਵੀਂ। ਦੂਤ ਨੇ ਆਖਿਆ ਕਿ ਉਹ ਮੇਰਾ ਕੀ ਕਰ ਸਕਦੇ ਹਨ? ਤਾਂ ਰੱਬ ਨੇ ਕਿਹਾ ਕਿ ਤੈਨੂੰ ਬੰਨ੍ਹ ਕੇ ਬਿਠਾ ਲੈਣਗੇ। ਜਮਦੂਤ ਕਹਿਣ ਲੱਗਾ ਕਿ ਤਾਂ ਕੀ ਹੋਇਆ ਤੁਸੀਂ ਛੁਡਾ ਲੈਣਾ। ਰੱਬ ਨੇ ਫਿਰ ਕਿਹਾ ਕਿ ਉਨ੍ਹਾਂ ਕੋਲੋਂ ਮੈਂ ਵੀ ਛੁਡਾ ਨਹੀਂ ਸਕਦਾ ਉਹ ਤਾਂ ਮੈਨੂੰ ਵੀ ਬੰਨ੍ਹ ਕੇ ਬਿਠਾ ਸਕਦੇ ਹਨ। ਚੰਗਾ ਇਹੋ ਹੀ ਹੈ ਕਿ ਉਨ੍ਹਾਂ ਕੋਲ ਨਾ ਜਾਵੀਂ। ਉਨ੍ਹਾਂ ਕੋਲ ਬੰਦਗੀ ਦੀ ਤਾਕਤ ਹੈ।

***ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥***
***ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥*** (੨੫੬)

ਗੁਰੂ ਜੀ ਨੇ ਕਿਹਾ ਸੀ—

***ਦੂਖੁ ਨ ਲਾਗੈ ਕਦੇ ਤੁਧੁ ਪਾਰਬ੍ਰਹਮੁ ਚਿਤਾਰੇ॥***
***ਜਮਕੰਕਰੁ ਨੇੜਿ ਨ ਆਵਈ ਗੁਰਸਿਖ ਪਿਆਰੇ॥*** (੮੧੮)

ਰੱਬੀ ਇਬਾਦਤ ਵਿਚ ਰੱਤੀ ਆਤਮਾ ਤੇ ਨਾ ਤਾਂ ਚਿਤਰ ਗੁਪਤ ਦਾ ਹੁਕਮ ਚਲਦਾ ਹੈ, ਨਾ ਹੀ ਜਮਦੂਤ ਦਾ, ਇਨ੍ਹਾਂ ਮਗਰੋਂ ਧਰਮ ਰਾਜ ਦੀ ਵੀ ਕੋਈ ਗੱਲ ਨਹੀਂ ਚਲਦੀ। ਜਿਥੇ ਬਾਕੀ ਕੋਲੋਂ ਧਰਮਰਾਜ ***"ਲੇਖਾ ਲੀਜੈ ਤਿਲ ਜਿਉ ਪੀੜੀ"*** (੧੦੨੮) ਵਾਂਗ ਲੇਖਾ ਲੈਂਦਾ ਹੈ ਉਥੇ ਨਿਰੰਕਾਰ ਦੇ ਪਿਆਰਿਆਂ ਦਾ ਤਾਂ ਉਹ ਸਗੋਂ ਚਾਕਰ ਬਣ ਸੇਵਾ ਕਰਨੀ ਲੋਚਦਾ ਹੈ ਕਿਉਂਕਿ ਜਿਸ ਦਾ ਹੁਕਮ ਧਰਮਰਾਜ ਕਮਾਉਂਦਾ ਹੈ ਹਰਿਜਨ ਉਸ ਦੀ ਹੀ ਤਾਂ ਬੰਦਗੀ ਵਿਚ ਜੁੜਿਆ ਹੁੰਦਾ ਹੈ ਇਸ ਲਈ ਹੀ ਤਾਂ ਧਰਮਰਾਜ ਸਿਰਫ ਦੁਸ਼ਟ ਆਤਮਾ ਨੂੰ ਸਜ਼ਾ ਦੇ ਸਕਦਾ ਹੈ।

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥***
***ਅਧਿਆਤਮੀ ਹਰਿ ਗੁਣਤਾਸੁ ਮਨਿ ਜਪਹਿ ਏਕੁ ਮੁਰਾਰਿ॥***
***ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ॥*** (੩੮)

ਪ੍ਰਮੇਸ਼ਰ ਦੇ ਪਿਆਰੇ ਤਾਂ ਸਦਾ ਰੱਬੀ ਗੁਣਾਂ ਦੀ ਮਾਲਾ ਦਾ ਹੀ ਜਾਪ ਕਰਦੇ ਰਹਿੰਦੇ ਹਨ।

***ਹਰਿ ਕੇ ਲੋਕ ਸਦਾ ਗੁਣ ਗਾਵਹਿ ਤਿਨ ਕਉ ਮਿਲਿਆ ਪੂਰਨ ਧਾਮ॥***
***ਜਨ ਕਾ ਦਰਸੁ ਬਾਂਛੈ ਦਿਨ ਰਾਤੀ ਹੋਇ ਪੁਨੀਤ ਧਰਮ ਰਾਇ ਜਾਮ॥*** (੧੧੫੧)

ਧਰਮ ਰਾਜ ਤਾਂ ਸਗੋਂ ਹਰੀ ਦੀ ਬੰਦਗੀ ਕਰਨ ਵਾਲੇ ਦੇ ਦਰਸ਼ਨਾਂ ਨੂੰ ਲੋਚਦਾ ਹੈ ਤੇ ਕਹਿੰਦਾ ਹੈ ਕਿ ਮੇਰੇ ਘਰ ਤਾਂ ਸਦਾ ਪਾਪੀ ਲੋਕ ਹੀ ਆਉਂਦੇ ਹਨ, ਇਸ ਲਈ ਮੇਰਾ ਘਰ ਤਾਂ ਸਦਾ ਅਪਵਿੱਤਰ ਹੀ ਰਹਿੰਦਾ ਹੈ ਪਰ ਜੇਕਰ ਕੋਈ ਹਰੀ ਪਿਆਰਾ ਆ ਜਾਵੇ ਤਾਂ ਮੈਂ, ਮੇਰੇ ਦੂਤ ਅਤੇ ਮੇਰਾ ਘਰ ਵੀ ਪਵਿੱਤਰ ਹੋ ਜਾਵੇਗਾ। ਉਨ੍ਹਾਂ ਦਾ ਲੇਖਾ ਧਰਮਰਾਜ ਨਹੀਂ ਕਰ ਸਕਦਾ, ਜਿਨ੍ਹਾਂ ਉਤੇ ਜਗਤ ਨੂੰ ਜੀਵਨ ਦੇਣ ਵਾਲੇ ਦਾ ਮਿਹਰ ਭਰਿਆ ਹੱਥ ਹੋਵੇ।

***ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ॥***
***ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ॥*** (੬੯੮)

ਜਾਂ ਫਿਰ—

***ਧਰਮ ਰਾਇ ਹੈ ਹਰਿ ਕਾ ਕੀਆ ਹਰਿ ਜਨ ਸੇਵਕ ਨੇੜਿ ਨ ਆਵੈ॥*** (੫੫੫)

ਉਨ੍ਹਾਂ ਦਾ ਲੇਖਾ ਹੀ ਨਿਬੜ ਗਿਆ ਜਿਨ੍ਹਾਂ ਉਤੇ ਰੱਬ ਦੀ ਮਿਹਰ ਹੋ ਗਈ। ਆਖਰੀ ਬੰਧਨ ਸੀ ਜਨਮ ਮਰਨ ਦਾ ਜਿਸ ਕਰਕੇ ਜੀਵ ਵਿਚਾਰਾ ਅਨੇਕਾਂ ਜੂਨੀਆਂ ਵਿਚ ਭਟਕਦਾ ਫਿਰਦਾ ਸੀ। ਇਕ ਗੱਲ ਇਥੇ ਵੀ ਪਹਿਲਾਂ ਵੀਚਾਰ ਯੋਗ ਹੈ ਕਿ ਆਮ ਥਾਵਾਂ 'ਤੇ ਗੁਰਬਾਣੀ ਵਿਚ ਜ਼ਿਕਰ ਆਉਂਦਾ ਹੈ ਕਿ ਜਨਮ ਮਰਨ ਭਾਵ ਜਨਮ ਦਾ ਜ਼ਿਕਰ ਪਹਿਲਾਂ ਹੈ ਫਿਰ ਮਰਨ ਦਾ ਹੈ ਕਿਉਂਕਿ ਜਨਮ ਹੋਵੇਗਾ ਤਾਂ ਮੌਤ ਹੋਵੇਗੀ ਜੇ ਜਨਮ ਹੀ ਨਹੀਂ ਤਾਂ ਮੌਤ ਵੀ ਨਹੀਂ। ਇਸ ਲਈ ***"ਜਨਮੰ ਤਾਂ ਮਰਣੰ"*** ਦਾ ਬਚਨ ਸਹਸਕ੍ਰਿਤੀ ਬਚਨਾਂ ਵਿਚ ਹੈ। ਕਈ ਵਾਰੀ ਆਮ ਸੰਸਾਰੀ ਸੋਚ ਲੈਂਦੇ ਹਨ ਕਿ ਬੰਦਗੀ ਕਰਨ ਵਾਲਾ ਵੀ ਤਾਂ ਦੁਨੀਆਂ ਤੋਂ ਚਲੇ ਹੀ ਜਾਂਦਾ ਹੈ ਫਿਰ ਬੰਦਗੀ ਕਿਉਂ ਕਰਨੀ ਹੈ? ਇਸ ਵਾਰੀ ਤਾਂ ਜਾਣਾ ਹੀ ਹੈ ਫਿਰ ਜਨਮ ਭਾਵ ਰੱਬ ਤੋਂ ਵਿਛੋੜਾ ਨਹੀਂ ਹੋਵੇਗਾ ਜਿਸ ਕਰਕੇ ਫਿਰ ਮੌਤ ਵੀ ਨਹੀਂ ਹੋਵੇਗੀ। ਇਸ ਵਾਰੀ ਨੂੰ ਮੌਤ ਨਹੀਂ ਕਹਿੰਦੇ ਇਸ ਵਾਰੀ ਨੂੰ ਤਾਂ ਸਗੋਂ ਨਿਜ ਘਰ ਜਾਣਾ ਆਖਦੇ ਹਨ, ਜਿਥੋਂ ਫਿਰ ਕਦੇ ਭਟਕਣਾ ਨਹੀਂ ਹੁੰਦੀ।

***ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਾਹੁਰਿ ਨ ਹੋਇਗੋ ਫੇਰਾ॥*** (੧੩)

ਜਨਮ ਮਰਨ ਦਾ ਬੰਧਨ ਸਿਰਫ ਉਨ੍ਹਾਂ ਦਾ ਹੀ ਕੱਟਿਆ ਜਾਂਦਾ ਹੈ, ਜਿਹੜੇ ਹਰੀ ਨਾਲ ਜੁੜ ਗਏ ਬਾਕੀ ਸੰਸਾਰ ਜੰਮਦਾ ਮਰਦਾ ਰਹਿੰਦਾ ਹੈ।

***ਜੰਮਣੁ ਮਰਣੁ ਨਾ ਤਿਨ ਕਉ ਜੋ ਹਰਿ ਲੜਿ ਲਾਗੇ॥*** (੩੨੨)

ਗੁਰਮੁਖਿ ਦਾ ਆਉਣਾ ਜਾਣਾ ਖਤਮ ਹੋ ਜਾਂਦਾ ਹੈ, ਬਸ ਉਹ ਇਸ ਵਾਰੀ ਆ ਕੇ ਹੀ ਆਪਣਾ ਸਾਰਾ ਕਾਰਜ ਕਰ ਜਾਂਦਾ ਹੈ।

***ਏਕਹਿ ਆਵਨ ਫਿਰਿ ਜੋਨਿ ਨ ਆਇਆ॥***
***ਨਾਨਕ ਹਰਿ ਕੈ ਦਰਸ ਸਮਾਇਆ॥*** (੨੫੨)

ਜਾਂ ਫਿਰ—

***ਸਫਲਿਓ ਸਤਿਗੁਰੁ ਸੇਵਿਆ ਧੰਨੁ ਜਨਮੁ ਪਰਵਾਣੁ॥***
***ਜਿਨਾ ਸਤਿਗੁਰੁ ਜੀਵਦਿਆ ਮੁਇਆ ਨ ਵਿਸਰੈ ਸੇਈ ਪੁਰਖ ਸੁਜਾਣ॥***
***ਕੁਲੁ ਉਧਾਰੇ ਆਪਣਾ ਸੋ ਜਨੁ ਹੋਵੈ ਪਰਵਾਣੁ॥***
***ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ ਮਨਮੁਖ ਜਨਮਿ ਮਰਾਹਿ॥***
***ਨਾਨਕ ਮੁਏ ਨ ਆਖੀਅਹਿ ਜਿ ਗੁਰ ਕੈ ਸਬਦਿ ਸਮਾਹਿ॥*** (੬੪੩)

ਇਸ ਤਰ੍ਹਾਂ ਪ੍ਰਭੂ ਬੰਦਗੀ ਵਿਚ ਪਰੋਤੇ ਹਿਰਦੇ ਵਾਲੇ ਗੁਰਮੁਖ ਦੀ ਜ਼ਿੰਦਗੀ ਦੇ ਸਾਰੇ

ਬੰਧਨ ਟੁੱਟ ਜਾਂਦੇ ਹਨ। ਉਹ ਜੀਵਨ ਮੁਕਤ ਹੋ ਜਾਂਦਾ ਹੈ।

***ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ॥***
***ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ॥*** (੨੫੨)

ਅਜਿਹੇ ਪੁਰਖ ਹੀ ਅਜ਼ਾਦ ਜ਼ਿੰਦਗੀ ਦੇ ਬਾਦਸ਼ਾਹ ਹੁੰਦੇ ਹਨ, ਜਿਨ੍ਹਾਂ ਨੂੰ ਕੋਈ ਬੰਧਨ ਨਹੀਂ ਹੁੰਦਾ।

Sri Satguru Jagjit Singh Ji eLibrary NamdhariElibrary@gmail.com

# ਦਰਸਨ ਦੇਖਤ

ਮੰਜ਼ਿਲ ਤੇ ਪਹੁੰਚਣ ਲਈ ਤਿੰਨ ਗੁਣਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਸਭ ਤੋਂ ਪਹਿਲਾ ਕਿ ਰਾਹੀ ਦੇ ਕਦਮ ਨਾ ਰੁਕਣ, ਦੂਜਾ ਕਦਮਾਂ ਦੀ ਸਾਬਤੀ ਭਾਵ ਕਦਮ ਡੋਲਣ ਨਾ ਤੀਜਾ ਗੁਣ ਕਿ ਰਾਹੀ ਨੂੰ ਨਿਤ ਦਿਹਾੜੇ ਰਸਤੇ ਬਦਲਣ ਦੀ ਆਦਤ ਨਾ ਹੋਵੇ। ਅਜਿਹਾ ਰਾਹੀ ਯਕੀਨਨ ਮੰਜ਼ਿਲ ਪਾ ਲੈਂਦਾ ਹੈ। ਪ੍ਰੀਤ ਦਾ ਵਣਜਾਰਾ, ਰੱਬੀ ਦਰਸ਼ਨ ਲਈ ਤੜਫਣ ਵਾਲਾ ਗੁਰੂ ਬਖਸ਼ਿਸ਼ ਨਾਲ ਸ਼ਿੰਗਾਰਿਆ ਇਕ ਦਿਨ ਫਿਰ ਆਪਣੇ ਹੀ ਅੰਦਰ ਪ੍ਰਮੇਸ਼ਰ ਦੇ ਦਰਸ਼ਨਾਂ ਦੀ ਝਲਕ ਦੇਖਦਾ ਹੈ। ਇਸ ਝਲਕ ਨੂੰ ਝਲਣਾ ਵੀ ਬਹੁਤ ਰਹਿਮਤ ਦਾ ਹੀ ਕਾਰਜ ਹੁੰਦਾ ਹੈ। ਅੰਦਰੋਂ ਦੀਦਾਰ ਪਾ ਕੇ ਸੱਚ ਦੇ ਨਸ਼ੇ ਵਿਚ ਪਰਮ ਆਨੰਦ ਮਾਣਦਾ ਹੈ। ਜਿਵੇਂ ਖੁਸ਼ਬੋ ਦਾ ਵਾਸਾ ਫੁੱਲ ਵਿਚ ਹੀ ਹੁੰਦਾ ਹੈ, ਇਸ ਤਰ੍ਹਾਂ ਹੀ ਰੱਬ ਦਾ ਨਿਵਾਸ ਵੀ ਹਿਰਦੇ ਵਿਚ ਹੈ ਪਰ ਗੁਰੂ ਜੀ ਤੋਂ ਵਿਛੁੜਿਆ ਹੋਣ ਕਰਕੇ ਬਾਹਰ ਜੰਗਲਾਂ ਵਿਚ ਭਟਕਦਾ ਸੀ ਪਰ ਹੁਣ ਤਾਂ ਦੀਦਾਰਾਂ ਦਾ ਰਸ ਮਾਣਦਾ ਹੈ। ਗੁਰੂ ਜੀ ਦਾ ਕਹਿਆ ਕਮਾਉਣ ਵਾਲਾ ਭਾਵ ਹਿਰਦਾ ਖੋਜਨ ਵਾਲਾ ਪ੍ਰੀਤਮ ਦੇ ਦਰਸ਼ਨ ਕਰਕੇ ਪਰਮ ਸੁਖ ਮਾਣਦਾ ਹੈ।

***ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥***
***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥*** (੬੮੪)

ਗੁਰੂ ਸਾਹਿਬ ਜੀ ਦੀ ਕਿਰਪਾ ਦਾ ਸਦਕਾ ਅੰਦਰੋਂ ਹੀ ਦਰਸ਼ਨ ਪਾ ਲੈਣ ਵਾਲੇ ਦੀ ਹੀ ਅਵਸਥਾ ਦਾ ਜ਼ਿਕਰ ਹੈ ਕਿ-

***ਸੰਤਸੰਗਿ ਅੰਤਰਿ ਪ੍ਰਭੁ ਡੀਠਾ॥ ਨਾਮੁ ਪ੍ਰਭੂ ਕਾ ਲਾਗਾ ਮੀਠਾ॥*** (੨੯੩)

ਜਦੋਂ ਅੰਦਰੋਂ ਦਰਸ਼ਨ ਕਰਕੇ ਧੰਨ ਧੰਨ ਹੋ ਜਾਂਦਾ ਹੈ, ਰੋਮ ਰੋਮ ਖਿੜ ਜਾਂਦਾ ਹੈ, ਸਰੀਰ 'ਤੇ ਝਰਨਾਹਟਾਂ ਜਿਹੀਆਂ ਆਉਂਦੀਆਂ ਹਨ। ਗੁਰੂ ਪਾਤਿਸ਼ਾਹ ਜੀ ਦਾ ਹੁਕਮ ਪਾ ਕੇ, ਆਪਣੀ ਸੁਰਤਿ ਦੀ ਅੱਖ ਨਾਲ ਆਪਾ ਖੋਜਨ ਮਗਰੋਂ ਪ੍ਰੀਤਮ ਦੇ ਦੀਦਾਰਾਂ ਦੇ ਆਨੰਦ ਵਿਚ ਭਿਜਿਆ ਹੋਇਆ ਜੀਵ ਫਿਰ ਇਕ ਹੋਰ ਰੱਬੀ ਹੁਕਮ ਸੁਣਦਾ ਹੈ। ਉਹ ਹੁਕਮ ਹੁੰਦਾ ਹੈ ਕਿ ਹੁਣ ਸੁਰਤਿ ਦੀਆਂ ਅੱਖਾਂ ਨਾਲ ਅੰਦਰ ਦੇਖ ਕੇ ਫਿਰ ਵਾਪਿਸ ਸਰੀਰਕ ਅੱਖਾਂ ਖੋਹਲ ਕੇ ਬਾਹਰ ਦੇਖ, ਜੋ ਕੁਝ ਅੰਦਰ ਦੇਖਿਆ ਸੀ ਉਹੋ ਕੁਝ ਬਾਹਰ ਦਿੱਸੇਗਾ। ਜਿਹੜੀ ਭਰਮ ਦੀ ਪਰਤ ਨਾ ਅੰਦਰ ਦਿੱਸਣ ਦਿੰਦੀ ਸੀ ਨਾ ਬਾਹਰ ਦਿੱਸਣ ਦਿੰਦੀ ਸੀ, ਉਸ ਦਾ ਗੁਰੂ ਪਾਤਿਸ਼ਾਹ ਜੀ ਦੀ ਕਿਰਪਾ

ਦਾ ਸਦਕਾ ਨਾਸ਼ ਹੋ ਗਿਆ।

***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥***
***ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥*** (੬੮੪)

ਜਦੋਂ ਫਿਰ ਇਸ ਤਰ੍ਹਾਂ ਅੰਦਰੋਂ ਦੀਦਾਰ ਕਰਕੇ ਨੇਤਰ ਬਾਹਰ ਖੋਲ੍ਹੇ ਤਾਂ ਹੈਰਾਨ ਰਹਿ ਗਿਆ ਕਿ ਜਿਹੜਾ ਅੰਦਰ ਵਸਦਾ ਹੈ ਉਹੋ ਹੀ ਤਾਂ ਬਾਹਰ ਵੱਸਦਾ ਹੈ ਜਿਧਰ ਵੀ ਝਾਤ ਮਾਰਦਾ ਹੈ ਉਧਰ ਪ੍ਰਮੇਸ਼ਰ ਹੀ ਦਿੱਸਦਾ ਹੈ। ਅੰਦਰ ਵੀ ਇਕ ਨਜ਼ਰ ਆਉਂਦਾ ਹੈ ਬਾਹਰ ਵੀ ਇਕ ਹੀ ਨਜ਼ਰ ਆਉਂਦਾ ਹੈ।

***ਅੰਦਰੁ ਵਿਧਾ ਸਚਿ ਨਾਇ ਬਾਹਰਿ ਭੀ ਸਚੁ ਡਿਠੋਮਿ॥***
***ਨਾਨਕ ਰਵਿਆ ਹਭ ਥਾਇ ਵਣਿ ਤ੍ਰਿਣਿ ਤ੍ਰਿਭਵਣਿ ਰੋਮਿ॥*** (੯੬੬)

ਗੁਰਬਾਣੀ ਵਿਚ ਇਕ ਬਹੁਤ ਹੀ ਪਿਆਰਾ ਸੰਬਾਦ ਹੈ। ਇਕ ਦਰਸ਼ਨਾਂ ਲਈ ਤੜਫ ਰਹੀ ਜੀਵ ਇਸਤ੍ਰੀ ਕਿਸੇ ਅਜਿਹੀ ਸਤਸੰਗਣ ਜੀਵ ਇਸਤ੍ਰੀ ਕੋਲ ਜਾਂਦੀ ਹੈ ਜਿਸ ਨੇ ਪ੍ਰਭੂ ਪ੍ਰੀਤਮ ਪਿਆਰੇ ਦੇ ਦਰਸ਼ਨ ਪਾ ਲਏ ਹਨ। ਦਰਸ਼ਨ ਪਿਆਸੀ ਪੁੱਛਦੀ ਹੈ ਕਿ, ਹੇ ਭੈਣ ! ਤੂੰ ਤਾਂ ਦਰਸ਼ਨ ਪਾ ਲਏ ਹਨ ਮੈਂ ਵੀ ਪਿਆਰੇ ਪ੍ਰੀਤਮ ਨੂੰ ਦੇਖ ਕੇ ਪਿਆਸ ਬੁਝਾ ਲਵਾਂ ਇਸ ਲਈ ਕ੍ਰਿਪਾ ਕਰਕੇ ਮੈਨੂੰ ਵੀ ਦੱਸ। ਮੇਰਾ ਮਨ ਸੰਸੇ ਵਿਚ ਹੈ ਕਿਉਂਕਿ ਕੋਈ ਤਾਂ ਇਹ ਕਹਿ ਰਿਹਾ ਹੈ ਕਿ ਪ੍ਰਮੇਸ਼ਰ ਅੰਦਰ ਹੈ ਪਰ ਕੋਈ ਕਹਿ ਰਿਹਾ ਹੈ ਕਿ ਉਹ ਬਾਹਰ ਵੱਸਦਾ ਹੈ, ਤੁਸੀ ਕ੍ਰਿਪਾ ਕਰਕੇ ਦੱਸੋ? ਮੇਰੀ ਇਕ ਇਹ ਵੀ ਮਜ਼ਬੂਰੀ ਹੈ ਕਿ ਮੈਂ ਪ੍ਰਮੇਸ਼ਰ ਦਾ ਕੋਈ ਬਰਨ, ਚਿਹਨ ਵੀ ਨਹੀਂ ਜਾਣਦੀ ਜਿਸ ਕਰਕੇ ਮੈਂ ਖੁਦ ਵੀ ਫੈਸਲਾ ਨਹੀਂ ਕਰ ਸਕਦੀ। ਅਜਿਹੀ ਪੁਛ ਦਾ ਜਵਾਬ ਫਿਰ ਉਹ ਜੀਵ ਇਸਤ੍ਰੀ ਦਿੰਦੀ ਹੈ। ਜਿਸ ਨੇ ਦਰਸ਼ਨ ਕਰਕੇ ਦਰਸ਼ਨਾਂ ਦੀ ਪਿਆਸ ਨੂੰ ਤ੍ਰਿਪਤ ਕਰ ਲਿਆ ਹੁੰਦਾ ਹੈ।

***ਕੋ ਕਹਤੋ ਸਭ ਬਾਹਰਿ ਬਾਹਰਿ ਕੋ ਕਹਤੋ ਸਭ ਮਹੀਅਉ॥***
***ਬਰਨੁ ਨ ਦੀਸੈ ਚਿਹਨੁ ਨ ਲਖੀਐ ਸੁਹਾਗਨਿ ਸਾਤਿ ਬੁਝਹੀਅਉ॥*** (੭੦੦)

ਇਹ ਪੰਕਤੀਆਂ ਸੁਹਾਗਵਤੀ ਨੂੰ ਪੁੱਛ ਰੂਪ ਵਿਚ ਹਨ। ਇਸ ਦਾ ਜਵਾਬ ਸੁਹਾਗਵਤੀ ਨੇ ਫਿਰ ਇਸ ਨਾਲ ਦੀ ਹੀ ਪੰਕਤੀ ਵਿਚ ਦਿੱਤਾ ਕਿ ਉਹ ਪਿਆਰਾ ਤਾਂ ਬਾਹਰ ਵੀ ਤੇ ਹਰ ਇਕ ਦੇ ਹਿਰਦੇ ਵਿਚ ਵੀ ਵੱਸਦਾ ਹੈ।

***ਸਰਬ ਨਿਵਾਸੀ ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਅਉ॥*** (੭੦੦)

ਅਜਿਹੀ ਅਵਸਥਾ ਵਿਚ ਜੀਵ ਤਾਂ ਹੈਰਾਨ, ਵਿਸਮਾਦ ਹੋ ਜਾਂਦਾ ਹੈ ਕਿ ਇਹ ਤਾਂ ਇਕ ਅਸਚਰਜ ਹੀ ਵਰਤ ਗਿਆ ਕਿ ਜਿਸ ਮਾਲਕ ਪ੍ਰਤੀ ਸੁਣਦੇ ਸਾਂ ਕਿ ਉਹ ਤਾਂ ਬਹੁਤ ਹੀ ਅਗਾਧ ਬੋਧ ਹੈ ਪਰ ਗੁਰੂ ਜੀ ਨੇ ਕਿਰਪਾ ਕਰਕੇ ਹਿਰਦੇ ਵਿਚ ਹੀ ਦਿਖਾ ਦਿੱਤਾ ਹੈ। ਅਜਿਹੀ ਵਿਸਮਾਦ ਅਵਸਥਾ ਦੇ ਹੀ ਇਹ ਅੰਮ੍ਰਿਤ ਬੋਲ ਹਨ ਕਿ—

***ਦੇਖਹੁ ਅਚਰਜੁ ਭਇਆ ॥ ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ ॥*** (੬੧੨)

ਅਸਲ ਵਿਚ ਜਿਹੜਾ ਜੀਵ ਗੁਰੂ ਜੀ ਦਾ ਵਿਸਵਾਸ਼ ਰੂਪ ਪੱਲਾ ਪਕੜ ਕੇ ਰੱਖਦਾ ਹੈ, ਉਹ ਇਕ ਨਾ ਇਕ ਦਿਨ ਜ਼ਰੂਰ ਹੀ ਹਕੀਕਤ ਤੱਕ ਪਹੁੰਚ ਜਾਂਦਾ ਹੈ। ਇਸ ਤਰ੍ਹਾਂ ਕਹਿ ਲਈਏ ਕਿ ਪ੍ਰੀਤਮ ਦੇ ਦੀਦਾਰ ਕਰਨ ਲਈ ਅਸਲ ਵਿਚ ਅੱਖ ਦਾ ਹੀ ਇਲਾਜ ਕਰਨਾ ਪੈਂਦਾ ਹੈ। ਇਹ ਵਿਸਵਾਸ਼ ਤੋਂ ਹਕੀਕਤ ਤੱਕ ਦਾ ਸਫ਼ਰ ਅੱਖ ਦਾ ਹੀ ਇਲਾਜ ਹੈ, ਜਿਸ ਦਾ ਇਹ ਇਲਾਜ ਹੋ ਜਾਂਦਾ ਹੈ ਉਸ ਦੀ ਹਾਲਤ ਹੈ ਕਿ—

***ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥***
***ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥*** (੧੦੯੯)

ਜਾਂ ਫਿਰ ਇਸ ਤਰ੍ਹਾਂ ਵੀ ਗੁਰੂ ਜੀ ਫੁਰਮਾਉਂਦੇ ਹਨ—

***ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥*** (੧੨੭੯)

ਗੁਰੂ ਪਾਤਿਸ਼ਾਹ ਜੀ ਕੋਲੋਂ ਪ੍ਰਮੇਸ਼ਰ ਦੀ ਹੋਂਦ ਦਾ ਵਿਸ਼ਵਾਸ ਲੈ ਕੇ ਤੁਰਿਆ ਜੀਵ ਇਕ ਦਿਨ ਆਪਣੀਆਂ ਅੱਖਾਂ ਨਾਲ ਦੀਦਾਰ ਕਰਕੇ ਪਰਮ ਆਨੰਦ ਮਾਣਦਾ ਹੈ। ਇਸ ਸੱਚ ਨੂੰ ਫਿਰ ਸੰਸਾਰ ਦੇ ਸਾਹਮਣੇ ਵੀ ਪ੍ਰਗਟ ਕਰਦਾ ਹੈ ਕਿ-

***ਗੁਰਹਿ ਦਿਖਾਇਓ ਲੋਇਨਾ ॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥***
***ਕਾਰਨ ਕਰਨਾ ਧਾਰਨ ਧਰਨਾ ਏਕੈ ਏਕੈ ਸੋਹਿਨਾ ॥***
***ਸੰਤਨ ਪਰਸਨ ਬਲਿਹਾਰੀ ਦਰਸਨ ਨਾਨਕ ਸੁਖਿ ਸੁਖਿ ਸੋਇਨਾ ॥*** (੪੦੭)

ਪ੍ਰਮੇਸ਼ਰ ਦੇ ਇਸ ਤਰ੍ਹਾਂ ਦੀਦਾਰ ਕਰਨ ਵਾਲਾ ਸੁਭਾਗਾ ਜੀਵ ਸਾਰੀ ਕਾਇਨਾਤ ਨੂੰ ਵੀ ਵਾਹਿਗੁਰੂ ਜੀ ਦਾ ਸਰਗੁਣ ਸਰੂਪ ਜਾਣਦਾ ਹੈ। ਉਸ ਨੂੰ ਹਰ ਇਕ ਦੇ ਅੰਦਰ ਵੀ ਤੇ ਬਾਹਰ ਵੀ ਇਕ ਹੀ ਦਿੱਸਦਾ ਹੈ ਕੋਈ ਹੋਰ ਦੂਜਾ ਨਹੀਂ। ਸੁਰਤਿ ਚਾਰੇ ਪਾਸੇ ਖਿਲਰਕੇ ਹਰ ਤਰ੍ਹਾਂ ਦੇ ਹੱਦ ਬੰਨੇ ਤੋੜ ਕੇ ਆਪਣੇ ਹੀ ਪ੍ਰੀਤਮ ਦੇ ਦਰਸ਼ਨ ਕਰਦੀ ਹੈ। ਧਰਤੀ ਵਿਚ, ਅਕਾਸ਼ ਵਿਚ ਇਕ ਰੂਪ ਹੋ ਕੇ ਕੇਵਲ ਵੱਸਦਾ ਹੀ ਨਹੀਂ ਸਗੋਂ ਸਾਰੀ ਕਾਇਨਾਤ ਦਾ ਜਨਮ ਦਾਤਾ ਪ੍ਰਤਿਪਾਲਣਾ ਕਰਨ ਵਾਲਾ ਅਤੇ ਮੁੜ ਸਮੇਟ ਲੈਣ ਵਾਲਾ ਕੇਵਲ ਆਪ ਹੀ ਤਾਂ ਹੈ। ਹਰ ਪਰਬਤ, ਪਉਣ, ਪਾਣੀ ਅਗਨੀ ਭਾਵ ਦਸ ਹੀ ਦਿਸ਼ਾਵਾਂ ਉਸ ਕੁਦਰਤਿ ਕਰਤੇ ਦੀ ਹੀ ਤਾਂ ਸ਼ਨਾਖਤ ਕਰਵਾ ਰਹੀ ਹੈ। ਇਥੋਂ ਤੱਕ ਉਸ ਤੋਂ ਬਿਨਾਂ ਹੋਰ ਕੁਝ ਨਜ਼ਰ ਹੀ ਨਹੀਂ ਆਉਂਦਾ ਸੁਖਮਨੀ ਸਾਹਿਬ ਜੀ ਅੰਦਰ ਇਨ੍ਹਾਂ ਅੰਮ੍ਰਿਤ ਬਚਨਾਂ ਨੂੰ ਵੀਚਾਰ ਕੇ ਦੇਖੀਏ ਤਾਂ ਇਕ ਅਜਿਹੇ ਹੀ ਪ੍ਰਭੂ ਦੀਦਾਰ ਵਿਚ ਜੁੜੇ ਸੱਚ ਮਾਨਵ ਦੇਵਤੇ ਦੀ ਦਸ਼ਾ ਦੇ ਅੰਮ੍ਰਿਤ ਬੋਲ ਹਨ ਕਿ-

***ਸੋ ਅੰਤਰਿ ਸੋ ਬਾਹਰਿ ਅਨੰਤ ॥ ਘਟਿ ਘਟਿ ਬਿਆਪਿ ਰਹਿਆ ਭਗਵੰਤ ॥***
***ਧਰਨਿ ਮਾਹਿ ਆਕਾਸ ਪਇਆਲ ॥ ਸਰਬ ਲੋਕ ਪੂਰਨ ਪ੍ਰਤਿਪਾਲ ॥***

Sri Satguru Jagjit Singh Ji eLibrary NamdhariElibrary@gmail.com

*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥ ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰ ਮਾਹਿ॥ ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥ ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥* (੨੯੩)

ਦਿਨ ਰਾਤ ਭਾਵ ਅੱਠ ਹੀ ਪਹਿਰ ਜਿਧਰ ਵੀ ਝਾਤ ਮਾਰਦਾ ਹੈ ਅਜਿਹਾ ਪ੍ਰੇਮੀ ਤਾਂ ਉਸ ਨੂੰ ਹਰ ਪਾਸੇ ਆਪਣੇ ਪਿਆਰੇ ਦਾ ਹੀ ਪਵਿੱਤਰ ਮੁਖੜਾ ਨਜ਼ਰੀਂ ਆਉਂਦਾ ਹੈ। ਜਦੋਂ ਅੰਦਰ ਦੇਖਦਾ ਹੈ ਤਾਂ ਦਿਲ ਦੇ ਆਇਨੇ ਵਿਚ ਵੀ ਉਸ ਦੀ ਹੀ ਤਸਵੀਰ ਦਾ ਵਾਸਾ ਹੁੰਦਾ ਹੈ ਇਥੋਂ ਤੱਕ ਰਾਤ ਦੀਆਂ ਨੀਂਦਰਾਂ ਵਿਚ ਵੀ ਉਸੇ ਦੇ ਪਿਆਰੇ ਮਿੱਠੜੇ ਕਲੋਲ ਹੁੰਦੇ ਹਨ। ਹਰ ਸੁਪਨਾ ਵੀ ਪ੍ਰਮੇਸ਼ਰ ਦੇ ਦੀਦਾਰਾਂ ਨਾਲ ਹੀ ਸ਼ਿੰਗਾਰਿਆ ਹੁੰਦਾ ਹੈ। ਜਾਗਦਿਆਂ ਵੀ ਤੇ ਸੁਤਿਆਂ ਵੀ ਕਦੇ ਨਜ਼ਰ ਤੋਂ ਉਹਲੇ ਨਹੀਂ ਹੁੰਦਾ ਕਿਉਂਕਿ ਉਸ ਦੀ ਸੁਹੱਪਣ ਦਾ ਹੀ ਪ੍ਰੇਮੀ ਕੈਦੀ ਹੋ ਜਾਂਦਾ ਹੈ।

*ਸਜਣ ਮੁਖੁ ਅਨੂਪੁ ਅਠੇ ਪਹਰ ਨਿਹਾਲਸਾ॥*
*ਸੁਤੜੀ ਸੋ ਸਹੁ ਡਿਠੁ ਤੈ ਸੁਪਨੇ ਹਉ ਖੰਨੀਐ॥* (੧੧੦੦)

ਦਰਸ਼ਨਾਂ ਦਾ ਅਨੰਦ ਪਾ ਕੇ ਹੋਰ ਦੁਨੀਆਂ ਦੀ ਤਾਂ ਮਾਨੋ ਸੁੱਧ ਬੁੱਧ ਹੀ ਭੁੱਲ ਜਾਂਦੀ ਹੈ ਇਕ ਹੀ ਯਾਦ ਵਿਚ, ਇਕ ਹੀ ਜ਼ੁਬਾਨ ਤੇ ਇਕ ਹੀ ਕੰਨਾਂ ਵਿਚ ਅਤੇ ਇਕ ਦਾ ਹੀ ਨਿਵਾਸ ਨੈਣਾਂ ਦੇ ਵਿਚ ਹੋ ਜਾਂਦਾ ਹੈ। ਰੱਬੀ ਬਾਣੀ ਵਿਚ ਇਕ ਜੀਵ ਇਸਤ੍ਰੀ ਆਪਣੀ ਸਹੇਲੀ ਕੋਲ ਜਾ ਕੇ ਆਪਣੇ ਹਿਰਦੇ ਦੇ ਭੇਦ ਨੂੰ ਖੋਲਦੀ ਹੈ ਕਿ ਅੱਜ ਰਾਤ ਮੇਰਾ ਪਿਆਰਾ ਮੇਰੇ ਸੁਪਨੇ ਵਿਚ ਆਇਆ ਸੀ। ਸੁਪਨੇ ਵਿਚ ਦੀਦਾਰ ਕਰਦਿਆਂ ਕਰਦਿਆਂ ਅਚਾਨਕ ਮੇਰੀ ਅੱਖ ਖੁੱਲ ਗਈ ਪਰ ਮੈਂ ਬਹੁਤ ਅਨੰਦ ਮਾਣਿਆ ਭਾਵੇਂ ਸੁਪਨੇ ਵਿਚ ਹੀ ਦਰਸ਼ਨ ਕੀਤੇ ਪਰ ਖੁਸ਼ੀ ਨੂੰ ਬਿਆਨ ਕਰਨਾ ਮੇਰੇ ਲਈ ਅਸ਼ੰਭਵ ਹੈ। ਸਹੇਲੀ ਸਾਰੀ ਵੀਚਾਰ ਸੁਣ ਕੇ ਆਖਦੀ ਹੈ ਕਿ ਤੂੰ ਬਹੁਤ ਵੱਡੀ ਗਲਤੀ ਕੀਤੀ ਜਦੋਂ ਪ੍ਰੀਤਮ ਪਿਆਰਾ ਸੁਪਨੇ ਵਿਚ ਤੂੰ ਦੇਖਿਆ ਸੀ ਤਾਂ ਉਸ ਦਾ ਪੱਲਾ ਕਿਉਂ ਨਾ ਫੜ ਲਿਆ? ਜੀਵ ਇਸਤਰੀ ਹੱਸ ਕੇ ਆਖਣ ਲੱਗੀ ਭਲੀਏ ਉਸ ਦੇ ਦੀਦਾਰ ਪਾ ਕੇ ਫਿਰ ਕਿਸੇ ਨੂੰ ਇਹ ਹੋਸ਼ ਰਹਿ ਸਕਦੀ ਹੈ ਕਿ ਮੈਂ ਉਸ ਦਾ ਪੱਲਾ ਪਕੜ ਲਵਾਂ? ਨਹੀਂ ਉਸ ਦੀ ਸੁੰਦਰਤਾ ਵਿਚ ਮਨ ਗੁਆਚ ਹੀ ਅਜਿਹਾ ਜਾਂਦਾ ਹੈ ਕਿ ਫਿਰ ਇਹ ਪਤਾ ਹੀ ਨਹੀਂ ਰਹਿੰਦਾ ਕਿ ਮੈਂ ਪੱਲਾ ਪਕੜ ਲਵਾਂ।

*ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ॥*
*ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ॥* (੧੩੬੨)

ਜਦੋਂ ਤੂੰ ਸੁਪਨੇ ਵਿਚ ਮਿਲੀ ਸੀ ਤਾਂ ਪੱਲਾ ਕਿਉਂ ਨਾ ਪਕੜਿਆ? ਸਹੇਲੀ ਆਖਦੀ ਹੈ ਕਿ ਭਲੀਏ ਪੱਲਾ ਪਕੜਨ ਜੋਗੀ ਸੁਰਤਿ ਹੀ ਕਿਥੇ ਰਹਿੰਦੀ ਹੈ, ਉਸ ਸੁੰਦਰਤਾ ਦੇ ਮਾਲਕ ਦਾ ਦੀਦਾਰ ਕਰਕੇ ਮਨ ਹੀ ਦੀਵਾਨਾ ਹੋ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਚਿਹਰੇ 'ਤੇ ਜਗਦੇ ਦੋ ਦੀਵਿਆਂ ਨਾਲ ਪ੍ਰਭੂ ਦੇ ਦਰਸ਼ਨ ਕਰਨ ਵਾਲਾ ਮਿੱਟੀ ਦੇ ਪੁਤਲਿਆਂ ਦੀ ਪੂਜਾ ਨਹੀਂ ਕਰਦਾ ਉਹ ਤਾਂ ਬਲਕਿ ਮਿਟੀ ਦੇ ਪੁਤਲਿਆਂ ਵਿਚ ਬੋਲਦੇ ਰਾਮ ਨੂੰ ਪਹਿਚਾਣ ਕੇ ਕੂਕ ਪੁਕਾਰ ਕਰ ਉੱਠਦਾ ਹੈ ਕਿ-

***ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥ ਰਾਮ ਬਿਨਾ ਕੋ ਬੋਲੈ ਰੇ॥***
***ਏਕਲ ਮਾਟੀ ਕੁੰਚਰ ਚੀਟੀ ਭਾਜਨ ਹੈ ਬਹੁ ਨਾਨਾ ਰੇ॥***
***ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ॥*** (੯੮੮)

ਪ੍ਰਮੇਸ਼ਰ ਵਾਹਿਗੁਰੂ ਜੀ ਦੇ ਦੀਦਾਰ ਪਾ ਲੈਣ ਵਾਲਾ ਪ੍ਰਮੇਸ਼ਰ ਨੂੰ ਆਮ ਅਖੌਤੀ ਧਰਮੀਆਂ ਵਾਗੂੰ ਕਿਸੇ ਇਕ ਖਾਸ ਦਿਸ਼ਾ ਵਿਚ ਕਿਸੇ ਖਾਸ ਮੰਦਰ ਮਸਜਦ ਵਿਚ ਜਾ ਕਿਸੇ ਖਾਸ ਪੁਰਖ ਅੰਦਰ ਹੀ ਵੱਸਦਾ ਨਹੀਂ ਸਮਝਦਾ, ਉਹ ਤਾਂ ਇਸ ਅਸਲੀਅਤ ਨੂੰ ਪਾ ਲੈਂਦਾ ਹੈ ਕਿ ਪਾਣੀ ਵਿਚ ਵੀ ਮੈਨੂੰ ਪਿਆਰੇ ਦਾ ਦੀਦਾਰ ਹੁੰਦਾ ਹੈ ਇਥੇ ਹੀ ਬਸ ਨਹੀਂ ਧਰਤੀ 'ਤੇ ਜਾਂ ਅਕਾਸ਼ਾਂ ਵਿਚ ਇਕ ਹੀ ਵਾਹਿਗੁਰੂ ਜੀ ਦਾ ਨਿਵਾਸ ਹੈ। ਉਹ ਆਮ ਹੀ ਕਈ ਤਰ੍ਹਾਂ ਨਾਲ ਆਪਣਾ ਨਿਵਾਸ ਕਰਕੇ ਕੁਦਰਤਿ ਨੂੰ ਜੀਵਨ ਬਖ਼ਸ਼ ਰਿਹਾ ਹੈ। ਅੰਮ੍ਰਿਤ ਬੋਲ ਹਨ-

***ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥***
***ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥*** (੨੯੬)

ਜਦੋਂ ਦਾ ਦਰਸ਼ਨ ਕਰ ਲਿਆ ਉਦੋਂ ਦਾ ਸੰਕਾ ਹੀ ਮੁਕ ਗਿਆ। ਸੰਕਾ ਹੈ ਹੀ ਉਤਨਾ ਸਮਾਂ ਸੀ ਜਦੋਂ ਤੱਕ ਦੀਦਾਰ ਨਹੀਂ ਸਨ ਪਾਏ।

***ਠਾਕੁਰ ਤੁਮ੍ ਸਰਣਾਈ ਆਇਆ॥***
***ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ॥***
***ਅਨਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ॥***
***ਦੁਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ॥***
***ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ॥***
***ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ॥*** (੧੨੧੮)

ਮੇਰੇ ਦੋਵੇਂ ਨੇਤਰ ਇਕ ਹਰੀ ਤੋਂ ਬਿਨਾਂ ਦੂਜੇ ਕਿਸੇ ਹੋਰ ਦਾ ਸੁਨੇਹਾ ਹੀ ਨਹੀਂ ਦਿੰਦੇ, ਬਸ ਹਰ ਪਾਸੇ ਇਕ ਦਾ ਹੀ ਰੂਪ ਤੱਕ ਤੱਕ ਕੇ ਆਤਮਿਕ ਅਨੰਦ ਦਾ ਸੁਨੇਹਾ ਦਿੰਦੇ ਹਨ।

***ਦੁਇ ਦੁਇ ਲੋਚਨ ਪੇਖਾ॥ ਹਉ ਹਰਿ ਬਿਨੁ ਅਉਰੁ ਨ ਦੇਖਾ॥***
***ਨੈਨ ਰਹੇ ਰੰਗੁ ਲਾਈ॥ ਅਬ ਬੇ ਗਲ ਕਹਨੁ ਨ ਜਾਈ॥*** (੬੫੫)
***ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ॥***
***ਆਨ ਨ ਸਮਸਰਿ ਕੋਊ ਲਾਗੈ ਢੂਢਿ ਰਹੇ ਹਮ ਮੂਚਾ॥*** (੫੩੪)

ਗੁਰੂ ਰਾਮਦਾਸ ਮਹਾਰਾਜ ਜੀ ਨੇ ਕਿਰਪਾ ਕਰਕੇ ਸਮਝਾਇਆ ਹੈ ਕਿ ਜਿਸ ਸੁਭਾਗੇ ਦੇ ਨੇਤਰਾਂ ਨੇ ਬਾਹਰ ਤੇ ਸੁਰਤਿ ਦੇ ਨੇਤਰਾਂ ਨੇ ਅੰਦਰ ਦੀਦਾਰ ਕਰ ਲਏ ਉਸ ਲਈ ਤਾਂ ਜਾਂ ਫਿਰ

ਉਸ ਦੀ ਅਧਿਆਤਮਿਕ ਅਵਸਥਾ ਲਈ ਤਾਂ ਸਿਰਫ ਨਿਹਾਲ ਨਿਹਾਲ ਹੀ ਕਹਿ ਸਕਦੇ ਹਾਂ-

***ਦਰਸਨੁ ਦੇਖਿ ਨਿਹਾਲ ਨਾਨਕ ਪ੍ਰੀਤਿ ਏਹ॥*** (੯੬੧)

ਜਿਨ੍ਹਾਂ ਅੰਦਰ ਪਿਆਸ ਹੁੰਦੀ ਹੈ ਉਨ੍ਹਾਂ ਅੰਦਰੋਂ ਹੀ ਅਰਦਾਸ ਹੁੰਦੀ ਹੈ। ਜਿਨ੍ਹਾਂ ਅੰਦਰ ਅਰਦਾਸ ਹੁੰਦੀ ਹੈ ਉਨ੍ਹਾਂ ਨੂੰ ਹੀ ਆਸ ਹੁੰਦੀ ਹੈ, ਫਿਰ ਜਿਨ੍ਹਾਂ ਅੰਦਰ ਆਸ ਹੁੰਦੀ ਹੈ ਉਨ੍ਹਾਂ ਦੀ ਮੰਜ਼ਿਲ ਵੀ ਪਾਸ ਹੁੰਦੀ ਹੈ ਭਾਵ, ਪਿਆਰੇ ਪ੍ਰਭੂ ਦਾ ਦਰਸ਼ਨ ਕਰਕੇ ਆਤਮਿਕ ਅਨੰਦ ਦੇ ਧਨੀ ਹੋ ਜਾਂਦੇ ਹਨ ਕਿਉਂਕਿ ਜਿਨ੍ਹਾਂ ਨੇ ਆਪਣੇ ਆਪ ਨੂੰ ਪਿਆਰੇ ਦੀ ਪ੍ਰੀਤ ਰੰਗ ਵਿਚ ਰੰਗ ਲਿਆ ਉਨ੍ਹਾਂ ਦਾ ਤਾਂ ਪਿਆਰਾ ਸਦਾ ਨਾਲ ਹੀ ਵਸਦਾ ਹੈ, ਅਜਿਹੇ ਰੰਗ ਰੱਤਿਆਂ ਦੀ ਹੀ ਚਰਨ ਧੂੜੀ ਲਈ ਫਿਰ ਅਰਦਾਸਾਂ ਹੁੰਦੀਆਂ ਹਨ ਕਿ-

***ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ॥***
***ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ॥*** (੭੨੨)

ਪ੍ਰਭੂ ਦੇ ਦੀਦਾਰ ਕਰਕੇ ਇਸ ਆਤਮਿਕ ਰੂਹ ਦੇ ਖੇੜੇ ਦੀ ਅਵਸਥਾ ਨੂੰ ਅੱਖਰਾਂ ਵਿਚ ਨਹੀਂ ਦਰਸਾਇਆ ਜਾ ਸਕਦਾ ਇਹ ਤਾਂ ਇਸ ਤਰ੍ਹਾਂ ਹੈ, ਜਿਵੇਂ ਕਰੜੇ ਲੋਹੇ ਨੂੰ ਕੋਈ ਚਬਾ ਕੇ ਸੰਸਾਰ ਸਾਹਮਣੇ ਪ੍ਰਗਟ ਕਰ ਸਕਦਾ ਹੋਵੇ ਭਾਵ ਜਿਵੇਂ ਲੋਹੇ ਨੂੰ ਚਬਾਇਆ ਨਹੀਂ ਜਾ ਸਕਦਾ। ਇਸ ਤਰ੍ਹਾਂ ਹੀ ਇਸ ਅਵਸਥਾ ਦਾ ਇਜ਼ਹਾਰ ਵੀ ਨਹੀਂ ਕੀਤਾ ਜਾ ਸਕਦਾ। ਜਿਵੇਂ—

***ਵੇਖੈ ਵਿਗਸੈ ਕਰਿ ਵੀਚਾਰੁ॥ਨਾਨਕ ਕਥਨਾ ਕਰੜਾ ਸਾਰੁ॥*** (੮)

ਇਥੇ ਦੋ ਅਵਸਥਾਵਾਂ ਨੂੰ ਵੀਚਾਰਨਾ ਜ਼ਰੂਰੀ ਹੋਵੇਗਾ ਪਹਿਲੀ ਅਵਸਥਾ ਜਿਥੇ ਸਿਰਫ ਜਾਣਦਾ ਹੈ। ਸ਼ਬਦ ਹਨ ਵੀਚਾਰ ਹੈ ਕਥਨ ਕਰਨਾ ਵੀ ਸੌਖਾ ਹੈ ਪਰ ਦੂਸਰੀ ਅਵਸਥਾ ਵਿਚ ਮਾਣਦਾ ਹੈ। ਅਨੰਦ ਲੈਂਦਾ ਹੈ ਪਰ ਦੱਸਣ ਜੋਗੀ ਅਵਸਥਾ ਨਹੀਂ ਹੁੰਦੀ। ਕਿਸੇ ਜ਼ੁਬਾਨੋਂ ਸੱਖਣੇ ਪੁਰਸ਼ ਨੂੰ ਕੁਝ ਮਿੱਠਾ ਖਾਣ ਲਈ ਦਿੱਤਾ ਜਾਵੇ ਤਾਂ ਉਹ ਉਸ ਮਿੱਠੇ ਪਦਾਰਥ ਦਾ ਅਨੰਦ ਤਾਂ ਮਾਣਦਾ ਹੈ ਪਰ ਕੋਈ ਪੁੱਛੇ ਤਾਂ ਇਜ਼ਹਾਰ ਕਰਨ ਯੋਗ ਉਸ ਕੋਲ ਜ਼ੁਬਾਨ ਜਾਂ ਫਿਰ ਜ਼ੁਬਾਨ ਕੋਲ ਸ਼ਬਦ ਨਹੀਂ ਹੁੰਦੇ। ਬਸ ਉਸ ਦੀ ਅਵਸਥਾ ਤੋਂ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ।

***ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ॥*** (੬੦੭)

ਜਾਂ ਫਿਰ—

***ਜਿਨਿ ਰਾਮੁ ਜਾਨਿਆ ਤਿਨਹਿ ਪਛਾਨਿਆ॥***
***ਜਿਉ ਗੂੰਗੇ ਸਾਕਰ ਮਨੁ ਮਾਨਿਆ॥*** (੩੨੭)

ਪ੍ਰਮੇਸ਼ਰ ਦੇ ਦੀਦਾਰ ਕਰਨ ਵਾਲੇ ਨੂੰ ਸੰਸਾਰ ਤਾਂ ਸਿਰਫ ਤਿੰਨ ਅਵਸਥਾ ਵਿਚ ਦੇਖਦਾ ਹੈ ਕਿ ਕਦੇ ਕਦਾਈਂ ਆਪ ਹੀ ਰੋਣ ਲੱਗ ਪੈਂਦਾ ਹੈ, ਕਦੇ ਕਦਾਈਂ ਆਪ ਹੀ ਹੱਸ ਪੈਂਦਾ ਹੈ ਪਰ ਕਦੇ ਕਦਾਈਂ ਲੰਮਾਂ ਸਮਾਂ ਚੁੱਪ ਦੀ ਹਾਲਤ ਵਿਚ ਗੁਜ਼ਾਰ ਦਿੰਦਾ ਹੈ। ਸੰਸਾਰ ਨੂੰ ਇਹ ਨਹੀਂ ਪਤਾ ਹੁੰਦਾ ਕਿ ਇਸ ਦਾ ਕੀ ਕਾਰਨ ਹੈ ਪਰ ਜਿਸ ਦੀ ਅੱਖ ਨੇ ਪ੍ਰਮੇਸ਼ਰ ਦੇ ਦਰਸ਼ਨ

Sri Satguru Jagjit Singh Ji eLibrary NamdhariElibrary@gmail.com

ਕਰ ਲਏ ਉਹ ਤਾਂ ਫਿਰ "***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥*** (੪੭੩)

ਅਜਿਹਾ ਰੱਬੀ ਮਸਤਾਨਾ ਸੱਚੀ ਮਸਤੀ ਵਿਚ ਦੀਵਾਨਾ ਹੋਇਆ ਪ੍ਰਭੂ ਦੀਦਾਰਾਂ ਦਾ ਅੰਮ੍ਰਿਤ ਪੀਂਦਾ ਰਹਿੰਦਾ ਹੈ।

# ਸਹਿਜ ਅਵਸਥਾ

ਅੰਦਰਲਾ ਜਦੋਂ ਕੁਝ ਪ੍ਰਾਪਤ ਕਰ ਲੈਂਦਾ ਹੈ ਫਿਰ ਜੀਵਨ ਵਿਚ ਸਹਿਜ ਪੈਦਾ ਹੋ ਜਾਂਦਾ ਹੈ। ਖਾਲੀ ਭਾਂਡਾ ਬੋਲਦਾ ਵੀ ਹੈ ਤੇ ਡੋਲਦਾ ਵੀ ਹੈ। ਜਦੋਂ ਬਰਤਨ ਭਰ ਜਾਂਦਾ ਹੈ ਫਿਰ ਦੋਨਾਂ ਗੱਲਾਂ ਤੋਂ ਮੁਕਤ ਹੋ ਜਾਂਦਾ ਹੈ ਫਿਰ ਡੋਲਦਾ ਵੀ ਨਹੀਂ, ਫਿਰ ਬੋਲਦਾ ਵੀ ਨਹੀਂ

***ਕਹੁ ਕਬੀਰ ਛੂਛਾ ਘਟੁ ਬੋਲੈ॥ ਭਰਿਆ ਹੋਇ ਸੁ ਕਬਹੁ ਨ ਡੋਲੈ॥*** (੮੭੦)

ਵਡਭਾਗੀ ਪੁਰਖ ਜਦੋਂ ਪ੍ਰਮੇਸ਼ਰ ਦੇ ਦਰਸ਼ਨਾਂ ਨਾਲ ਤ੍ਰਿਪਤ ਹੋ ਜਾਂਦਾ ਹੈ ਤਾਂ ਅੰਤਰ ਆਤਮੇ ਟਿਕਾਅ ਆ ਜਾਂਦਾ ਹੈ। ਸਹਿਜ ਸ਼ਾਂਤੀ ਨਾਲ ਮਾਨੋ ਹਿਰਦਾ ਭਰ ਜਾਦਾ ਹੈ। ਸਹਿਜ ਨੂੰ ਦੂਜੇ ਅੱਖਰਾਂ ਵਿਚ ਤ੍ਰਿਪਤੀ ਵੀ ਕਹਿ ਸਕਦੇ ਹਾਂ ਪਰ ਇਹ ਤ੍ਰਿਪਤੀ ਉਹ ਹੈ ਜਿਸ ਵਿਚ ਆਪਣੇ ਪਿਆਰੇ ਦਾ ਰਸ ਤਾਂ ਬਣਿਆ ਰਹਿੰਦਾ ਹੈ ਪਰ ਬਾਕੀ ਸਭ ਕੁਝ ਸ਼ਾਤ ਟਿਕਾਅ ਨਾਲ ਭਰਿਆ ਭਰਿਆ ਮਹਿਸੂਸ ਹੁੰਦਾ ਹੈ। ਮਨ ਦੀ ਭਟਕਣਾ ਦਾ ਪ੍ਰਮੁੱਖ ਕਾਰਣ ਭਰਮ ਹੀ ਹੁੰਦਾ ਹੈ। ਜਦੋਂ ਗੁਰਦੇਵ ਦੀ ਮਿਹਰ ਨਾਲ ਭਰਮ ਤੇ ਵਿਸ਼ਵਾਸ ਤੋਂ ਪਾਰ ਹੋ ਕੇ ਹਕੀਕਤ ਵਿਚ ਵਰਤਦਾ ਹੈ ਤਾਂ ਭਰਮ ਪਿੱਛੇ ਮਨ ਕਿਵੇਂ ਡੋਲ ਸਕਦਾ ਹੈ? ਹੁਣ ਤਾਂ ਸਗੋਂ ਬਹੁਤ ਭਟਕਣ ਮਗਰੋਂ ਬਿਸਰਾਮ ਦਾ ਅਨੰਦ ਮਾਣਦਾ ਹੈ। ਜੀਵਨ ਅੰਦਰ ਸਹਿਜ ਪੈਦਾ ਹੋ ਜਾਂਦਾ ਹੈ॥

***ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ॥***
***ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ॥*** (੪੦੦)

ਅਜਿਹੀ ਸਹਿਜ ਦੀ ਅਵਸਥਾ ਦੇ ਧਾਰਨੀ ਨੂੰ ਤਾਂ ਭਾਵੇਂ ਸੰਸਾਰੀ ਲੋਕ ਜਿਨਾਂ ਮਰਜ਼ੀ ਡੁਲਾਉਣ ਦੀ ਕੋਸ਼ਿਸ਼ ਕਰਨ ਸਾਰੀ ਬੇਕਾਰ ਹੋ ਜਾਂਦੀ ਹੈ ਕਿਉਂਕਿ ਮਨੁੱਖ ਦਾ ਤਨ ਨਹੀਂ ਡੋਲਦਾ ਜਿਤਨਾ ਮਨ ਡੋਲਦਾ ਹੈ। ਮਨ ਦੀ ਅਡੋਲਤਾ ਤਾਂ ਸਗੋਂ ਤਨ ਨੂੰ ਵੀ ਅਡੋਲਤਾ ਬਖ਼ਸ਼ ਦਿੰਦੀ ਹੈ ਜਿਸ ਦਾ ਮਨ ਸਦਾ ਹੀ ਚਰਨ ਕਮਲਾਂ ਵਿਚ ਟਿਕਿਆ ਰਹਿੰਦਾ ਹੈ। ਉਹ ਇਸ ਅਵਸਥਾ ਦਾ ਅਨੰਦ ਮਾਣਦਾ ਹੈ।

***ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥***
***ਚਰਨ ਕਮਲ ਚਿਤੁ ਰਹਿਓ ਸਮਾਇ॥*** (੧੧੬੨)

ਜਿਉਂ ਜਿਉਂ ਜੀਵ ਪ੍ਰਭੂ ਇਬਾਦਤ ਦੀਆਂ ਪਉੜੀਆਂ ਚੜ੍ਹਦਾ ਜਾਂਦਾ ਹੈ ਤਿਉਂ ਤਿਉਂ ਜੀਵ ਅੰਦਰ ਵੀ ਪ੍ਰਮੇਸ਼ਰ ਵਰਗੇ ਪਵਿੱਤਰ ਗੁਣਾਂ ਦਾ ਵਾਸਾ ਹੋ ਜਾਂਦਾ ਹੈ। ਅੰਮ੍ਰਿਤ ਬਚਨ ਵੀ

Sri Satguru Jagjit Singh Ji eLibrary NamdhariElibrary@gmail.com

ਹਨ— ***"ਜੈਸੋ ਸੇਵੈ ਤੈਸੋ ਹੋਇ॥"*** ਪ੍ਰਮੇਸ਼ਰ ਦਾ ਵੀ ਪ੍ਰਮੁੱਖ ਗੁਣ ਹੈ ਕਿ ਉਸ ਦਾ ਕਦੇ ਸਹਿਜ ਨਹੀਂ ਗੁਆਚਦਾ ਕਿਉਂਕਿ ਜੇਕਰ ਰੱਬ ਵਿਚੋਂ ਹੀ ਸਹਿਜ ਗੁਆਚ ਜਾਵੇ ਤਾਂ ਪਾਪੀ ਸੰਸਾਰੀਆਂ ਦਾ ਤਾਂ ਕੋਈ ਟਿਕਾਣਾ ਹੀ ਨਹੀਂ ਰਹੇਗਾ? ਪ੍ਰਮੇਸ਼ਰ ਅੰਦਰ ਸਹਿਜ ਹੋਣ ਕਰਕੇ ਹੀ ਕਰੋੜਾਂ ਜੀਵ ਉਸ ਦੇ ਬਖ਼ਸ਼ੇ ਹੋਏ ਸੁਆਸ ਜ਼ਿੰਦ ਜਾਨ, ਖਾਣ, ਪਹਿਨਣ ਭਾਵ ਸਭ ਕੁਝ ਪਾ ਕੇ ਵੀ ਉਸ ਪ੍ਰਭੂ ਦੀ ਹੀ ਇਬਾਦਤ ਤੋਂ ਬਾਗੀ ਹੋ ਜਾਂਦੇ ਹਨ। ਇਹ ਪ੍ਰਮੇਸ਼ਰ ਦੇ ਸਹਿਜ ਦੀ ਹੀ ਪ੍ਰਤੱਖ ਮਿਸਾਲ ਹੈ ਕਿ ਸਾਨੂੰ ਜੀਵਾਂ ਨੂੰ ਨਿਤਾਪ੍ਰਤੀ ਮਾੜੇ ਕਰਮ ਕਰਦਿਆਂ ਨੂੰ ਦੇਖਦਾ ਵੀ ਹੈ ਪਰ ਕਦੇ ਕਿਸੇ ਦਾ ਕੋਈ ਔਗੁਣ ਚਿਤਾਰਕੇ ਉਸ ਦੀ ਪ੍ਰਤਿਪਾਲਨਾ ਵਿਚ ਕੋਈ ਘਾਟ ਨਹੀਂ ਆਉਣ ਦਿੰਦਾ।

ਅਸੀਂ ਭੁਲੜੇ ਜੀਵ ਉਸ ਪ੍ਰਮੇਸ਼ਰ ਦਾ ਇਕ ਗੁਣ ਵੀ ਨਹੀਂ ਜਾਣਦੇ। ਮਹਾਵਾਕ ਹੈ-

***ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ॥***
***ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ॥*** (੬੧੨)
***ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ॥***
*(ਦਸਮ ਗ੍ਰੰਥ ਤ੍ਵਪ੍ਰਸਾਦਿ ਸੱਵਯੇ)*

ਰੱਬੀ ਪਿਆਰ ਵਾਲਾ ਸੁਭਾਗਾ ਜਦੋਂ ਦਿਨ ਰਾਤ ਦੀ ਮਿਹਨਤ ਤੇ ਗੁਰੂ ਮਹਾਰਾਜ ਦੀ ਅਥਾਹ ਕ੍ਰਿਪਾ ਦਾ ਸਦਕਾ ਨਾਮ ਧਨ ਦੇ ਖਜ਼ਾਨੇ ਦਾ ਧਾਰਨੀ ਹੋ ਜਾਂਦਾ ਹੈ ਤਾਂ ਉਸ ਦਾ ਮਨ ਕਿਧਰੇ ਬਾਹਰ ਜਾਂਦਾ ਹੀ ਨਹੀਂ ਅੰਦਰ ਹੀ ਟਿਕਾਅ ਵਿਚ ਆ ਜਾਂਦਾ ਹੈ। ਅਧਿਆਤਮਿਕ ਰਸ ਨਾਲ ਮਸਤ ਮਸਤਾਨਾ ਹੋਇਆ ਪ੍ਰਭੂ ਦੇ ਗੁਣ ਗਾਉਂਦਾ ਰਹਿੰਦਾ ਹੈ। ਸਹਜ ਅਨੰਦ ਵਿਚ ਬਿਸਰਾਮ ਕਰਦਾ ਹੈ।

***ਮਾਈ ਮੈ ਧਨੁ ਪਾਇਓ ਹਰਿ ਨਾਮੁ॥***
***ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥*** (੧੧੮੬)

ਗੁਰਮੁਖ ਦੇ ਜੀਵਨ ਵਿਚ ਸਹਜ ਬਣਿਆ ਰਹਿੰਦਾ ਹੈ। ਮਨ ਹੀ ਭਟਕਣਾ ਦਾ ਕਾਰਣ ਹੁੰਦਾ ਹੈ। ਸਰੀਰ ਵੀ ਭਟਕਦਾ ਨਹੀਂ ਅਤੇ ਮਨ ਵੀ ਦਸ ਦਿਸ਼ਾਵਾਂ ਵਿਚ ਨਹੀਂ ਵਿਚਰਦਾ ਗੁਰਮੁਖ ਦਾ ਮਨ ਨਉ ਦੁਆਰਿਆਂ ਤੋਂ ਉਚਾ ਉਠ ਜਾਂਦਾ ਹੈ। ਮਨ ਬਾਹਰ ਵੱਲ ਇਨ੍ਹਾਂ ਹੀ ਨੌਂ ਦੁਆਰਿਆਂ ਰਾਹੀਂ ਜਾਂਦਾ ਸੀ। ਗੁਰੂ ਪਾਤਿਸ਼ਾਹ ਜੀ ਨੇ ਰਹਿਮਤ ਕਰਕੇ ਉਹ ਰਸਤਾ ਹੀ ਦਿਖਾ ਦਿੱਤਾ ਜਿਥੋਂ ਮਨ ਦੀ ਭਟਕਣਾ ਦਾ ਕਾਰਣ ਬਣਦਾ ਸੀ

***ਗੁਰਿ ਦਿਖਲਾਈ ਮੋਰੀ॥ ਜਿਤੁ ਮਿਰਗ ਪੜਤ ਹੈ ਚੋਰੀ॥***
***ਮੂੰਦਿ ਲੀਏ ਦਰਵਾਜੇ॥ ਬਾਜੀਅਲੇ ਅਨਹਦ ਬਾਜੇ॥*** (੬੫੬)

ਬਾਹਰ ਜਾਂਦਾ ਮਨ ਜਦੋਂ ਇਨ੍ਹਾਂ ਨਉ ਦੁਆਰਿਆਂ ਦੇ ਬੰਦ ਹੋਣ ਕਰਕੇ ਅੰਦਰ ਟਿਕਿਆ ਤਾਂ ਗੁਰੂ ਸਾਹਿਬ ਜੀ ਦੀ ਇਹ ਵੀ ਬਖ਼ਸ਼ਿਸ਼ ਹੋਈ ਕਿ ਦਸਮ ਦੁਆਰ ਦਾ ਬੋਧ ਹੋ ਗਿਆ।

Sri Satguru Jagjit Singh Ji eLibrary NamdhariElibrary@gmail.com

ਜਿਥੇ ਮਨ ਨਿਵਾਸ ਕਰ ਬੈਠਾ।

***ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ॥***

*(ਅਨੰਦੁ ਸਾਹਿਬ)*

ਦਸਮ ਦੁਆਰ ਅੰਦਰ ਤਾਂ ਸਹਜ ਹੀ ਸਹਜ ਵਰਤਦਾ ਹੈ। ਇਥੇ ਗੁਰਮੁਖ ਦਾ ਅੰਦਰ ਸਦਾ ਸ਼ਾਂਤ ਰਹਿੰਦਾ ਹੈ। ਮਨ ਜਿਨ੍ਹਾਂ ਕਾਰਣਾਂ ਕਰਕੇ ਬੰਦਗੀ ਦੇ ਰਾਹ ਨਹੀਂ ਪੈਂਦਾ ਸੀ ਉਹ ਦੋਵੇਂ ਕਾਰਨ ਹੀ ਇਥੇ ਖਤਮ ਹੋ ਜਾਂਦੇ ਹਨ। ਪਹਿਲਾ ਕਾਰਣ ਸੀ ਕਿ ਨੀਂਦਰ ਮਨ ਨੂੰ ਆਪਣੀ ਗੋਦ ਵਿਚ ਲੈ ਕੇ ਬੰਦਗੀ ਦੇ ਰਾਹ ਵਿਚ ਸਦਾ ਰੁਕਾਵਟ ਬਣੀ ਰਹਿੰਦੀ ਸੀ, ਦੂਜਾ ਮਨ ਦੀ ਭੁੱਖ ਵੀ ਖਤਮ ਹੋ ਗਈ। ਹਰੇਕ ਜੀਵ ਮਨ ਦੀ ਭੁੱਖ ਕਰਕੇ ਹੀ ਜ਼ਿਆਦਾ ਦੁੱਖੀ ਹੁੰਦਾ ਹੈ। ਤਨ ਦੀ ਤਾਂ ਭੁੱਖ ਹੀ ਬਹੁਤ ਥੋੜ੍ਹੀ ਹੈ, ਜ਼ਿਆਦਾ ਭੁੱਖ ਤਾਂ ਮਨ ਦੀ ਹੀ ਹੈ। ਮਨ ਦੀ ਭੁੱਖ ਮਿਟ ਗਈ ਕਿਉਂਕਿ ਇਥੇ ਤਾਂ ਦਿਨ ਰਾਤ ਝਿਮਝਿਮੇ ਅੰਮ੍ਰਿਤ ਦੀ ਵਰਖਾ ਹੁੰਦੀ ਰਹਿੰਦੀ ਹੈ। ਮਨ ਦਾ ਨਿਵਾਸ ਹੀ ਸਰਬ ਸਰੇਸ਼ਟ ਸੁਖ ਨਾਮ ਵਿਚ ਟਿਕ ਗਿਆ। ਇਸ ਕਰਕੇ ਦੁੱਖ ਜਾਂ ਸੁਖ ਦੀ ਕੈਦ ਤੋਂ ਵੀ ਮੁਕਤੀ ਪਾ ਲਈ। ਆਤਮਾ ਦਾ ਪ੍ਰਕਾਸ਼ ਦੇਖ ਕੇ ਭਾਵ ਅੰਦਰ ਵੱਸਦਾ ਰੱਬ ਦੇਖ ਕੇ ਅਧਿਆਤਮਕ ਅਨੰਦ ਮਾਣਦਾ ਰਹਿੰਦਾ ਹੈ। ਪਵਿੱਤਰ ਗੁਰਵਾਕ ਹੈ

***ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥***
***ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥***
***ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥*** (੧੪੧੪)

ਜ਼ਿੰਦਗੀ ਦੇ ਖੇਤਰ ਵਿਚ ਜਿਧਰ ਵੀ ਨਜ਼ਰ ਮਾਰ ਕੇ ਦੇਖੀਏ ਤਾਂ ਸਹਜ ਦਾ ਹੋਣਾ ਲਾਜ਼ਮੀ ਹੈ। ਹਵਾ ਸਹਿਜ ਨਾਲ ਚਲਦੀ ਹੈ ਤਾਂ ਜੀਵਨ ਦਿੰਦੀ ਹੈ ਭਾਵ ਸੁਖ ਮਿਲਦਾ ਹੈ। ਜੇ ਕਿਧਰੇ ਹਵਾ ਹੀ ਹਨੇਰੀ ਬਣ ਕੇ ਵਗਦੀ ਹੈ ਤਾਂ ਇਹੋ ਹਵਾ ਸੁਖ ਦੇਣ ਵਾਲੀ ਦੁੱਖ ਦੀਆਂ ਪੰਡਾਂ ਖੋਲ ਦਿੰਦੀ ਹੈ। ਇਸ ਤਰ੍ਹਾਂ ਹੀ ਪਾਣੀ ਸਹਿਜ ਵਿਚ ਵਗਦਾ ਤਾਂ ਸੁਖਦਾਇਕ ਹੈ ਪਰ ਪਾਣੀ ਦਾ ਸਹਿਜ ਖਤਮ ਹੋ ਜਾਵੇ ਭਾਵ ਹੜ ਬਣ ਜਾਵੇ ਤਾਂ ਇਹੋ ਪਾਣੀ ਤਬਾਹੀ ਦਾ ਕਾਰਣ ਬਣ ਖਲੋਂਦਾ ਹੈ। ਆਪਣੇ ਘਰਾਂ ਵਿਚ ਦੇਖਦੇ ਹਾਂ ਅੱਗ ਮਨੁੱਖ ਦੀ ਚਾਕਰੀ ਕਰਦੀ ਹੈ, ਨਿਤਾਪ੍ਰਤੀ ਸੇਕ ਦਿੰਦੀ ਹੈ ਖਾਣੇ ਪਕਾਉਂਦੀ ਹੈ ਪਰ ਇਹੋ ਅੱਗ ਸਹਿਜ ਦਾ ਮਾਰਗ ਛੱਡ ਦੇਵੇ ਤਾਂ ਸਭ ਕੁਝ ਸਾੜ ਕੇ ਸੁਆਹ ਵੀ ਕਰ ਦਿੰਦੀ ਹੈ। ਇਸ ਤਰ੍ਹਾਂ ਹੀ ਜੇ ਜੀਵਨ ਅੰਦਰ ਸਹਿਜ ਹੈ ਤਾਂ ਮਨੁੱਖਤਾ ਲਈ ਸਹਾਇਕ ਹੁੰਦਾ ਹੈ ਪਰ ਜੇਕਰ ਸਹਿਜ ਨਾ ਹੋਵੇ ਤਾਂ ਇਹੋ ਮਨੁੱਖ ਦੇਵਤਾ ਬਣਨ ਦੀ ਥਾਂ ਦੈਂਤ ਬਣ ਖਲੋਂਦਾ ਹੈ। ਪ੍ਰੀਤਮ ਦੇ ਦੀਦਾਰ ਪਾ ਕੇ ਸਹਿਜ ਪੈਦਾ ਹੋ ਜਾਂਦਾ ਹੈ। ਜਿਸ ਹਿਰਦੇ ਵਿਚ ਸਹਿਜ ਹੋਵੇਗਾ ਉਹੋ ਹੀ ਸੰਸਾਰ ਦਾ ਭਲਾ ਕਰ ਸਕਦਾ ਹੈ। ਪਾਤਿਸ਼ਾਹ ਜੀ ਨੇ ਇਸ ਲਈ ਹੀ ਤਾਂ ਸੁਨਿਆਰੇ ਦੀ ਉਦਾਹਰਣ ਬਖਸ਼ ਕੇ ਬੰਦਗੀ ਕਰਨ ਦਾ ਢੰਗ ਸਿਖਾਇਆ ਹੈ। ਸੁਨਿਆਰੇ ਦੀ ਕਲਾ ਸਹਿਜ ਦੀ ਕਲਾ ਹੁੰਦੀ ਹੈ। ਅਸਲ ਵਿਚ ਕਲਾ ਕੋਈ ਵੀ ਹੋਵੇ ਉਹ ਪ੍ਰਗਟ ਹੀ ਸਹਿਜ ਵਿਚ ਹੁੰਦੀ ਹੈ। ਪਾਵਨ ਬਚਨ ਹਨ-

***ਮਨੁ ਰਾਮ ਨਾਮਾ ਬੇਧੀਅਲੇ॥ ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ॥*** (੯੭੨)

ਇਸ ਕਰਕੇ ਹੀ ਕਿਸੇ ਚਿਤਰਕਾਰ, ਮੂਰਤੀਕਾਰ ਜਾਂ ਕਿਸੇ ਨੂੰ ਵੀ ਅੰਦਰੋਂ ਕਲਾ ਪ੍ਰਗਟ ਕਰਦੇ ਦੇਖਦੇ ਹਾਂ ਤਾਂ ਨਾਲ ਸਹਿਜ ਦਾ ਸ਼ਿੰਗਾਰ ਵੀ ਨਜ਼ਰ ਆ ਜਾਂਦਾ ਹੈ। ਗੁਰੂ ਪਾਤਿਸ਼ਾਹ ਜੀ ਤਾਂ ਰੱਬੀ ਗੁਣ ਗਾਉਣ ਲਈ ਵੀ ਸਹਿਜ ਦਾ ਹੁਕਮ ਕਰਦੇ ਹਨ। ਸਹਿਜ ਤੋਂ ਬਿਨਾਂ ਤੱਤ ਪ੍ਰਾਪਤ ਤਾਂ ਕੀ ਹੋਣਾ ਸੀ ਸਗੋਂ ਸਦਾ ਲਈ ਗੁਆਚ ਜਾਂਦਾ ਹੈ।

***ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥ ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥*** (੪੭੮)

ਪਹਿਲਾਂ ਪਹਿਲ ਗੁਰੂ ਜੀ ਵਲੋਂ ਬਖਸ਼ੇ ਵਿਸ਼ਵਾਸ ਨਾਲ ਹਰੀ ਦੀ ਬੰਦਗੀ ਕਰਦਾ ਸੀ ਪਰ ਜਦੋਂ ਦੇ ਦਰਸ਼ਨ ਪ੍ਰਾਪਤ ਹੋ ਗਏ ਹਨ, ਉਸ ਤੋਂ ਮਗਰੋਂ ਤਾਂ ਬੰਦਗੀ ਕਰਨ ਦਾ ਢੰਗ ਤਰੀਕਾ ਹੀ ਬਦਲ ਗਿਆ। ਹੁਣ ਤਾਂ ਹਰ ਪਾਸੇ ਹਰੀ ਨੂੰ ਵੱਸਦਾ ਵੇਖ ਵੇਖਕੇ ਸਿਮਰਦਾ ਰਹਿੰਦਾ ਹੈ। ਹਰੀ ਦੇ ਜਨ ਦਾ ਧੀਰਜ ਹੀ ਭਾਵ ਸਹਿਜ ਹੀ ਤਾਂ ਬਣਦਾ ਹੈ ਜਦੋਂ ਅੱਖੀਂ ਵੇਖ ਵੇਖ ਸਿਮਰਦਾ ਹੈ।

***ਜਬ ਦੇਖਾ ਤਬ ਗਾਵਾ॥ ਤਉ ਜਨ ਧੀਰਜੁ ਪਾਵਾ॥*** (੬੫੬)

ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਮਹਾਰਾਜ ਨੇ ਸੁਮੇਰ ਪਰਬਤ ਤੇ ਸਿਧਾਂ ਨਾਲ ਜਦੋਂ ਵੀਚਾਰ ਕੀਤੀ ਸੀ ਤਾਂ ਉਨ੍ਹਾਂ ਨੇ ਆਖਿਆ ਸੀ ਕਿ ਅਸੀਂ ਤਾਂ ਥੋੜ੍ਹੀ ਜਿਹੀ ਭੰਗ ਜਾਂ ਸ਼ਰਾਬ ਪੀ ਲੈਂਦੇ ਹਾਂ ਜਿਸ ਦੀ ਮਸਤੀ ਵਿਚ ਸਾਡਾ ਧਿਆਨ ਪ੍ਰਮੇਸ਼ਰ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ। ਅਸੀਂ ਸਹਿਜ ਦੀ ਅਵਸਥਾ ਵਿਚ ਪਹੁੰਚ ਕੇ ਆਤਮਿਕ ਅਨੰਦ ਮਾਣਦੇ ਰਹਿੰਦੇ ਹਾਂ। ਇਸ ਅਨੰਦ ਦੀ ਵੀਚਾਰ ਦੱਸੀ ਨਹੀਂ ਜਾ ਸਕਦੀ। ਸਾਹਿਬ ਜੀ ਨੇ ਹੱਸ ਕੇ ਬਹੁਤ ਹੀ ਸੁੰਦਰ ਜੁਵਾਬ ਦਿੱਤਾ ਸੀ ਕਿ ਫਿਰ ਤੁਹਾਨੂੰ ਸਹਿਜ ਦੀ ਅਵਸਥਾ ਦਾ ਪਤਾ ਹੀ ਨਹੀਂ। ਜੇਕਰ ਸੱਚਮੁਚ ਹੀ ਸਹਿਜ ਦੀ ਅਵਸਥਾ ਦੇ ਧਾਰਨੀ ਹੋਣਾ ਚਾਹੁੰਦੇ ਹੋ ਤਾਂ ਇਸ ਸ਼ਰਾਬਾਂ ਜਾਂ ਭੰਗ ਦੇ ਨਸ਼ਿਆਂ ਨਾਲ ਨਹੀਂ ਮਿਲਦੀ ਉਹ ਤਾਂ ਸਗੋਂ ਬੰਦਗੀ ਕਰਦਿਆਂ ਕਰਦਿਆਂ ਪ੍ਰਮੇਸ਼ਰ ਦੇ ਦੀਦਾਰਾਂ ਵਿਚ ਜੁੜ ਕੇ ਜੀਵਨ ਦੇ ਇਕ ਰਸ ਟਿਕਾਅ ਵਿਚ ਪਹੁੰਚ ਜਾਣ ਦਾ ਅਰਥ ਸਹਿਜ ਅਵਸਥਾ ਹੈ। ਸਹਿਜ ਅਜਿਹਾ ਨਹੀਂ ਹੁੰਦਾ ਕਿ ਹੁਣ ਬਣ ਗਿਆ ਘੜੀ ਪਲ ਮਗਰੋਂ ਫਿਰ ਖਤਮ ਹੋ ਗਿਆ। ਸਹਿਜ ਤਾਂ ਸਦੀਵੀ ਟਿਕਾਅ ਹੈ। ਜਿਵੇਂ ਟਿਕੇ ਤਲਾਬ ਦੇ ਪਾਣੀ ਵਿਚੋਂ ਸਭ ਕੁਝ ਇਸ ਲਈ ਨਜ਼ਰ ਆਉਂਦਾ ਹੈ ਕਿ ਪਾਣੀ ਟਿਕਿਆ ਹੋਣ ਕਰਕੇ ਪਾਰਦਰਸ਼ੀ ਹੋ ਜਾਂਦਾ ਹੈ ਇਸ ਤਰ੍ਹਾਂ ਹੀ ਜੀਵਨ ਦੇ ਟਿਕਾਅ ਵਿਚੋਂ ਹੀ ਕਦੇ ਪ੍ਰਮੇਸ਼ਰ ਦੀ ਮੂਰਤਿ ਹਿਰਦੇ ਵਿਚੋਂ ਨਹੀਂ ਗੁਆਚਦੀ ਪਰ ਇਹ ਸਹਿਜ ਅਵਸਥਾ ਤੁਹਾਡੇ ਵਾਲੀ ਨਹੀਂ ਬਲਕਿ ਅਜਿਹੀ ਸ਼ਰਾਬ ਭਾਵ ਅਮਿਉ ਪ੍ਰਾਪਤ ਕਰਨ ਨਾਲ ਬਣਦੀ ਹੈ, ਜਿਹੜੀ ਕਦੇ ਡੋਲਦੀ ਵੀ ਨਹੀਂ-

***ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ॥***
***ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ॥***
***ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ॥***
***ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ॥*** (੩੬੦)

ਸੋ ਸਹਿਜ ਅਵਸਥਾ ਦਾ ਅਰਥ ਹੈ ਜਿਥੇ ਚਾਰੇ ਚੀਜ਼ਾਂ ਇਕ ਸੁਰ ਹੋ ਜਾਂਦੀਆਂ ਹਨ। ਸਭ ਤੋਂ ਪਹਿਲਾਂ ਸਰੀਰ ਫਿਰ ਦੂਜਾ ਮਨ, ਤੀਜਾ ਆਤਮਾ, ਚੌਥਾ ਪ੍ਰਮਾਤਮਾ। ਸਰੀਰ ਵੀ ਅਡੋਲ ਹੋ ਜਾਂਦਾ ਹੈ, ਮਨ ਦੀ ਬ੍ਰਿਤੀ ਦਾ ਵੀ ਟਿਕਾਅ ਬਣ ਜਾਂਦਾ ਹੈ, ਤੀਜਾ ਆਤਮ ਦਰਸ਼ੀ ਆਤਮਾ ਦੇ ਨਾਲ ਨਾਲ ਪ੍ਰਮਾਤਮਾ ਦਾ ਵੀ ਇਕਮਿਕ ਹੋਇਆ ਹੋਣ ਕਰਕੇ ਸੁਰਤਿ ਇਸ ਗੁਫਾ ਵਿਚ ਜੁੜ ਕੇ ਸਦੀਵੀ ਰਸ ਲੈਂਦੀ ਹੈ। ਇਹ ਗੁਫਾ ਸਹਿਜ ਦੀ ਹੀ ਗੁਫਾ ਦਾ ਨਾਂ ਹੈ।

***ਸਹਜ ਗੁਫਾ ਮਹਿ ਆਸਣੁ ਬਾਧਿਆ॥ ਜੋਤਿ ਸਰੂਪ ਅਨਾਹਦੁ ਵਾਜਿਆ॥*** (੩੭੦)

ਇਹ ਸਹਜ ਗੁਫਾ ਵਿਚ ਵੱਸਦੇ ਅਧਿਆਤਮਿਕ ਪੁਰਖ ਅੰਦਰ ਸੱਚੇ ਅਨੰਦ ਅਤੇ ਸਹਿਜ ਦਾ ਇਕ ਇਹ ਵੀ ਖਾਸ ਕਾਰਣ ਹੁੰਦਾ ਹੈ ਕਿ ਮਾਇਆ ਦੇ ਤਿੰਨ ਗੁਣ ਹਨ, ਜਿਨ੍ਹਾਂ ਕਰਕੇ ਜੀਵ ਨੂੰ ਕੁਰਾਹੇ ਪਾ ਸਕਦੀ ਸੀ। ਗੁਰੂ ਸਾਹਿਬ ਜੀ ਦੀ ਕਿਰਪਾ ਦਾ ਸਦਕਾ ਅਜਿਹਾ ਜਗਿਆਸੂ ਤਾਂ ਮਾਇਆ ਦੇ ਇਨ੍ਹਾਂ ਰਜ ਗੁਣ, ਤਮ ਗੁਣ ਅਤੇ ਸਤ ਗੁਣ ਨੂੰ ਕਾਫੀ ਪਿਛਾਂਹ ਛੱਡ ਆਉਂਦਾ ਹੈ। ਇਸ ਤੋਂ ਅੱਗੇ ਹੀ ਇਹ ਚਉਥਾ ਪਦ ਭਾਵ ਸਹਜ ਅਵਸਥਾ ਪ੍ਰਾਪਤ ਹੁੰਦੀ ਹੈ। ਇਸ ਚਉਥੇ ਪਦ ਵਿਚ ਤਾਂ ਬਸ ਇਹੋ ਕੁਝ ਵਾਪਰਦਾ ਹੈ, ਜਿਥੇ ਜੀਵ ਰਸ ਮਾਣਦਾ ਰਹਿੰਦਾ ਹੈ ਕਿ—

***ਰੈਣਿ ਦਿਨਸੁ ਰਹੈ ਇਕ ਰੰਗਾ॥ ਪ੍ਰਭ ਕਉ ਜਾਣੈ ਸਦ ਹੀ ਸੰਗਾ॥***
***ਠਾਕੁਰ ਨਾਮੁ ਕੀਓ ਉਨਿ ਵਰਤਨਿ॥ ਤ੍ਰਿਪਤਿ ਅਘਾਵਨੁ ਹਰਿ ਕੈ ਦਰਸਨਿ॥***
***ਹਰਿ ਸੰਗਿ ਰਾਤੇ ਮਨ ਤਨ ਹਰੇ॥ ਗੁਰ ਪੂਰੇ ਕੀ ਸਰਨੀ ਪਰੇ॥ ਰਹਾਉ॥***
***ਚਰਣ ਕਮਲ ਆਤਮ ਆਧਾਰ॥ ਏਕੁ ਨਿਹਾਰਹਿ ਆਗਿਆਕਾਰ॥***
***ਏਕੋ ਬਨਜੁ ਏਕੋ ਬਿਉਹਾਰੀ॥ ਅਵਰੁ ਨ ਜਾਨਹਿ ਬਿਨੁ ਨਿਰੰਕਾਰੀ॥***
***ਹਰਖ ਸੋਗ ਦੁਹਹੂੰ ਤੇ ਮਕਤੇ॥ ਸਦਾ ਅਲਿਪਤੁ ਜੋਗ ਅਰੁ ਜਗਤੇ॥***
***ਦੀਸਹਿ ਸਭ ਮਹਿ ਸਭ ਤੇ ਰਹਤੇ॥ ਪਾਰਬ੍ਰਹਮ ਕਾ ਓਇ ਧਿਆਨੁ ਧਰਤੇ॥*** (੧੮੧)

ਸਹਜ ਅਵਸਥਾ ਜਿਥੇ ਆਤਮਾ ਪਰਮਾਤਮਾ ਨਾਲ ਦਿਨ ਰਾਤਿ ਕਲੋਲ ਕਰਦੀ ਹੈ। ਇਸ ਅਵਸਥਾ ਵਿਚ ਪਹੁੰਚਿਆ ਪੁਰਖ ਪ੍ਰੇਮੀ ਅੰਦਰੋਂ ਅੰਦਰ ਹੀ ਰਸ ਚੱਖਦਾ ਰਹਿੰਦਾ ਹੈ ਕਿਉਂਕਿ ਇਥੇ ਆਤਮਾ ਆਖ ਦਿੰਦੀ ਹੈ ਕਿ ਮੈਂ ਤੇਰੀ ਹਾਂ ਤੂੰ ਮੇਰਾ ਹੈ ਭਾਵ ਇਕ ਗੂੜ੍ਹਾ ਰਿਸ਼ਤਾ ਜਾਂ ਸੱਚ ਦਾ ਰਿਸ਼ਤਾ ਜਿਹੜਾ ਕਿ ਆਤਮਾ ਦਾ ਪ੍ਰਮਾਤਮਾ ਨਾਲ ਹੈ, ਉਸ ਵਿਚ ਜੁੜ ਜਾਂਦੇ ਹਨ।

***ਬਿਸਮਨ ਬਿਸਮ ਭਏ ਜਉ ਪੇਖਿਓ ਕਹਨੁ ਨ ਜਾਇ ਵਡਿਆਈ॥***
***ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ॥***
***ਆਲ ਜਾਲ ਨਹੀ ਕਛੂ ਜੰਜਾਰਾ ਅਹੰਬੁਧਿ ਨਹੀ ਭੋਰਾ॥***
***ਊਚਨ ਊਚਾ ਬੀਚੁ ਨ ਖੀਚਾ ਹਉ ਤੇਰਾ ਤੂੰ ਮੋਰਾ॥*** (੮੨੧)

ਇਥੇ ਤਾਂ ਹੁਣ—

***ਅੰਮ੍ਰਿਤ ਰਸੁ ਸਤਿਗੁਰੂ ਚੁਆਇਆ॥***

***ਦਸਵੈ ਦੁਆਰਿ ਪ੍ਰਗਟੁ ਹੋਇ ਆਇਆ॥***
***ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ॥*** (੧੦੬੯)

ਜਿਹੜਾ ਪਰਮੇਸ਼ਰ ਆਪ ਅਡੋਲ ਹੈ ਉਸ ਨੂੰ ਪਾ ਲੈਣ ਵਾਲੀ ਆਤਮਾ ਵੀ ਇਸ ਅਡੋਲ ਅਵਸਥਾ ਵਿਚ ਰੰਗਿ ਮਾਣਦੀ ਹੈ। ਜਿਸ ਨੂੰ ਸਹਿਜ ਅਵਸਥਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਜੀਵਨ ਦੀ ਅਸਲ ਵਿਚ ਸਾਰੀ ਭੱਜ ਦੌੜ ਹੀ ਤ੍ਰਿਪਤੀ ਲਈ ਹੈ। ਸਹਜ ਦਾ ਜਨਮ ਹੀ ਤ੍ਰਿਪਤੀ ਵਿਚੋਂ ਹੁੰਦਾ ਹੈ। ਉਸ ਪੁਰਖ ਨੂੰ ਰੱਬੀ ਬਾਣੀ ਵਿਚ ਪੂਰਨ ਗਿਣਿਆ ਜਾਂਦਾ ਹੈ ਜਿਸ ਦਾ ਮਨ ਸੰਤੋਖ ਦਾ ਧਾਰਨੀ ਹੋ ਜਾਵੇ ਅਤੇ ਆਤਮਾ ਪ੍ਰਮਾਤਮਾ ਵਿਚ ਪਤੀਜ ਜਾਵੇ। ਐਸਾ ਪੁਰਖ ਫਿਰ ਕਦੇ ਜ਼ਿੰਦਗੀ ਦੇ ਮਾਰਗ ਵਿਚ ਡੋਲਦਾ ਨਹੀਂ।

***ਜਿਨ ਚਾਖਿਆ ਸੇ ਜਨ ਤ੍ਰਿਪਤਾਨੇ॥ ਪੂਰਨ ਪੁਰਖ ਨਹੀ ਡੋਲਾਨੇ॥*** (੨੮੯)

ਸਹਜ ਅਵਸਥਾ ਵਿਚ ਟਿਕਿਆ ਪੁਰਖ ਦਿਨ ਰਾਤ ਰੱਬੀ ਸਿਫ਼ਤ ਸਲਾਹ ਵਿਚ ਜੁੜ ਕੇ ਅਧਿਆਤਮਿਕ ਆਨੰਦ ਮਾਣਦਾ ਰਹਿੰਦਾ ਹੈ। ਉਸ ਦਾ ਜਾਗਣਾ ਵੀ ਸਹਜ, ਉਸ ਦਾ ਸੌਣਾ ਵੀ ਸਹਜ ਦਾ ਰੂਪ ਧਾਰਨ ਕਰ ਲੈਂਦਾ ਹੈ।

***ਸਹਜੇ ਜਾਗੈ ਸਹਜੇ ਸੋਵੈ॥ ਗੁਰਮੁਖਿ ਅਨਦਿਨੁ ਉਸਤਤਿ ਹੋਵੈ॥*** (੬੪੬)

ਅਸਲ ਵਿਚ ਤਾਂ ਅਜਿਹੀ ਅਵਸਥਾ ਦਾ ਜ਼ਿਕਰ, ਅੱਖਰਾਂ ਵਿਚ ਤਾਕਤ ਨਹੀਂ ਹੁੰਦੀ ਕਿ ਪੂਰਨ ਰੂਪ ਵਿਚ ਪ੍ਰਗਟ ਕਰ ਸਕਣ ਅਤੇ ਨਾ ਹੀ ਕਿਸੇ ਮੇਰੇ ਵਰਗੇ ਦੀ ਗੱਲ ਹੈ ਇਹ ਤਾਂ ਰੱਬੀ ਰੰਗ ਵਿਚ ਰੰਗੀ ਕੋਈ ਸੁਭਾਗੀ ਰੂਹ ਹੀ ਅਜਿਹੇ ਗੁਝੇ ਭੇਦ ਸੰਸਾਰ ਦੀ ਝੋਲੀ ਪਾ ਸਕਦੀ ਹੈ। ਇਹ ਅਵਸਥਾ ਮਾਣੀ ਜਾਂਦੀ ਹੈ ਪਰ ਦੱਸਣ ਦੀ ਸਮਰੱਥਾ ਨਹੀਂ ਹੁੰਦੀ। ਇਹ ਤਾਂ ਇਕ ਅਸਚਰਜ ਜਾਂ ਬਿਸਮਾਦ ਅਵਸਥਾ ਹੈ।

***ਸੁੰਨ ਸਮਾਧਿ ਅਨਹਤ ਤਹ ਨਾਦ॥ ਕਹਨੁ ਨ ਜਾਈ ਅਚਰਜ ਬਿਸਮਾਦ॥*** (੨੯੩)

ਬਸ ਥੋੜ੍ਹੀ ਬਹੁਤ ਸਮਝਣ ਦੀ ਕੋਸ਼ਿਸ਼ ਕਰ ਸਕਦੇ ਹਾਂ ਕਿ ਜਿਵੇਂ ਦੁੱਧ ਤੋਂ ਮੱਖਣ ਤੱਕ ਦੀ ਪ੍ਰਾਪਤੀ ਦਾ ਪਹਿਲਾ ਪੜਾ ਦਹੀਂ ਦਾ ਜਮਣਾ ਹੈ ਭਾਵ ਦੁੱਧ ਦਾ ਟਿਕਾਅ ਵਿਚ ਆ ਜਾਣਾ। ਦੁੱਧ ਤਾਂ ਨਿੱਕੀ ਜਿਹੀ ਹਰਕਤ ਵੀ ਨਹੀਂ ਸਹਾਰਦਾ। ਦੁੱਧ ਨੂੰ ਡੁਲਣ ਤੋਂ ਬਚਾਉਣ ਲਈ ਜ਼ਿਆਦਾ ਸਾਵਧਾਨ ਰਹਿਣਾ ਪੈਂਦਾ ਹੈ ਪਰ ਜਦੋਂ ਦੁੱਧ ਟਿਕਾਅ ਦਾ ਧਾਰਨੀ ਹੋ ਕੇ ਦਹੀਂ ਦਾ ਰੂਪ ਵਟਾ ਲੈਂਦਾ ਹੈ ਤਾਂ ਉਸ ਵਿਚ ਦੁੱਧ ਵਰਗੀ ਭਟਕਣਾ ਨਹੀਂ ਰਹਿੰਦੀ। ਇਹ ਸਹਜ, ਤੱਤ ਦੇ ਨੇੜੇ ਹੋਣ ਦੀ ਨਿਸ਼ਾਨੀ ਹੁੰਦੀ ਹੈ।

ਇਕ ਹੋਰ ਉਦਾਹਰਣ ਨੂੰ ਵੀਚਾਰਨ ਦੀ ਕੋਸ਼ਿਸ਼ ਕਰੀਏ ਕਿ ਜਿਵੇਂ ਸੂਈ ਵਿਚ ਧਾਗਾ ਪਾਉਣਾ ਔਖਾ ਹੈ ਪਰ ਜਦੋਂ ਕਦੇ ਟਿਕਾਅ ਕੇ ਪਾ ਲਿਆ ਫਿਰ ਤਾਂ ਸੂਈ ਆਪੇ ਹੀ ਧਾਗੇ ਨੂੰ ਪਿਛੋਂ ਖਿਚ ਕੇ ਦੋ ਵਿਛੁੜਿਆਂ ਦਾ ਮਿਲਾਪ ਕਰਵਾ ਦਿੰਦੀ ਹੈ। ਇਸ ਤਰ੍ਹਾਂ ਹੀ ਸਹਜ ਆਉਂਦਾ

ਔਖਾ ਹੈ। ਪਰ ਜਦੋਂ ਸਹਜ ਅਵਸਥਾ ਬਣ ਜਾਵੇ ਫਿਰ ਤਾਂ ਆਪੇ ਹੀ ਰੱਬੀ ਬਖ਼ਸ਼ਿਸ਼ ਨਾਲ ਆਤਮਾ ਪ੍ਰਮਾਤਮਾ ਵਿਚ ਅਭੇਦ ਹੋ ਜਾਂਦੀ ਹੈ। ਬਸ ਸੂਈ ਵਿਚ ਧਾਗਾ ਪਾਉਣ ਲੱਗਿਆਂ ਦੋਵੇਂ ਹੱਥ ਟਿਕਾਅ ਕੇ ਪੂਰਨ ਨਜ਼ਰ ਟਿਕਾਅ ਕੇ ਇਹ ਕਰਮ ਕਮਾਉਣਾ ਪੈਂਦਾ ਹੈ। ਭਾਵ ਗੁਰੂ ਸ਼ਬਦ ਸੂਈ ਸਮਾਨ ਕਹਿ ਲਈਏ ਸੁਰਤਿ ਨੂੰ ਧਾਗਾ ਬਣਾ ਕੇ ਜਦੋਂ ਜੀਵ ਨਜ਼ਰ ਟਿਕਾਅ ਭਾਵ ਪੂਰਨ ਭਰੋਸਾ ਬਣਾ ਕੇ ਸ਼ਬਦ ਰੂਪ ਸੂਈ ਵਿਚ ਸੁਰਤਿ ਦਾ ਧਾਗਾ ਪਰੋ ਲੈਂਦਾ ਹੈ ਤਾਂ ਫਿਰ ਆਪੇ ਹੀ ਇਕ ਦਿਨ ***"ਤਿਥੈ ਸੀਤੋ ਸੀਤਾ ਮਹਿਮਾ ਮਾਹਿ"*** ਜਪੁਜੀ ਵਾਲੀ ਅਵਸਥਾ ਬਣ ਆਉਂਦੀ ਹੈ ਪਰ ਇਹ ਗੱਲ ਹਮੇਸ਼ਾਂ ਯਾਦ ਰੱਖਣੀ ਪਵੇਗੀ ਕਿ ਇਹ ਕਾਰਜ ਕੋਈ ਮਨੁੱਖੀ ਤਲ ਦਾ ਕਾਰਜ ਨਹੀਂ ਇਹ ਤਾਂ ਬਲਕਿ ਨਿਰੋਲ ਗੁਰੂ ਬਖਸ਼ਿਸ਼ ਹੁੰਦੀ ਹੈ।

***ਭਾਈ ਰੇ ਗੁਰ ਬਿਨੁ ਸਹਜੁ ਨ ਹੋਇ॥***
***ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ॥*** (੬੮)

ਜਾਂ ਫਿਰ—

***ਗੁਰ ਪ੍ਰਸਾਦੀ ਸਹਜੁ ਉਪਜੈ ਇਹ ਸਹਸਾ ਇਵ ਜਾਇ॥***

ਭਗਤ ਨਾਮਦੇਵ ਜੀ ਵਰਗੀ ਪਾਵਨ ਪਵਿੱਤਰ ਆਤਮਾ ਨੇ ਇਸ ਸਹਜ ਭਾਵ ਨੂੰ ਖੋਲਦਿਆਂ ਸ਼ਬਦ ਬਖਸ਼ੇ ਹਨ ਕਿ—

***ਸੁਇਨੇ ਕੀ ਸੁਈ ਰੁਪੇ ਕਾ ਧਾਗਾ॥ ਨਾਮੇ ਕਾ ਚਿਤੁ ਹਰਿ ਸਉ ਲਾਗਾ॥*** (੪੮੫)

ਭਗਤੀ ਦੀ ਭਾਵਨਾ ਨਾਲ ਪਹਿਲਾਂ ਪਹਿਲ ਕੋਈ ਖਿਨ ਮਾਤਰ ਮਨ ਟਿਕਦਾ ਹੈ ਪਰ ਇਹ ਖਿਨ ਹੀ ਇਤਨੀ ਸੁਆਦਲੀ ਭਾਵ ਰਸਦਾਇਕ ਹੁੰਦੀ ਹੈ ਕਿ ਮਨ ਵਿਚ ਫਿਰ ਇਸ ਦੀ ਪ੍ਰਾਪਤੀ ਦੀ ਲਗਨ ਪੈਦਾ ਹੋ ਜਾਦੀ ਹੈ। ਖਿਨ ਖਿਨ ਵੱਧਦਿਆਂ ਇਕ ਐਸਾ ਮੁਕਾਮ ਪ੍ਰਾਪਤ ਹੋ ਜਾਂਦਾ ਹੈ ਜਿਥੇ ਫਿਰ ਅੰਦਰਲਾ ਟਿਕ ਕੇ ਸ਼ਬਦ ਗੁਰੂ ਜੀ ਨਾਲ ਜੁੜ ਕੇ ਰੱਬੀ ਪ੍ਰੇਮ ਦੀਆਂ ਪੀਘਾਂ ਝੂਟਦਾ ਰਹਿੰਦਾ ਹੈ।

***ਮਨਹਿ ਪ੍ਰਗਾਸੁ ਪੇਖਿ ਪ੍ਰਭ ਕੀ ਸੋਭਾ ਜਤ ਕਤ ਪੇਖਉ ਆਹਿਓ...॥***
***ਗੁਰ ਪ੍ਰਸਾਦਿ ਗਾਵੈ ਗੁਣ ਨਾਨਕ ਸਹਜ ਸਮਾਧਿ ਸਮਾਇਓ॥*** (੧੨੯੯)

ਜਨਮਾਂ ਜਨਮਾਂ ਦੀ ਵਿਛੜੀ ਆਤਮਾ ਲੰਮੇ ਵਿਛੋੜੇ ਦਾ ਦੁੱਖ ਕੱਟ ਕੇ ਜਦੋਂ ਮਿਲਾਪ ਦੇ ਨੇੜੇ ਹੋ ਜਾਂਦੀ ਹੈ ਤਾਂ ਅਜਿਹੀ ਅਵਸਥਾ ਦਾ ਕਥਨ ਸ਼ਬਦਾਂ ਵਿਚ ਕਰਨਾ ਅਸੰਭਵ ਹੈ ਪਰ ਕੁਝ ਰੱਬੀ ਇਸ਼ਾਰੇ ਅੰਮ੍ਰਿਤ ਬਾਣੀ ਵਿਚੋਂ ਪ੍ਰਾਪਤ ਹੁੰਦੇ ਹਨ ਕਿ ਮੈਨੂੰ ਸਾਰੇ ਸੁਖ ਪ੍ਰਾਪਤ ਹੋ ਗਏ ਹਨ। ਹੁਣ ਕਹਿਣ ਲਈ ਤਾਂ ਸ਼ਬਦ ਸੁਖ ਹੀ ਵਰਤਿਆ ਪਰ ਇਹ ਸਾਡੀ ਨਜ਼ਰ ਵਾਲਾ ਕੋਈ ਦੁਨਿਆਵੀ ਸੁਖ ਨਹੀਂ। ਇਹ ਤਾਂ ਸਾਡੇ ਵਰਗੇ ਸੰਸਾਰੀ ਲੋਕਾਂ ਨੂੰ ਸਮਝਾਉਣ ਲਈ ਸਾਡੀ ਹੀ ਭਾਸ਼ਾ ਦਾ ਸ਼ਬਦ ਹੈ ਪਰ ਇਸ ਸੁਖ ਦਾ ਅਨੰਦ ਸਾਡੇ ਵਾਲਾ ਨਹੀਂ। ਇਥੇ ਪ੍ਰਭੂ ਜੀ ਦੀ ਪ੍ਰਸੰਨਤਾ ਨਾਲ ਸੁਭਾਗਾ ਲਿਵ ਲਾ ਕੇ ਜਿਹੜਾ ਰਸ ਲੈਂਦਾ ਹੈ।

***ਸਹ ਕੀ ਸਾਰ ਸੁਹਾਗਨਿ ਜਾਨੈ*** (੭੯੩)

Sri Satguru Jagjit Singh Ji eLibrary NamdhariElibrary@gmail.com

ਵਾਲੀ ਹੀ ਅਵਸਥਾ ਕਹਿ ਸਕਦੇ ਹਾਂ। ਪਾਵਨ ਫੁਰਮਾਨ ਹੈ—

***ਸਭੇ ਸੁਖ ਭਏ ਪ੍ਰਭ ਤੁਠੇ॥ ਗੁਰ ਪੂਰੇ ਕੇ ਚਰਣ ਮਨਿ ਵੁਠੇ॥***
***ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ॥*** (੧੦੬)

ਅਜਿਹਾ ਰੱਬੀ ਪਿਆਰਾ ਗੁਰਮੁਖ ਸਹਜ ਨਾਲ ਪ੍ਰਭੂ ਦੀ ਸਿਫਤੋ ਸਲਾਹ ਦੀ ਸੱਚੀ ਤਸਬੀ (ਮਾਲਾ) ਮਨ ਨੂੰ ਪਕੜਾ ਦਿੰਦਾ ਹੈ। ਜਿਸ ਨਾਲ ਮਨ ਸਹਜ ਨਾਲ ਗੁਣਾਂ ਨੂੰ ਗਾ ਗਾ ਕੇ ਸਹਜ ਦੀ ਸਮਾਧੀ ਵਿਚ ਲਿਵ ਪ੍ਰਮੇਸ਼ਰ ਦੇ ਚਰਣਾਂ ਵਿਚ ਜੋੜ ਕੇ ਦਿਨ ਰਾਤ ਟਿਕਿਆ ਰਹਿੰਦਾ ਹੈ।

***ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ॥***
***ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ॥*** (੬੮)

ਜਿਥੋਂ ਸ਼ੁਰੂਆਤ ਕੀਤੀ ਸੀ ਕਿ ਜਿਸ ਬਰਤਨ ਵਿਚ ਕੁਝ ਪੈ ਜਾਂਦਾ ਹੈ, ਫਿਰ ਉਹ ਡੋਲਦਾ ਵੀ ਨਹੀਂ ਬੋਲਦਾ ਵੀ ਨਹੀਂ ਬਲਕਿ ਪੂਰਨ ਟਿਕਾਅ ਦਾ ਧਾਰਨੀ ਹੋ ਜਾਂਦਾ ਹੈ। ਜਿਸ ਹੱਥ ਹਰੀ ਦੀ ਭਗਤੀ ਦਾ ਖਜ਼ਾਨਾ ਆ ਗਿਆ ਹੋਵੇ ਫਿਰ ਉਹ ਤਾਂ ਪੂਰਨ ਤ੍ਰਿਪਤ ਹੀ ਹੋ ਜਾਂਦਾ ਹੈ। ਪੂਰਨ ਤ੍ਰਿਪਤੀ ਹੀ ਸਹਜ ਸਮਾਧ ਵਿਚ ਟਿੱਕ ਕੇ ਰੱਬੀ ਗੁਣਾਂ ਦੇ ਕਥਨ ਕਰਨ ਦੀ ਸੱਚੀ ਕਾਰ ਵਿਚ ਲੱਗੀ ਪਾਵਨ ਸੁਰਤਿ ਨੂੰ ਅਧਿਆਤਮਕ ਚਸ਼ਮੇ ਤੋਂ ਨਾਮ ਰਸ ਬਖਸ਼ਦੀ ਰਹਿੰਦੀ ਹੈ।

***ਪੂਰਨ ਤ੍ਰਿਪਤਿ ਅਘਾਏ॥ ਸਹਜ ਸਮਾਧਿ ਸੁਭਾਏ॥***
***ਹਰਿ ਭੰਡਾਰੁ ਹਾਥਿ ਆਇਆ॥ ਨਾਨਕ ਗੁਰ ਤੇ ਪਾਇਆ॥*** (੧੦੦੬)

ਇਹ ਸਹਜ ਅਵਸਥਾ ਨੇ ਕਾਂਇਆਂ ਨੂੰ ਹੀ ਸੱਚਾ ਮੰਦਰ ਬਣਾ ਕੇ ਮਨ ਪੁਜਾਰੀ ਬਣਾ ਕੇ ਸਦੀਵੀ ਟਿਕਾਅ ਬਖ਼ਸ਼ ਦਿੱਤਾ।

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥ ਕਹਨੁ ਨ ਜਾਈ ਅਚਰਜ ਬਿਸਮਾਦ॥*** (੨੯੩)

ਪ੍ਰਭੂ ਪਿਆਰ ਦੇ ਪਾਂਧੀ ਦਾ ਇਹ ਪੜਾ ਜਿਥੇ ਟਿਕਾਅ ਭਰਿਆ ਹੁੰਦਾ ਹੈ, ਉਥੇ ਹੁਣ ਪ੍ਰਭੂ ਦੀ ਸੇਵਾ, ਮਨੁੱਖਤਾ ਦੀ ਸੇਵਾ ਕਰਕੇ ਕਰਦਾ ਹੈ। ਜਿਸ ਵਿਚੋਂ ਸੱਚੇ ਕੀ ਕਾਰ ਵਿਚ ਲੱਗਣ ਦੀ ਖੁਸ਼ੀ ਪ੍ਰਾਪਤ ਹੁੰਦੀ ਹੈ। ਹੁਣ ਤਾਂ ਮਾਨੋ ਥੋੜ੍ਹਾ ਖਾ ਕੇ ਵੀ ਭੁੱਖ ਨਹੀਂ ਸਤਾਉਂਦੀ ਥੋੜ੍ਹਾ ਦੁਨੀਆਂ ਦਾ ਧਨ ਵੀ ਭਟਕਣਾ ਨਹੀਂ ਲਾਉਂਦਾ ਥੋੜ੍ਹਾ ਸਉਣਾ ਵੀ ਰੁਕਾਵਟ ਨਹੀਂ। ਭਾਵ ਸਹਜ ਨੇ ਇਕ ਅਜਿਹੀ ਅਵਸਥਾ ਬਖਸ਼ੀ ਜਿਸ ਨੂੰ ਮਾਨਣ ਵਾਲਾ ਬਸ ਰੱਬੀ ਪ੍ਰੀਤ ਵਿਚੋਂ ਉਪਜੇ ਅਜਿਹੇ ਰੱਬੀ ਤਰਾਨੇ ਗਾਉਂਦਾ ਰਹਿੰਦਾ ਹੈ। ਕਿ—

***ਸਹਜ ਸਮਾਧਿ ਉਪਾਧਿ ਰਹਤ ਹੋਇ ਬਡੇ ਭਾਗਿ ਲਿਵ ਲਾਗੀ॥***
***ਕਹਿ ਰਵਿਦਾਸ ਉਦਾਸ ਦਾਸ ਮਤਿ ਜਨਮ ਮਰਨ ਭੈ ਭਾਗੀ॥*** (੧੧੦੬)

Sri Satguru Jagjit Singh Ji eLibrary NamdhariElibrary@gmail.com

# ਬ੍ਰਹਮ ਗਿਆਨੀ

ਗਿਆਨ ਅਜਿਹਾ ਪ੍ਰਕਾਸ਼ ਹੈ ਜਿਸ ਦੇ ਚਾਨਣ ਵਿਚ ਜਾਣਿਆ ਜਾਂਦਾ ਹੈ। ਗਿਆਨ ਜਣਾਉਂਦਾ ਹੈ। ਜਿਵੇਂ ਕੁਝ ਕੁ ਦੁਨਿਆਵੀ ਵੀਚਾਰਾਂ ਸਾਂਝੀਆਂ ਕਰੀਏ ਕਿ ਇਕ ਬੰਦਾ ਗਿਆਨ ਹਾਸਿਲ ਕਰਦਾ ਹੈ ਕਿ ਮਨੁੱਖੀ ਸਰੀਰ ਦੀ ਬਣਤਰ ਕਿਸ ਤਰ੍ਹਾਂ ਦੀ ਹੈ ਇਸ ਨੂੰ ਕਿਹੜੇ ਕਿਹੜੇ ਨੁਕਸ ਪੈ ਕੇ ਰੋਗ ਬਣਦੇ ਹਨ ਫਿਰ ਕਿਸ ਚੀਜ਼ ਨਾਲ ਇਹ ਰੋਗ ਦੂਰ ਕੀਤੇ ਜਾ ਸਕਦੇ ਹਨ। ਅਜਿਹੇ ਗਿਆਨ ਦਾ ਧਾਰਨੀ ਡਾਕਟਰ ਕਹਾਉਂਦਾ ਹੈ। ਡਾਕਟਰ ਉਸ ਦੇ ਹਾਸਿਲ ਕੀਤੇ ਗਿਆਨ ਕਰਕੇ ਕਿਹਾ ਜਾਂਦਾ ਹੈ ਅਸਲ ਵਿਚ ਨਾਂ ਭਾਵੇਂ ਹੋਰ ਹੋਵੇ ਪਰ ਪ੍ਰਾਪਤ ਕੀਤੇ ਗਿਆਨ ਦਾ ਨਾਂ ਪ੍ਰਮੁੱਖ ਹੋ ਗਿਆ ਇਸ ਤਰ੍ਹਾਂ ਹੀ ਕੁਦਰਤ ਦੇ ਕਾਰਖਾਨੇ ਵਿਚੋਂ ਗੁਹਜ ਭੇਦ ਲੱਭ ਕੇ ਪ੍ਰਗਟ ਕਰਨ ਵਾਲੇ ਨੂੰ ਸਾਇੰਸਦਾਨ ਅਤੇ ਵਿਦਵਤਾ ਦੇ ਗਿਆਨ ਦੇ ਧਾਰਨੀ ਨੂੰ ਵਿਦਵਾਨ ਕਿਹਾ ਜਾਂਦਾ ਹੈ। ਬਿਲਕੁਲ ਇਸ ਤਰ੍ਹਾਂ ਹੀ ਬ੍ਰਹਮ ਦਾ ਗਿਆਨ ਹਾਸਿਲ ਕਰ ਲੈਣ ਵਾਲੇ ਨੂੰ ਬ੍ਰਹਮ ਗਿਆਨੀ ਕਿਹਾ ਜਾਂਦਾ ਹੈ। ਭਾਵੇਂ ਕਿ ਦੁਨਿਆਵੀ ਗਿਆਨ ਅਤੇ ਅੰਦਰੂਨੀ ਭਾਵ ਰੱਬੀ ਗਿਆਨ ਦਾ ਆਪਸ ਵਿਚ ਬਹੁਤ ਫਰਕ ਹੁੰਦਾ ਹੈ। ਦੁਨਿਆਵੀ ਗਿਆਨ ਸਾਰਾ ਬਾਹਰੋਂ ਇਕੱਠਾ ਕੀਤਾ ਜਾਂਦਾ ਹੈ। ਬ੍ਰਹਮ ਦਾ ਗਿਆਨ ਨਿਰੋਲ ਅੰਦਰੋਂ ਹੁੰਦਾ ਹੈ। ਬਾਹਰੀ ਗਿਆਨ ਕੇਵਲ ਇਕ ਸੋਝੀ ਹੈ ਪਰ ਅੰਦਰੂਨੀ ਗਿਆਨ ਨਾਲ ਜੀਵਨ ਵੀ ਸ਼ਿੰਗਾਰਿਆ ਹੋਇਆ ਹੁੰਦਾ ਹੈ। ਜਿਵੇਂ ਡਾਕਟਰ ਹਜ਼ਾਰਾਂ ਮਰੀਜ਼ਾਂ ਦੇ ਦਰਦ ਦਾ ਇਲਾਜ ਕਰਦਾ ਹੈ ਉਸ ਨੂੰ ਇਹ ਤਾਂ ਪਤਾ ਹੈ ਕਿ ਇਹ ਦਰਦ ਕਿਉਂ ਹੋਈ, ਕਿਵੇਂ ਖਤਮ ਹੋਵੇਗੀ ਜਾਂ ਇਸ ਦਰਦ ਨਾਲ ਮਰੀਜ਼ ਦਾ ਕੀ ਨੁਕਸਾਨ ਹੋ ਸਕਦਾ ਹੈ ਇਤਿਆਦਿ ਪਰ ਡਾਕਟਰ ਦੇ ਆਪਣੇ ਦਰਦ ਨਾ ਹੋਈ ਹੋਵੇ ਤਾਂ ਉਸ ਨੂੰ ਇਹ ਨਹੀ ਪਤਾ ਹੋਵੇਗਾ ਕਿ ਦਰਦ ਕਿਹੋ ਜਿਹੀ ਹੈ। ਦਰਦ ਤਾਂ ਉਹੋ ਹੀ ਜਾਣ ਸਕਦਾ ਹੈ ਜਿਸ ਨੇ ਕਦੇ ਆਪ ਪੀੜਾ ਹੰਢਾਈ ਹੋਵੇ। ਇਸ ਲਈ ਹੀ ਪਾਵਨ ਬਚਨ ਹਨ।

***ਸੋ ਕਤ ਜਾਨੈ ਪੀਰ ਪਰਾਈ॥ ਜਾ ਕੈ ਅੰਤਰਿ ਦਰਦੁ ਨ ਪਾਈ॥***

ਬਾਹਰੀ ਗਿਆਨ ਜੀਵ ਨੂੰ ਹੰਕਾਰ ਦੀ ਚੋਟੀ ਤੇ ਪਹੁੰਚਾ ਦਿੰਦਾ ਹੈ ਪਰ ਅੰਦਰ ਚਸ਼ਮੇ ਤੋਂ ਜਨਮਿਆ ਗਿਆਨ ਨਿਰੰਕਾਰ ਨਾਲ ਮਿਲਾਪ ਕਰਵਾ ਦਿੰਦਾ ਹੈ ਇਸ ਕਰਕੇ ਹੀ ਤਾਂ ਬ੍ਰਹਮ ਗਿਆਨੀ ਸ਼ਖਸ਼ੀਅਤ ਕਰਕੇ ਤਾਂ ਸਭ ਤੋਂ ਉੱਚਾ ਹੁੰਦਾ ਹੈ ਕਿਉਂਕਿ ਵੱਡੇ ਸਾਹਿਬ ਨੂੰ ਜਿਸ ਦਾ ਨਾਮ ਉਸ ਤੋਂ ਵੀ ਉੱਚਾ ਹੈ ਨੂੰ ਉਹੋ ਹੀ ਜਾਣ ਸਕਦਾ ਹੈ ਜਿਹੜਾ ਗੁਣਾਂ ਕਰਕੇ ਬਹੁਤ ਉਪਰ ਉਠ ਗਿਆ ਹੋਵੇ। ਫਿਰ ਕੋਈ ਦੁਨਿਆਵੀ ਸ਼ੈ ਉਸ ਦੇ ਮੁਕਾਬਲੇ ਵਿਚ ਨਹੀਂ ਹੁੰਦੀ ਅੰਮ੍ਰਿਤ

ਬਚਨ ਹਨ-

***ਵਡਾ ਸਾਹਿਬੁ ਊਚਾ ਥਾਉ॥ ਊਚੇ ਊਪਰਿ ਊਚਾ ਨਾਉ॥***
***ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥*** (੫)

ਬ੍ਰਹਮ ਗਿਆਨੀ ਭਾਵੇਂ ਸਭ ਤੋਂ ਉੱਚਾ ਹੁੰਦਾ ਹੈ, ਉਸ ਨੇ ***"ਪ੍ਰਭ ਕਾ ਸਿਮਰਨ ਸਭ ਤੇ ਊਚਾ"*** ਜਪ ਲਿਆ ਪਰ ਹੈਰਾਨੀ ਦੀ ਬਾਤ ਹੈ ਕਿ ਮਨ ਵਿਚ ਇਤਨਾ ਕੁਝ ਜਾਣ ਲੈਣ ਵਾਲਾ ਆਪ ਆਪਣੇ ਆਪ ਨੂੰ ਮਨ ਕਰਕੇ ਸਭ ਤੋਂ ਨੀਚਾ ਸਮਝਦਾ ਹੈ ਭਾਵ ਇਹ ਗਿਆਨ ਹੰਕਾਰ ਮਿਟਾ ਕੇ ਜਨਮਾਂ ਜਨਮਾਂ ਦੇ ਵਿਛੁੜੇ ਨੂੰ ਪ੍ਰਭੂ ਗੋਦ ਵਿਚ ਪਹੁੰਚਾ ਦਿੰਦਾ ਹੈ। ਅੰਦਰੂਨੀ ਗਿਆਨ ਰੱਬੀ ਬਖਸ਼ਿਸ਼ ਤੇ ਹੀ ਨਿਰਭਰ ਕਰਦਾ ਹੈ। ਇਹ ਬਖਸ਼ਿਸ਼ ਨਿਰੰਕਾਰੀ ਨੂੰ ਹੀ ਪ੍ਰਾਪਤ ਹੋ ਸਕਦੀ ਹੈ।

***ਬ੍ਰਹਮ ਗਿਆਨੀ ਊਚ ਤੇ ਊਚਾ॥ ਮਨਿ ਅਪਨੈ ਹੈ ਸਭ ਤੇ ਨੀਚਾ॥*** (੨੭੨)

ਬ੍ਰਹਮ ਗਿਆਨ ਵਿਚ ਸਰਸ਼ਾਰ ਹੋਈ ਅਜਿਹੀ ਆਤਮਾ ਦੇ ਕੁਝ ਕੁ ਲੱਛਣ ਅੰਮ੍ਰਿਤ ਬਾਣੀ ਵਿਚੋਂ ਵੀਚਾਰ ਕਰਦੇ ਹਾਂ। ਬ੍ਰਹਮ ਗਿਆਨੀ ਦੇ ਮਨ ਵਿਚ ਵੀ ਰੱਬੀ ਨਿਵਾਸ ਹੁੰਦਾ ਹੈ ਅਤੇ ਜ਼ੁਬਾਨ ਵੀ ਸਾਂਈ ਦੀ ਪ੍ਰੀਤ ਦੇ ਹੀ ਗੁਣ ਗਾਉਂਦੀ ਹੈ। ਬਾਕੀ ਸੰਸਾਰ ਵਿਚ ਬਹੁਤ ਅਜਿਹੇ ਵੀ ਹੋ ਸਕਦੇ ਹਨ ਜਿਨ੍ਹਾਂ ਦੀ ਜ਼ੁਬਾਨ 'ਤੇ ਤਾਂ ਪ੍ਰਭੂ ਦਾ ਜ਼ਿਕਰ ਹੋਵੇ ਪਰ ਮਨ ਕਰਕੇ ਬਾਹਰ ਵੀ ਭਟਕਦਾ ਹੋਵੇ ਪਰ ਇਥੇ ਤਾਂ ਪਹਿਲਾਂ ਗੱਲ ਹੀ ਮਨ ਵਿਚ ਪ੍ਰਭੂ ਦੇ ਵਾਸੇ ਦੀ ਹੈ ਫਿਰ ਰਸਨਾ ਤੇ ਵੀ ਉਹ ਰੱਬ ਵੱਸਦਾ ਹੈ ਇਥੇ ਹੀ ਬਸ ਨਹੀਂ ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਵੀ ਸੰਸਾਰੀ ਰੂਪ ਰੰਗ ਤੱਕਣ ਦੀ ਬਜਾਇ ਆਤਮਾ ਰੂਪ ਦੇ ਹੀ ਦੀਦਾਰ ਕਰਦੀ ਹੈ।

***"ਮਨਿ ਸਾਚਾ ਮੁਖਿ ਸਾਚਾ ਸੋਇ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥***(੨੭੨)

ਅਜਿਹਾ ਹੀ ਕਾਰਣ ਹੋਵੇਗਾ ਬਾਹਰੀ ਗਿਆਨ ਵਾਲੇ ਦੁਹਾਈ ਪਾਉਂਦੇ ਹਨ ਕਿ ਸਭ ਕੁਝ ਸਰੀਰ ਹੀ ਹੈ ਪਰ ਬ੍ਰਹਮ ਗਿਆਨੀਆਂ ਨੇ ਸੱਚਾ ਹੋਕਾ ਲਾਇਆ ਕਿ ਅਸਲ ਵਿਚ ਸਭ ਕੁਝ ਆਤਮਾ ਹੀ ਹੈ ਕਿ ਕਿਉਂਕਿ ***"ਅਵਰੁ ਨ ਪੇਖੈ ਏਕਸੁ ਬਿਨੁ ਕੋਇ॥"*** ਬ੍ਰਹਮ ਗਿਆਨੀ ਨੂੰ ਦਿਸਦਾ ਹੀ ਰੱਬੀ ਨੂਰ ਹੈ। ਅਜਿਹਾ ਹੀ ਕਾਰਣ ਹੋਵੇਗਾ ਕਿ ਬਾਹਰੀ ਗਿਆਨ ਵਾਲਿਆਂ ਨੇ ਬਹੁਤ ਕੁਝ ਅਜਿਹਾ ਮਨੁੱਖ ਦੀ ਝੋਲੀ ਵਿਚ ਪਾ ਦਿੱਤਾ ਜਿਹੜਾ ਕਿ ਸਾਰੀ ਮਨੁੱਖਤਾ ਲਈ ਹੀ ਹਾਨੀਕਾਰਕ ਹੈ। ਪਰ ਬ੍ਰਹਮ ਦੀ ਸੋਝੀ ਰੱਖਣ ਵਾਲਿਆਂ ਨੂੰ ਹਰ ਪਾਸੇ ਬ੍ਰਹਮ ਹੀ ਦਿੱਸਣ ਕਰਕੇ ਉਨ੍ਹਾਂ ਨੇ ਸਦਾ ਸੁਖ ਹੀ ਮਨੁੱਖ ਦੀ ਝੋਲੀ ਵਿਚ ਪਾਇਆ। ਬ੍ਰਹਮ ਗਿਆਨੀ ਜੋ ਕੁਝ ਵੀ ਕਰਦਾ ਹੈ ਸਭ ਕੁਝ ਭਲਾ ਹੀ ਕਰਦਾ ਹੈ। ਕਦਮ ਚੱਲਦੇ ਹਨ ਤਾਂ ਭੁਲਿਆਂ ਨੂੰ ਰਾਹੇ ਪਾ ਦਿੰਦੇ ਹਨ, ਹੱਥ ਉਠਦਾ ਹੈ ਤਾਂ ਪਰਉਪਕਾਰ ਕਰਦਾ ਹੈ, ਰਸਨਾ ਬੋਲਦੀ ਹੈ ਤਾਂ ਭਲਾ ਹੀ ਕਰਦੀ ਹੈ, ਦ੍ਰਿਸ਼ਟੀ ਪੈਂਦੀ ਹੈ ਤਾਂ ਅੰਮ੍ਰਿਤ ਵਰਖਾ ਹੁੰਦੀ ਹੈ।

***ਬ੍ਰਹਮ ਗਿਆਨੀ ਕੈ ਹੋਇ ਸੁ ਭਲਾ॥ ਬ੍ਰਹਮ ਗਿਆਨੀ ਸੁਫਲ ਫਲਾ॥*** (੨੭੩)

ਸਹਿਜ ਦੀ ਅਵਸਥਾ ਵਿਚੋਂ ਪ੍ਰਗਟੇ ਇਸ ਸੱਚ ਦੇ ਗਿਆਨ ਨੇ ਅੰਦਰੂਨੀ ਦਸ਼ਾ ਹੀ ਅਜਿਹੀ ਬਣਾ ਦਿੱਤੀ ਕਿ ਬ੍ਰਹਮ ਗਿਆਨੀ ਸਦੀਵ ਇਕ ਹੀ ਪ੍ਰਭੂ ਪਿਆਰ ਵਿਚ ਅੱਠ ਹੀ ਪਹਿਰ ਜੁੜਿਆ ਰਹਿੰਦਾ ਹੈ। ਉਸ ਦਾ ਤਾਂ ਸੰਸਾਰ ਜਾਂ ਹੋਰ ਕਿਸੇ ਸੰਸਾਰੀ ਚੀਜ਼ ਨਾਲ ਕੋਈ ਲਗਾਵ ਨਹੀਂ ਕੇਵਲ ਇਕ ਪ੍ਰਮੇਸ਼ਰ ਹੀ ਪਿਆਰਾ ਲੱਗਦਾ ਹੈ। ਹਰ ਪਾਸੇ ਉਹ ਨਿਰੰਕਾਰ ਹੀ ਵੱਸਦਾ ਨਜ਼ਰ ਆਉਂਦਾ ਹੈ। ਅਸਲ ਵਿਚ ਪ੍ਰਮੇਸ਼ਰ ਸਦੀਵ ਆਪਣੇ ਪਿਆਰਿਆਂ ਦੇ ਅੰਗ ਸੰਗ ਰਹਿੰਦਾ ਹੈ। ਬ੍ਰਹਮ ਗਿਆਨੀ ਦੀ ਜ਼ਿੰਦਗੀ ਦਾ ਅਧਾਰ ਵੀ ਕੇਵਲ ਰੱਬੀ ਨਾਮ ਹੀ ਹੁੰਦਾ ਹੈ। ਇਥੋਂ ਤੱਕ ਕਿ ਇਹ ਰੱਬੀ ਗਿਆਨ ਵੀ ਅਧਾਰ ਨਹੀਂ ਹੁੰਦਾ। ਅਧਾਰ ਭਾਵ ਆਸਰਾ ਕੇਵਲ ਨਾਮ ਦਾ ਹੀ ਹੁੰਦਾ ਹੈ। ਜਿਵੇਂ ਸੰਸਾਰੀ ਬੰਦੇ ਤਾਂ ਸੰਸਾਰੀ ਕੁਟੰਬ ਨੂੰ ਹੀ ਵੇਖ ਵੇਖ ਬਿਗਸਦੇ ਰਹਿੰਦੇ ਹਨ ਕਿਉਂਕਿ ਉਹ ਪਰਿਵਾਰ ਨੂੰ ਹੀ ਸਹਾਰਾ ਸਮਝਦੇ ਹਨ ਪਰ ਬ੍ਰਹਮ ਗਿਆਨੀ ਦਾ ਤਾਂ ਪਰਿਵਾਰ ਵੀ ਨਾਮ ਹੀ ਹੈ ਭਾਵ ਨਾਮ ਜਪਣ ਜਪਾਉਣ ਵਾਲੇ ਹੀ ਅਸਲ ਸਨਬੰਧੀ ਜਾਪਦੇ ਹਨ। ਨਾਮ ਨਾਲ ਪ੍ਰੀਤ ਹੋਣ ਕਰਕੇ ਨਾਮ ਜਪਣ ਵਾਲੇ ਹੀ ਰਿਸ਼ਤੇਦਾਰ ਸਨਬੰਧੀ ਤੇ ਭਾਈ ਮਿੱਤਰ ਹੁੰਦੇ ਹਨ। ਹਰ ਵਕਤ ਆਪ ਨਾਮ ਜਪਣਾ ਤੇ ਜਪਣ ਜਪਾਉਣ ਵਾਲਿਆਂ ਵਿਚ ਰਹਿਣਾ ਇਸ ਕਰਕੇ ਹਰ ਵਕਤ ਆਪਣੀ ਜ਼ਿੰਦਗੀ ਦਾ ਹਰ ਪਲ ਜਾਗ ਕੇ ਭਾਵ ਪ੍ਰਭੂ ਦੇ ਲੇਖੇ ਵਿਚ ਲਾ ਕੇ ਜਿਉਂਦੇ ਹਨ। ਜਾਗਣ ਵਾਲੇ ਨੂੰ ਅਹੰਬੁਧਿ ਵੀ ਨੇੜੇ ਨਹੀਂ ਆ ਸਕਦੀ। ਹਿਰਦੇ ਦੇ ਮੰਦਰ ਵਿਚ ਨਿਰੰਕਾਰ ਦਾ ਵਾਸਾ ਹੁੰਦਾ ਹੈ। ਜਿਥੇ ਪਰਮਆਨੰਦ ਦਾ ਮਾਲਿਕ ਵੱਸਦਾ ਹੋਵੇ ਭਾਵ ਜਿਸ ਪਿਆਰੇ ਦਾ ਹਿਰਦਾ ਪ੍ਰਭੂ ਪ੍ਰਮੇਸ਼ਰ ਦੇ ਰਹਿਣ ਦਾ ਮੰਦਰ ਬਣ ਜਾਵੇ ਉਥੇ ਸਦਾ ਹੀ ਆਨੰਦ ਬਣਿਆ ਰਹਿੰਦਾ ਹੈ। ਬ੍ਰਹਮ ਗਿਆਨੀ ਉਹੋ ਸਹਜ ਵਿਚੋਂ ਪੈਦਾ ਹੋਏ ਸੁਖ ਨਾਲ ਹਰ ਜ਼ਿੰਦਗੀ ਦੇ ਪਲ ਨੂੰ ਖੁਸ਼ੀ ਖੁਸ਼ੀ ਪ੍ਰਭੂ ਦੀ ਯਾਦ ਦੇ ਲੇਖੇ ਲਾਉਂਦਾ ਹੈ। ਬ੍ਰਹਮ ਗਿਆਨੀ ਦੀ ਆਤਮਾ ਪ੍ਰਮਾਤਮਾ ਦਾ ਰੂਪ ਹੋ ਜਾਣ ਕਰਕੇ ਨਾ ਰੱਬ ਨੂੰ ਮੌਤ ਆਉਂਦੀ ਹੈ ਅਤੇ ਨਾ ਹੀ ਕਦੇ ਅਜਿਹੇ ਬ੍ਰਹਮ ਗਿਆਨੀ ਦਾ ਬਿਨਾਸ ਹੁੰਦਾ ਹੈ। ਬ੍ਰਹਮ ਗਿਆਨੀ ਦੀ ਅੰਦਰੂਨੀ ਤਸਵੀਰ ਨੂੰ ਗੁਰੂ ਅਰਜਨ ਸਾਹਿਬ ਪਾਤਿਸ਼ਾਹ ਜੀ ਨੇ ਇਨ੍ਹਾਂ ਅੰਮ੍ਰਿਤ ਬਚਨਾਂ ਰਾਹੀਂ ਨਿਰੂਪਣ ਕੀਤਾ ਹੈ ਕਿ-

*ਬ੍ਰਹਮ ਗਿਆਨੀ ਕੈ ਏਕੈ ਰੰਗ॥ ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ॥*
*ਬ੍ਰਹਮ ਗਿਆਨੀ ਕੈ ਨਾਮੁ ਅਧਾਰੁ॥ ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ॥*
*ਬ੍ਰਹਮ ਗਿਆਨੀ ਸਦਾ ਸਦ ਜਾਗਤ॥ ਬ੍ਰਹਮ ਗਿਆਨੀ ਅਹੰਬੁਧਿ ਤਿਆਗਤ॥*
*ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ॥ ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ॥*
*ਬ੍ਰਹਮ ਗਿਆਨੀ ਸੁਖ ਸਹਜ ਨਿਵਾਸ ॥ ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ॥* (੨੭੩)

ਜਣਾਉਣਾ ਤੇ ਬਣਾਉਣਾ, ਦੋ ਸ਼ਬਦਾਂ ਦੀ ਵੀਚਾਰ ਨਾਲ ਥੋੜ੍ਹੀ ਹੋਰ ਸਪੱਸ਼ਟਤਾ ਹੋ ਜਾਏਗੀ। ਬ੍ਰਹਮ ਦਾ ਗਿਆਨ ਨਿਰੀ ਜਾਣਕਾਰੀ ਹੀ ਨਹੀਂ ਹੁੰਦੀ ਇਸ ਨਾਲ ਤਾਂ ਸਗੋਂ ਜੀਵਨ ਬਣ ਜਾਂਦਾ ਹੈ ਭਾਵ ਜਿਹੜੇ ਰੱਬੀ ਗੁਣ ਹਨ ਉਹੋ ਜਿਹੇ ਹੀ ਗੁਣ ਬ੍ਰਹਮ ਗਿਆਨੀ ਦੀ

Sri Satguru Jagjit Singh Ji eLibrary NamdhariElibrary@gmail.com

ਜ਼ਿੰਦਗੀ ਵਿਚ ਪ੍ਰਵੇਸ਼ ਕਰ ਜਾਂਦੇ ਹਨ ਕਿਉਂਕਿ ਰੱਬੀ ਫੁਰਮਾਨ ਹੈ—

***ਜਿਨਿ ਜਾਤਾ ਸੋ ਤਿਸ ਹੀ ਜੇਹਾ॥ ਅਤਿ ਨਿਰਮਾਇਲੁ ਸੀਝਸਿ ਦੇਹਾ॥*** (੯੩੧)

***ਜੈਸਾ ਸੇਵੈ ਤੈਸੋ ਹੋਇ॥*** (੨੨੩)

ਇਸ ਕਰਕੇ ਬਾਹਰੀ ਦੇਖਣ ਲਈ ਤਾਂ ਭਾਵੇਂ ਬ੍ਰਹਮ ਗਿਆਨੀ ਇਕ ਮਨੁੱਖੀ ਜਾਮਾ ਪਹਿਨਿਆ ਹੋਇਆ ਆਮ ਇਨਸਾਨ ਵਰਗਾ ਹੀ ਲੱਗਦਾ ਹੈ ਪਰ ਅੰਦਰੂਨੀ ਗੁਣਾਂ ਦੇ ਕਰਕੇ ਪ੍ਰਮੇਸ਼ਰ ਦਾ ਹੀ ਰੂਪ ਹੋ ਚੁੱਕਾ ਹੁੰਦਾ ਹੈ। ਧੰਨ ਗੁਰੂ ਅਰਜਨ ਸਾਹਿਬ ਜੀ ਨੇ ਤਿਮਰ ਗਿਆਨੀਆਂ ਨੂੰ ਅਲਾਹੀ ਗੁਣਾਂ ਨਾਲ ਭਰਪੂਰ ਅਜਿਹੀ ਤਸਵੀਰ ਦੇ ਹੀ ਦਰਸ਼ਨ ਕਰਵਾਏ ਹਨ।

***ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥*** (੨੭੩)

ਬ੍ਰਹਮ ਗਿਆਨੀ ਅੰਦਰ ਅਜਿਹੀ ਤਾਕਤ ਦਾ ਨਿਵਾਸ ਹੁੰਦਾ ਹੈ ਕਿ ਉਹ ਸਭ ਕੁਝ ਕਰ ਸਕਦਾ ਹੈ ਪਰ ਇਕ ਤਾਂ ਕਰਤਾ ਭਾਵ ਵਾਲਾ ਅਹੰ ਭਾਵ ਨਹੀਂ ਹੁੰਦਾ ਦੂਜਾ ਇਥੇ ਪਹੁੰਚ ਕੇ ਵੀ ***ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ*** (੧੦੦੦) ਦਾ ਹੀ ਧਾਰਨੀ ਹੁੰਦਾ ਹੈ। ਮੌਤ ਜਿਥੇ ਅਸਰ ਨਹੀਂ ਕਰ ਸਕਦੀ ਅਜਿਹਾ ਰੱਬ ਦਾ ਹੀ ਘਰ ਹੈ ਭਾਵ ਰੱਬ ਕਦੇ ਮਰਦਾ ਨਹੀਂ ਇਸ ਤਰ੍ਹਾਂ ਹੀ ਬ੍ਰਹਮ ਗਿਆਨੀ ਨੂੰ ਵੀ ਕਦੇ ਮੌਤ ਆਪਣੀ ਗ੍ਰਿਫ਼ਤ ਵਿਚ ਨਹੀਂ ਲੈ ਸਕਦੀ। ਸਦੀਵਤਾ ਦਾ ਜੀਵਨ ਹੈ। ਬ੍ਰਹਮ ਗਿਆਨੀ ਕੋਲ ਮੌਤ ਦੀ ਗੁਲਾਮੀ ਨਹੀਂ ਬਲਕਿ ਮੌਜ ਦਾ ਮਾਲਿਕ ਹੁੰਦਾ ਹੈ। ਜਿਉਂਦੇ ਵਿਚ ਜਿਉਂਦਾ ਹੀ ਅਭੇਦ ਹੋ ਸਕਦਾ ਹੈ? ਇਸ ਲਈ ਬ੍ਰਹਮ ਗਿਆਨੀ ਕਦੇ ਨਹੀਂ ਮਰਦਾ। ਸਰੀਰਿਕ ਪੁਸ਼ਾਕ ਦਾ ਤਿਆਗ ਮੌਤ ਨਹੀਂ ਹੁੰਦੀ ਇਹ ਤਾਂ ਬਲਕਿ ਆਪਣੇ ਘਰ ਜਾਣਾ ਹੁੰਦਾ ਹੈ। ਬ੍ਰਹਮ ਗਿਆਨੀ ਅੰਦਰ ਸਮਾਏ ਹੋਏ ਅਜਿਹੇ ਗੁਣ ਵੀ ਰੱਬੀ ਹੀ ਹਨ ਇਹ ਆਮ ਮਨੁੱਖੀ ਗੁਣ ਨਹੀਂ ਹੁੰਦੇ ਕਿ—

***ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ॥ ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ॥*** (੨੭੩)

ਜਿਵੇਂ ਪ੍ਰਮੇਸ਼ਰ ਸਭ ਦਾ ਮਾਲਿਕ (ਨਾਥ) ਹੈ ਅਤੇ ਉਸ ਦਾ ਮਿਹਰ ਭਰਿਆ ਹੱਥ ਸਭ 'ਤੇ ਹੈ। ਇਸ ਤਰ੍ਹਾਂ ਹੀ ਬ੍ਰਹਮ ਗਿਆਨੀ ਕੋਲ ਵੀ ਕੋਈ ਆ ਜਾਵੇ ਉਹ ਬਿਨਾਂ ਕੋਈ ਗੁਣ ਤੇ ਔਗੁਣ ਵਿਚਾਰਿਆ ਮਾਲਿਕ ਵਾਲੇ ਸੁਭਾਅ ਦੀ ਪਹਿਚਾਣ ਕਰਦਿਆਂ ਸਭ 'ਤੇ ਹੀ ਮਿਹਰ ਭਰਿਆ ਹੱਥ ਰੱਖ ਕੇ ਰੱਬੀ ਦਰਗਾਹ ਵਿਚ ਸਰਖ਼ੁ ਰੂ ਕਰਵਾ ਸਕਦਾ ਹੈ। ਹਿਰਦੇ ਵਿਚ ਰੱਬੀ ਗੁਣ ਸਮਾਅ ਜਾਣ ਕਰਕੇ ਭਾਵ ਜਿਹੋ ਜਿਹੇ ਗੁਣ ਰੱਬ ਵਿਚ ਹਨ ਉਹੋ ਜਿਹੇ ਹੀ ਰੱਬੀ ਪਿਆਰ ਵਾਲੇ ਹਿਰਦੇ ਵਿਚ ਹੋਣ ਕਰਕੇ ਸਤਿਗੁਰੂ ਜੀ ਨੇ ਇਥੋਂ ਤੱਕ ਆਖ ਦਿੱਤਾ ਕਿ ਬ੍ਰਹਮ ਗਿਆਨੀ ਮਾਨੋ ਆਪ ਨਿਰੰਕਾਰ ਹੈ।

***ਬ੍ਰਹਮ ਗਿਆਨੀ ਕਾ ਸਗਲ ਅਕਾਰੁ॥ ਬ੍ਰਹਮ ਗਿਆਨੀ ਆਪਿ ਨਿਰੰਕਾਰੁ॥*** (੨੭੩)

***ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ॥ ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ॥*** (੨੭੪)

ਗੁਰੂ ਅਰਜਨ ਸਾਹਿਬ ਪਾਤਿਸ਼ਾਹ ਜੀ ਨੇ ਹੀ ਅਜਿਹੇ ਰੱਬੀ ਗੁਣਾਂ ਨਾਲ ਭਰਪੂਰ ਪੁਰਖ

Sri Satguru Jagjit Singh Ji eLibrary NamdhariElibrary@gmail.com

ਦੀ ਵੀਚਾਰ ਸਲੋਕ ਸਹਸਕ੍ਰਿਤੀ ਵਿਚ ਵੀ ਬਖਸ਼ਿਸ਼ ਕੀਤੀ ਹੈ। ਸਤਿਗੁਰੂ ਮਹਾਰਾਜ ਜੀ ਨੇ ਛੇ ਪ੍ਰਮੁੱਖ ਗੁਣ ਪੂਰਨ ਪੁਰਖ ਦੀ ਜ਼ਿੰਦਗੀ ਦੇ ਬਿਆਨ ਕੀਤੇ ਹਨ ਸਭ ਤੋਂ ਪਹਿਲਾ ਲੱਛਣ ਬਿਆਨ ਕਰਦੇ ਹਨ ਕਿ ਪ੍ਰਮੇਸ਼ਰ ਦੇ ਨਾਮ ਦਾ ਮੰਤਰ ਜਪਦੇ ਰਹਿਣਾ ਹਰ ਪਾਸੇ ਪ੍ਰੀਤਮ ਪਿਆਰੇ ਦੇ ਦੀਦਾਰ ਕਰਕੇ ਭਾਵ ਸੁਰਤਿ ਦੀਆਂ ਅੱਖਾਂ ਨਾਲ ਹਰ ਤਰਫ ਹਰੀ ਹੀ ਵੇਖਣਾ। ਸੁਰਤਿ ਦਾ ਇਕ ਰਸ ਪਿਆਰੇ ਦੀ ਯਾਦ ਵਿਚ ਹੀ ਲਿਵਲੀਨ ਰਹਿਣਾ ਇਹ ਪ੍ਰਥਮ ਲੱਛਣ ਹੈ। ਫਿਰ ਦੂਜਾ ਲੱਛਣ ਬਿਆਨ ਕਰਦਿਆਂ ਆਖਦੇ ਹਨ ਕਿ ਅਜਿਹਾ ਰੱਬੀ ਆਸ਼ਿਕ ਦੁੱਖਾਂ ਸੁਖਾਂ ਦਾ ਵਪਾਰੀ ਨਹੀਂ ਹੁੰਦਾ ਬਲਕਿ ਪ੍ਰਭੂ ਪਿਆਰੇ ਦੀ ਆਗਿਆ ਵਿਚ ਦੁੱਖ ਤੇ ਸੁਖ ਬਰਾਬਰ ਜਾਪਦੇ ਹਨ। ਜੀਵਨ ਦੀਆਂ ਘੜੀਆਂ ਅਜਿਹੀ ਨਿਰਮਲ ਜੁਗਤੀ ਨਾਲ ਬਤੀਤ ਕਰਨੀਆਂ ਕਿ ਜ਼ਿੰਦਗੀ ਦੇ ਪਾਵਨ ਵਿਹੜੇ ਵਿਚ ਕਦੇ ਵੈਰ ਵਿਰੋਧਤਾ ਦਾ ਬੀਜ ਪੁੰਗਰਨ ਹੀ ਨਹੀਂ ਦੇਣਾ। ਅਜਿਹੇ ਪੂਰਨ ਪੁਰਖ ਦੀ ਜ਼ਿੰਦਗੀ ਦਾ ਤੀਸਰਾ ਪਵਿੱਤ੍ਰ ਗੁਣ ਹੁੰਦਾ ਹੈ ਕਿ ਪੰਜੇ ਵਿਕਾਰਾਂ ਨੂੰ ਕਾਬੂ ਕਰਕੇ ਜਿਥੇ ਆਪਣਾ ਜੀਵਨ ਉੱਚਾ ਕਰ ਜਿਉਣਾ ਹੈ, ਉਥੇ ਹਰ ਇਕ ਜੀਵ ਨਾਲ ਪਿਆਰ ਹਮਦਰਦੀ ਕਰਨੀ ਕਿ ਰੱਬ ਕਰੇ ਅਜਿਹੇ ਗੁਣ ਹੋਰ ਕਿਸੇ ਅੰਦਰ ਵੀ ਪੈਦਾ ਹੋ ਸਕਣ। ਈਰਖਾ ਭਾਵ ਮਿਟ ਜਾਂਦਾ ਹੈ। ਜ਼ਿੰਦਗੀ ਜਿਉਣ ਦਾ ਆਸਰਾ ਕੋਈ ਫ਼ਾਨੀ ਦੁਨੀਆਂ ਦੀ ਸ਼ੈਅ ਨਹੀਂ ਹੁੰਦੀ ਬਲਕਿ ਰੱਬੀ ਸਿਫਤ ਸਲਾਹ ਹੀ ਜ਼ਿੰਦਗੀ ਦਾ ਸਹਾਰਾ ਹੁੰਦੀ ਹੈ। ਸਿਫਤ ਸਲਾਹ ਆਖਿਆਂ ਹੀ ਜੀਵਨ, ਤੇ ਭੁਲਿਆਂ ਮੌਤ ਭਾਸਦੀ ਹੈ। ਰੱਬੀ ਸਿਫਤਾਂ ਨਾਲ ਹਿਰਦਾ ਸਰਸ਼ਾਰ ਕਰਕੇ ਮਾਇਆ ਵਿਚੋਂ ਕਮਲ ਫੁੱਲ ਵਾਂਗ ਨਿਰਲੇਪ ਰਹਿਣਾ ਪੂਰਨ ਪੁਰਖਾਂ ਦਾ ਚੌਥਾ ਪਵਿੱਤਰ ਲੱਛਣ ਹੁੰਦਾ ਹੈ। ਇਨ੍ਹਾਂ ਸ਼ੁਭ ਗੁਣਾਂ ਦੀ ਲੜੀ ਵਿਚੋਂ ਪੰਜਵਾਂ ਗੁਣ ਹੁੰਦਾ ਹੈ ਕਿ ਮਿੱਤਰ ਤੇ ਵੈਰੀ ਨਾਲ ਇਕੋ ਜਿਹਾ ਵਰਤਾਉ ਕਰਨਾ ਭਾਵ ਮਿੱਤਰ ਲਈ ਮੋਹ ਨਹੀਂ ਤੇ ਵੈਰੀ ਲਈ ਨਫ਼ਰਤ ਨਹੀਂ ਹੁੰਦੀ ਦੋਨਾਂ ਲਈ ਇਕੋ ਜਿਹਾ ਵਰਤਾਉ ਕਰਦਿਆਂ ਸਦਾ ਪ੍ਰਭੂ ਭਗਤੀ ਵਿਚ ਲੀਨ ਰਹਿਣਾ ਹੈ। ਆਖਰੀ ਤੇ ਛੇਵਾਂ ਪਾਵਨ ਗੁਣ ਹੈ ਕਿ ਕਦੇ ਕਿਸੇ ਦੀ ਨਿੰਦਾ ਨਾ ਕਰਨੀ ਤੇ ਸਭ ਦੇ ਚਰਨਾਂ ਦੀ ਧੂੜ ਬਣ ਜਾਣਾ ਕਿਉਂਕਿ ਅਧਿਆਤਮਿਕ ਜ਼ਿੰਦਗੀ ਦੇ ਪ੍ਰਮੁੱਖ ਲੁਟੇਰਿਆਂ ਵਿਚੋਂ ਪਰਾਈ ਨਿੰਦਾ ਤੇ ਆਪਣੀ ਉਸਤਤਿ ਵੀ ਖਾਸ ਲੁਟੇਰੇ ਹਨ ਜਿਹੜੇ ਲੰਮੀ ਘਾਲਣਾ ਘਾਲ ਕੇ ਪੈਦਾ ਕੀਤੇ ਰੱਬੀ ਪਿਆਰ ਤੇ ਅਧਿਆਤਮਿਕ ਜੀਵਨ ਨੂੰ ਲੁਟਦਿਆਂ ਪਲ ਵੀ ਨਹੀਂ ਲਾਉਂਦੇ। ਪਤਾ ਵੀ ਨਹੀਂ ਲੱਗਦਾ ਕਦੋਂ ਜੀਵਨ ਦਾ ਭਾਂਡਾ ਖਾਲੀ ਕਰਕੇ ਜੀਵ ਦੇ ਹੱਥ ਪਕੜਾ ਦਿੰਦੇ ਹਨ। ਇਸ ਕਰਕੇ ਛੇਵਾਂ ਗੁਣ ਹੁੰਦਾ ਹੈ ਕਿ ਕਦੇ ਨਿੰਦਾ ਨਹੀਂ ਕਰਦੇ ਆਪਾ ਭਾਵ ਮਿਟਾ ਕੇ ਸਦਾ ਚਰਨਾਂ ਦੀ ਧੂੜ ਬਣੇ ਰਹਿਣਾ ਪਸੰਦ ਕਰਦੇ ਹਨ। ਸਤਿਗੁਰੂ ਜੀ ਦੀ ਜ਼ੁਬਾਨੇ ਪਾਕ ਦਾ ਫੁਰਮਾਨ ਹੈ ਕਿ—

*"ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ॥*
*ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥*
*ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥*

Sri Satguru Jagjit Singh Ji eLibrary NamdhariElibrary@gmail.com

*ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ॥*
*ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥*
*ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਿਾਗਿ ਸਗਲ ਰੇਣੁਕਹ॥*
*ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ॥* (੧੩੫੭)

ਅਜਿਹੀ ਅਵਸਥਾ ਕਿਸੇ ਮਨੁੱਖੀ ਉਪਰਾਲੇ ਦਾ ਨਤੀਜਾ ਨਹੀਂ ਹੁੰਦੀ ਬਲਕਿ *"ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ॥ ਬ੍ਰਹਮ ਗਿਆਨੀ ਕਾ ਬਡ ਪਰਤਾਪ॥"* ਨਿਰੋਲ ਰੱਬੀ ਅਸੀਸ ਤੇ ਬਖਸ਼ਿਸ਼ ਹੁੰਦੀ ਹੈ। ਬਾਹਰੀ ਲਿਬਾਸ ਅਨੇਕਾਂ ਬਣਾ ਸਕਦੇ ਹਨ ਪਰ ਅੰਦਰੋਂ ਅਜਿਹੀ ਰੰਗਤ ਵਿਚ ਉਹੋ ਹੀ ਰੰਗੇ ਜਾਂਦੇ ਹਨ ਜਿਨ੍ਹਾਂ ਨੂੰ ਸਾਂਈਂ ਆਪ ਹੀ ਰਹਿਮਤ ਕਰਕੇ ਰੰਗਦਾ ਹੈ।

*ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ॥*
*ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ॥* (੭੨੨)

ਅਜਿਹੀ ਆਤਮਿਕ ਰੰਗਣ ਵਿਚ ਰੰਗਿਆਂ ਲਈ ਸੰਸਾਰੀ ਲੋਕਾਂ ਨੇ ਭਾਵੇਂ ਕਈ ਸ਼ਬਦ ਵਰਤੇ ਹਨ ਜਿਵੇਂ ਸਾਧ, ਬ੍ਰਹਮ ਗਿਆਨੀ, ਸੰਤ ਮਹਾਂਪੁਰਖ, ਪੂਰਨ ਪੁਰਖ, ਗੁਰਸਿਖ, ਗੁਰਮੁਖ ਆਦਿਕ ਪਰ ਅੰਦਰਲੀ ਅਵਸਥਾ ਇਕੋ ਹੁੰਦੀ ਹੈ। ਇਸ ਲਈ ਹੀ ਤਾਂ ਜਿਥੇ ਧੰਨ ਗੁਰੂ ਅਰਜਨ ਸਾਹਿਬ ਜੀ ਨੇ ਸੁਖਮਨੀ ਸਾਹਿਬ ਵਿਚ ਸਾਧ, ਸੰਤ ਤੇ ਬ੍ਰਹਮ ਗਿਆਨੀ ਸ਼ਬਦ ਵਰਤੇ ਹਨ ਉਥੇ, ਇਕ ਵਾਰੀ ਗੁਰੂ ਅਰਜਨ ਸਾਹਿਬ ਆਪ ਆਪਣੇ ਗੱਲ ਵਿਚ ਪਾਇਆ ਪੱਲਾ ਅੱਡ ਕੇ ਰੱਬੀ ਦਰਗਾਹ ਵਿਚੋਂ ਕੁਝ ਜਾਚਨਾ ਕਰ ਰਹੇ ਸਨ। ਇਕ ਜਗਿਆਸੂ ਨੇ ਦੇਖ ਕੇ ਬੇਨਤੀ ਕੀਤੀ ਕਿ ਪਾਤਿਸ਼ਾਹ ਜੀ ਤੁਹਾਨੂੰ ਅਸੀਂ ਹਰ ਵਕਤ ਦਾਤਾ ਰੂਪ ਵਿਚ ਹੀ ਦੇਖਿਆ ਭਾਵ ਆਪ ਜੀ ਦਾਤਾਂ ਵੰਡਦੇ ਹੀ ਨਜ਼ਰ ਆਏ ਹੋ ਪਰ ਅੱਜ ਆਪ ਜੀ ਨੂੰ ਵੀ ਇਸ ਤਰ੍ਹਾਂ ਜਾਚਨਾ ਕਰਦਿਆਂ ਦੇਖ ਕੇ ਖਿਆਲ ਪੈਦਾ ਹੋ ਗਿਆ ਕਿ ਅਜਿਹੀ ਕਿਹੜੀ ਦਾਤਿ ਹੈ। ਜਿਸ ਦੀ ਜਾਚਨਾ ਪ੍ਰਤੱਖ ਹਰਿ ਦੀ ਮੂਰਤਿ ਕਰ ਰਹੀ ਹੋਵੇ, ਤਾਂ ਸਤਿਗੁਰੂ ਗੁਰੂ ਅਰਜਨ ਸਾਹਿਬ ਜੀ ਨੇ ਬੜੇ ਪ੍ਰੇਮ ਤੇ ਬੈਰਾਗ ਵਿਚ ਗੱਦ ਗੱਦ ਹੁੰਦਿਆਂ ਆਖਿਆ ਸੀ ਕਿ ਭਾਈ ਜਿਹੜੀ ਦਾਤਿ ਮੈਂ ਮੰਗ ਰਿਹਾ ਹਾਂ ਇਹ ਤਾਂ ਬਹੁਤ ਮਹਿੰਗੀ ਤੇ ਦੁਰਲੱਭ ਹੈ। ਜਿਸ ਨੂੰ ਇਹ ਪ੍ਰਾਪਤ ਹੋ ਜਾਵੇ ਉਹ ਬਹੁਤ ਹੀ ਸੁਭਾਗਾ ਤੇ ਵਡਭਾਗਾ ਹੁੰਦਾ ਹੈ। ਸਤਿਗੁਰੂ ਜੀ ਨੇ ਅਲਾਹੀ ਫੁਰਮਾਨ ਗਾਇਆ ਸੀ।

*ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥*
*ਨਾਨਕ ਦਾਸੁ ਇਹੈ ਸੁਖੁ ਮਾਗੈ ਮੋਕਉ ਕਰਿ ਸੰਤਨ ਕੀ ਧੂਰੇ॥* (੧੩)

ਜਾਂ ਫਿਰ—

*ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥* (੧੪੨੪)

ਇਕ ਵਾਰੀ ਦਾ ਹੋਰ ਪਵਿੱਤਰ ਸੰਬਾਦ ਵੀ ਕੁਝ ਅਜਿਹਾ ਹੀ ਹੋਰ ਇਸ਼ਾਰਾ ਕਰਦਾ ਹੈ ਕਿ ਇਕ ਦਿਨ ਸਤਿਗੁਰੂ ਜੀ ਹਰਿਮੰਦਰ ਸਾਹਿਬ ਦੀ ਪਾਵਨ ਇਮਾਰਤ ਬਾਰੇ ਸਮਝਾ ਰਹੇ ਸਨ

Sri Satguru Jagjit Singh Ji eLibrary NamdhariElibrary@gmail.com

ਕਾਰੀਗਰ, ਸੇਵਕ ਜਨ ਸਾਰੇ ਬਹੁਤ ਹੀ ਧਿਆਨ ਨਾਲ ਸਮਝ ਰਹੇ ਸਨ। ਇਕ ਜਗਿਆਸੂ ਨੇ ਹੱਥ ਜੋੜ ਬੇਨਤੀ ਕੀਤੀ ਕਿ ਮਿਹਰਾਂ ਦੇ ਸਾਂਈ ਜੀਓ ! ਕਿਰਪਾ ਕਰਕੇ ਇਕ ਵੀਚਾਰ ਹੋਰ ਸਮਝਾ ਦਿਉ ਕਿ ਇਸ ਪਾਵਨ ਅਸਥਾਨ ਦੇ ਆਪ ਜੀ ਨੇ ਦਰਵਾਜ਼ੇ ਵੀ ਚਾਰ ਰਖਵਾਏ ਹਨ। ਇਮਾਰਤ ਵੀ ਬਹੁਤੀ ਵੱਡੀ ਨਹੀਂ ਫਿਰ ਇਥੇ ਪ੍ਰਕਾਸ਼ ਕਰਨਾ ਵੀ ਫੁਰਮਾ ਰਹੇ ਹੋ ਪਰ ਇਹ ਤਾਂ ਦੱਸੋ ਕਿ ਨਾਮ ਰਸੀਏ, ਹੰਸ ਬ੍ਰਿਤੀ ਦੇ ਮਾਲਿਕ ਪ੍ਰਭੂ ਪ੍ਰੇਮ ਵਿਚ ਭਿੱਜੇ ਹੋਏ ਜਗਿਆਸੂ ਜਨ ਭਾਵ ਸਾਧ ਸੰਗਤ ਰੂਪ ਪ੍ਰਭੂ ਪਿਆਰੇ ਫਿਰ ਕਿਥੇ ਬੈਠਿਆ ਕਰਨਗੇ ਤਾਂ ਸਤਿਗੁਰੂ ਜੀ ਨੇ ਸਮਝਾਇਆ ਸੀ ਕਿ ਜਿਹੜਾ ਵੀ ਅਜਿਹੀ ਬ੍ਰਹਮ ਗਿਆਨੀ ਦੀ ਬ੍ਰਿਤੀ ਦਾ ਮਾਲਿਕ ਬਣ ਜਾਇਆ ਕਰੇਗਾ ਉਸ ਪ੍ਰਤੀ ਅੰਮ੍ਰਿਤ ਬਾਣੀ ਦਾ ਫੁਰਮਾਨ ਹੈ—

***ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥*** (੨੬੬)

ਇਸ ਲਈ ਮੈਂ ਉਸ ਨੂੰ ਆਪਣੇ ਬਰਾਬਰ ਨਹੀਂ ਬਲਕਿ ਆਪਣੇ ਤੋਂ ਵੀ ਉਚੀ ਥਾਂ 'ਤੇ ਬਿਠਾਇਆ ਕਰਾਂਗਾ। ਅੱਜ ਵੀ ਹਰਿਮੰਦਰ ਸਾਹਿਬ ਜੀ ਦੇ ਦੀਦਾਰ ਕਰਕੇ ਸਪੱਸ਼ਟ ਹੋ ਜਾਂਦਾ ਹੈ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਤਾਂ ਥੱਲੇ ਹੁੰਦਾ ਹੈ ਪਰ ਸਤਸੰਗਤ ਗੈਲਰੀ ਵਿਚ ਬੈਠ ਆਤਮਿਕ ਆਨੰਦ ਮਾਣਦੀ ਹੈ। ਖਿਆਲ ਕਰਨਾ ਹਰਿਮੰਦਰ ਸਾਹਿਬ ਕਿਸੇ ਸਿੱਖ ਜਗਿਆਸੂ ਦੀ ਉਪਜ ਨਹੀਂ ਬਲਕਿ ਧੰਨ ਗੁਰੂ ਅਰਜਨ ਸਾਹਬਿ ਪਾਤਿਸ਼ਾਹ ਜੀ ਦੀ ਮੌਜੂਦਗੀ ਤੇ ਨਿਗਰਾਨੀ ਵਿਚ ਤਿਆਰ ਕੀਤਾ ਰੱਬੀ ਸਿਫਤੋ ਸਲਾਹ ਦਾ ਜਿਉਂਦਾ ਜਾਗਦਾ ਮੰਦਰ ਹੈ।

ਉਪਰੋਕਤ ਵੀਚਾਰ ਦਾ ਭਾਵ ਹੈ ਕਿ ਬੰਦਗੀ ਕਰਕੇ ਰੱਬ ਦੇ ਘਰ ਬ੍ਰਹਮ ਗਿਆਨੀ ਦੀ ਕੀ ਅਵਸਥਾ ਹੈ ਉਸ ਦਾ ਪ੍ਰਤੱਖ ਪ੍ਰਮਾਣ ਹਰਿਮੰਦਰ ਸਾਹਿਬ ਵਿਚੋਂ ਮਿਲ ਜਾਂਦਾ ਹੈ। ਇਸ ਲਈ ਹੀ ਤਾਂ ਜਿਵੇਂ ਰੱਬ ਦੀ ਸਿਫਤ ਸਲਾਹ ਦਾ ਕੋਈ ਅੰਤ ਨਹੀਂ ਪਾ ਸਕਦਾ, ਬ੍ਰਹਮ ਗਿਆਨੀ ਦੀ ਸ਼ੋਭਾ ਵੀ ਬ੍ਰਹਮ ਗਿਆਨੀ ਹੀ ਹੁੰਦੀ ਹੈ।

***ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ॥***
***ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ॥*** (੨੭੪)

Sri Satguru Jagjit Singh Ji eLibrary NamdhariElibrary@gmail.com

# ਜੋਤੀ ਜੋਤਿ ਰਲੀ

ਮਿਲਾਪ ਦੇ ਦੋ ਪੱਖ ਹੁੰਦੇ ਹਨ। ਇਕ ਉਸ ਨੂੰ ਵੀ ਮਿਲਾਪ ਕਿਹਾ ਜਾਂਦਾ ਹੈ ਜਿਸ ਨੂੰ ਆਪਾ ਆਮ ਕਰਕੇ ਮੁਲਾਕਾਤ ਦਾ ਨਾਂ ਦਿੰਦੇ ਹਾਂ। ਆਮ ਜ਼ਿੰਦਗੀ ਵਿਚ ਵੇਖਦੇ ਹਾਂ ਜਦੋਂ ਕਦੇ ਕਿਸੇ ਨੂੰ ਕੋਈ ਮਹਿਮਾਨ ਮਿਲਣ ਜਾਂਦਾ ਹੈ ਤਾਂ ਘਰ ਪਹੁੰਚ ਜਾਂਦਾ ਪਿਆਰੇ ਨਾਲ ਗੱਲਾਂ ਬਾਤਾਂ ਵੀ ਸਾਂਝੀਆਂ ਹੁੰਦੀਆਂ ਹਨ ਮਿਲ ਕੇ ਖ਼ੁਸ਼ੀ ਵੀ ਅਥਾਹ ਹੁੰਦੀ ਹੈ। ਪਰ ਇਸ ਮਿਲਾਪ ਵਿਚ ਇਕ ਘਾਟ ਹੈ ਕਿ ਫਿਰ ਵਿਛੋੜਾ ਪੈ ਜਾਂਦਾ ਹੈ ਕਿਉਂਕਿ ਪ੍ਰੀਤ ਦੁਆਰਾ ਹਰ ਤਰ੍ਹਾਂ ਨਾਲ ਨੇੜਤਾ ਹੋ ਗਈ। ਆਤਮਿਕ ਅਨੰਦ ਮਾਣਿਆ ਜਾ ਰਿਹਾ ਹੈ ਪਰ ਵਾਸਾ ਤਾਂ ਹਾਲੇ ਹੋਰ ਥਾਂ 'ਤੇ ਹੈ। ਇਸ ਤਰ੍ਹਾਂ ਹੀ ਆਤਮਾ ਪਰਮਾਤਮਾ ਭਾਵੇਂ ਇਕ ਹੋ ਗਈ ਵਿਚਲੀ ਦੁਬਿਧਾ ਮਰ ਗਈ ਪਰ ਹਾਲੇ ਤੱਕ ਆਤਮਾ ਦਾ ਵਾਸਾ ਤਾਂ ਸਰੀਰਿਕ ਜਾਮੇ ਵਿਚ ਹੈ। ਹਾਲੇ ਤਾਂ ਆਤਮਾ ਪਰਮਾਤਮਾ ਦੇ ਘਰ ਮਹਿਮਾਨ ਬਣ ਕੇ ਗਈ ਸੀ। ਮਿਲ ਭਾਵੇ ਲਈ ਹੈ, ਪਰ ਵਾਸਾ ਤਾਂ ਸਰੀਰ ਵਿਚ ਹੀ ਹੋਣ ਕਰਕੇ, ਵਸਦੀ ਸਰੀਰਿਕ ਮਹਿਲ ਵਿਚ ਹੀ ਹੈ। ਦੂਜਾ ਮਿਲਾਪ ਉਹ ਹੁੰਦਾ ਹੈ ਕਿ ਆਤਮਾ ਨੇ ਆਪਣਾ ਸਰੀਰਿਕ ਚੋਲਾ ਛੱਡ ਕੇ ਪਰਮੇਸ਼ਰ ਦਾ ਹੀ ਰੂਪ ਹੋ ਜਾਣਾ ਹੈ। ਇਸ ਮਿਲਾਪ ਨੂੰ ਅਭੇਦਤਾ ਕਹਿੰਦੇ ਹਨ। ਇਸ ਮਿਲਾਪ ਦੀ ਇਹ ਖ਼ੂਬੀ ਹੈ ਕਿ ਜਦੋਂ ਆਤਮਾ ਪ੍ਰਮਾਤਮਾ ਵਿਚ ਮਿਲ ਗਈ ਫਿਰ ਕਦੇ ਵਿਛੋੜਾ ਨਹੀਂ ਪੈਂਦਾ। ਵਿਛੋੜਾ ਪਹਿਲਾਂ ਵੀ ਸਰੀਰਿਕ ਦੂਰੀ ਦਾ ਹੀ ਸੀ ਪ੍ਰੀਤ ਕਰਕੇ ਦੋਵੇਂ ਇਕ ਸਨ। *'ਹਰਿ ਸਿਮਰਨ ਮਹਿ ਆਪ ਨਿਰੰਕਾਰਾ'* ਹੋਣ ਕਰਕੇ ਪ੍ਰਭੂ ਪਿਆਰੇ ਕੋਲ ਰੱਬੀ ਯਾਦ ਹੋਣ ਕਰਕੇ ਰੱਬ ਭਾਵੇਂ ਹਰ ਵਕਤ ਅੰਦਰ ਹੀ ਵੱਸਦਾ ਸੀ ਪਰ ਹੁਣ ਤਾਂ ਪ੍ਰਮੇਸ਼ਰ ਨੇ ਇਸ ਆਤਮਾ ਨੂੰ ਆਪਣੇ ਵਿਚ ਹੀ ਅਭੇਦ ਕਰ ਲਿਆ ਹੁਣ ਇਸ ਦਾ ਵਾਸਾ ਵੀ ਪ੍ਰਮੇਸ਼ਰ ਵਿਚ ਅਭੇਦ ਹੀ ਹੋ ਗਿਆ। ਹੁਣ ਤਾਂ ਸਗੋਂ—

***ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥***
***ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥*** (੧੩੫)

ਸਤਿਗੁਰੂ ਪਾਤਿਸ਼ਾਹ ਜੀ ਨੇ ਅੰਮ੍ਰਿਤ ਬਾਣੀ ਰਾਹੀਂ ਇਸ ਅਵਸਥਾ ਦੀਆਂ ਕੁਝ ਕੁ ਸੰਸਾਰੀ ਉਦਾਹਰਣਾਂ ਦਿੱਤੀਆਂ ਹਨ। ਜਿਨ੍ਹਾਂ ਰਾਹੀਂ ਸੰਸਾਰੀ ਬੰਦੇ ਸਮਝ ਕੇ ਆਪਣੀ ਜ਼ਿੰਦਗੀ ਨੂੰ ਪ੍ਰਭੂ ਮਿਲਾਪ ਦੇ ਲੇਖੇ ਲਾ ਦੇਣ, ਵੰਨਗੀ ਮਾਤਰ ਕੁਝ ਵੀਚਾਰ ਹਨ।

ਜਿਵੇਂ ਸੂਰਜ ਦੇ ਉਦੇ ਹੋਣ ਨਾਲ ਕਿਰਨ ਨਿਕਲਦੀ ਹੈ ਪਰ ਅਸਤ ਹੋਣ ਨਾਲ ਵਾਪਸ

Sri Satguru Jagjit Singh Ji eLibrary NamdhariElibrary@gmail.com

ਜਾ ਕੇ ਸਮਾ ਜਾਂਦੀ ਹੈ। ਭਾਵ ਸੂਰਜ ਦਾ ਹੀ ਰੂਪ ਹੋ ਜਾਂਦੀ ਹੈ। ਸਤਿਗੁਰੂ ਜੀ ਨੇ ਕਿਰਪਾ ਕੀਤੀ ਕਿ ਹੋ ਸਕਦਾ ਹੈ ਕਿਸੇ ਨੂੰ ਕਰੋੜਾਂ ਮੀਲ ਵੱਸਦੇ ਇਸ ਸੂਰਜ ਤੇ ਕਿਰਨ ਦੇ ਮਿਲਾਪ ਦੀ ਸਮਝ ਨਾ ਪਵੇ ਤਾਂ ਸਾਹਿਬ ਜੀ ਨੇ ਧਰਤੀ ਤੇ ਹੀ ਰਹਿੰਦੇ ਪਾਣੀ ਦੀ ਉਦਾਹਰਣ ਦਿੱਤੀ ਜਿਵੇਂ ਬਹੁਤ ਸਾਰੇ ਪਾਣੀ ਵਿਚੋਂ ਕੁਝ ਪਾਣੀ ਵੱਖਰਾ ਕਰ ਦੇਈਏ ਪਰ ਫਿਰ ਉਹ ਪਾਣੀ ਆਪਣੇ ਖਜ਼ਾਨੇ ਨਾਲ ਆ ਕੇ ਮਿਲ ਜਾਵੇ ਤਾਂ ਕਹਿੰਦੇ ਹਨ ਕੋਈ ਸਾਧਨ ਨਹੀਂ ਕਿ ਪਹਿਚਾਣ ਸਕੇ ਕਿ ਕਿਹੜਾ ਪਾਣੀ ਵੱਖਰਾ ਕਰਕੇ ਫਿਰ ਦੁਬਾਰਾ ਮਿਲਾ ਦਿੱਤਾ ਹੈ। ਇਸ ਤਰ੍ਹਾਂ ਹੀ ਆਤਮਾ ਪਰਮਾਤਮਾ ਵਿਚ ਅਭੇਦ ਹੋ ਜਾਂਦੀ ਹੈ।

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥* (੮੪੬)

ਜੋਤੀ, ਜੋਤਿ ਵਿਚ ਰਲ ਕੇ ਸੰਪੂਰਨਤਾ ਨੂੰ ਪਾ ਲੈਂਦੀ ਹੈ। ਜੋਤ ਪਰਮੇਸ਼ਰ ਹੈ ਜੋਤੀ ਆਤਮਾ ਸੀ। ਪਾਣੀ ਵਿਚੋਂ ਉਠੀ ਲਹਿਰ ਆਖਿਰ ਪਾਣੀ ਦਾ ਹੀ ਤਾਂ ਰੂਪ ਸੀ ਇਸ ਲਈ ਪਾਣੀ ਵਿਚ ਹੀ ਅਭੇਦ ਹੋ ਗਈ। ਸਰੀਰ ਰੂਪ ਮਕਾਨ ਵਿਚ ਰੱਬੀ ਜੋਤਿ ਦਾ ਹੀ ਤਾਂ ਪ੍ਰਕਾਸ਼ ਸੀ ਆਖਿਰ ਇਹ ਜੋਤਿ, ਸਤਿਗੁਰੂ ਜੀ ਦੀ ਜੋਤਿ ਨਾਲ ਮਿਲ ਕੇ ਪਰਮੇਸ਼ਰ ਤੱਕ ਪਹੁੰਚ ਕੇ ਆਪਣਾ ਆਪ ਨਿਰੰਕਾਰ ਨਾਲ ਇਕ ਮਿਕ ਕਰ ਗਈ।

*ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ॥ ਨਾਨਕ ਪ੍ਰਭ ਕੈ ਸਦ ਕੁਰਬਾਨ॥* (੨੭੮)

ਪੂਰਨ ਬਿਸਰਾਮ ਭਾਵ ਟਿਕਾਣਾ ਮਿਲ ਗਿਆ ਪ੍ਰਭੂ ਦਾ ਧੰਨਵਾਦ ਜਿਸ ਨੇ ਆਪਣੇ ਵਿਚ ਅਭੇਦਤਾ ਬਖਸ਼ਿਸ਼ ਕਰ ਦਿੱਤੀ। ਹੁਣ ਤਾਂ ਸਗੋਂ *"ਬਹੁਰਿ ਹਮ ਕਾਹੇ ਆਵਹਿਗੇ॥ ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੂਝਿ ਸਮਾਵਹਿਗੇ॥* (੧੧੦੩) ਜਿਨ੍ਹਾਂ ਨੇ ਗੁਰੂ ਰਾਹੀਂ ਇਸ ਰੱਬੀ ਹੁਕਮ ਨੂੰ ਬੂਝ ਲਿਆ, ਉਨ੍ਹਾਂ 'ਤੇ ਗੁਰੂ ਜੀ ਨੇ ਕਿਰਪਾ ਕਰ ਦਿੱਤੀ। ਜਿਸ ਦਾ ਸਦਕਾ ਆਤਮਾ ਨੇ ਆਪਣੇ ਅਸਲੇ ਨੂੰ ਪਹਿਚਾਣ ਕੇ ਇਕਮਿਕਤਾ ਹਾਸਿਲ ਕਰ ਲਈ।

*ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥*
*ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥* (੬੩੩)

ਅਸਲ ਵਿਚ ਸਤਿਗੁਰੂ ਜੀ ਵਲੋਂ ਬਖਸ਼ੇ ਪ੍ਰਭੂ ਨਾਮ ਵਿਚ ਤਾਕਤ ਹੀ ਇਤਨੀ ਹੁੰਦੀ ਹੈ ਕਿ ਇਹ ਜੀਵ ਆਤਮਾ ਨੂੰ ਪਰਮਾਤਮਾ ਤੱਕ ਪਹੁੰਚਾ ਦਿੰਦੀ ਹੈ। ਹਰੀ ਦੀ ਬੰਦਗੀ ਕਰਨ ਵਾਲੇ ਹਰੀ ਦਾ ਹੀ ਰੂਪ ਹੋ ਜਾਂਦੇ ਹਨ। ਭਾਵ ਸਾਰੇ ਭਿੰਨ ਭੇਦ ਮਿਟਾ ਕੇ ਆਤਮਾ ਪਰਮਾਤਮਾ ਵਿਚ ਸਮਾ ਜਾਂਦੀ ਹੈ। ਜਿਸ ਦਿਨ ਸਤਿਗੁਰੂ ਜੀ ਨਾਲ ਇਹ ਸੌਦਾ ਤਹਿ ਹੋ ਜਾਂਦਾ ਹੈ ਕਿ ਮੈਂ ਜੀਵਨ ਅਰਪਨ ਕਰਦਾ ਹਾਂ ਤਾਂ ਸਾਹਿਬ ਜੀ ਨਾਮ ਦੀ ਦਾਤਿ ਬਖਸ਼ਿਸ਼ ਕਰਕੇ ਸਭ ਤੋਂ ਪਹਿਲਾਂ ਆਪਣਾ ਬਣਾਉਂਦੇ ਹਨ। ਜਿਹੜੇ ਸਤਿਗੁਰੂ ਜੀ ਦੇ ਬਣ ਜਾਣ ਉਹ ਤਾਂ ਯਕੀਨਨ ਹੀ ਇਸ ਨਿਸ਼ਾਨੇ 'ਤੇ ਪਹੁੰਚ ਜਾਂਦੇ ਹਨ ਕਿਉਂਕਿ ਉਨ੍ਹਾਂ ਨੇ ਹਰੀ ਨਾਮ ਜਪ ਜਪ ਕੇ ਸਾਰੇ ਕਿਲਵਿਖ

ਖਤਮ ਕਰ ਲਏ ਅਜਿਹੇ ਸੰਤ ਜਨ ਸਦਾ ਸੁਹੇਲੇ ਹੋ ਜਾਂਦੇ ਹਨ। ਗੁਰੂ ਪੂਰੇ ਦੀ ਬੇੜੀ ਵਿਚ ਬੈਠ ਕੇ ਹਰੀ ਨਾਲ ਮਿਲ ਗਏ। ਜਨਮ ਮਰਨ ਦਾ ਫਾਹਾ ਹੀ ਕੱਟਿਆ ਗਿਆ। ਸਰੀਰ ਤਾਂ ਆਤਮਾ ਦਾ ਚੋਲਾ ਹੈ ਜਦੋਂ ਹੁਣ ਆਤਮਾ ਨੇ ਪਰਮਾਤਮਾ ਦਾ ਰੂਪ ਹੋ ਜਾਣ ਕਰਕੇ ਕੋਈ ਜਾਮਾ ਹੀ ਨਹੀਂ ਪਹਿਨਣਾ ਫਿਰ ਜਨਮ ਮਰਨ ਵੀ ਨਹੀਂ ਹੁੰਦਾ ਕਿਉਂਕਿ ਜਨਮ ਮਰਨ ਤਾਂ ਸਰੀਰ ਦਾ ਹੀ ਸੀ। ਆਤਮਾ ਤਾਂ ਜੰਮਦੀ ਮਰਦੀ ਨਹੀਂ ਬਸ ਭਟਕਦੀ ਸੀ। ਹੁਣ ਇਹ ਭਟਕਣਾ ਵੀ ਮੁਕ ਗਈ ਜਦੋਂ ਦਾ ਸਤਿਗੁਰੂ ਜੀ ਨੇ ਪਰਦਾ ਕੱਜ ਕੇ ਪਰਮੇਸ਼ਰ ਵਿਚ ਮਿਲਾ ਦਿੱਤਾ।

*ਗੁਰਿ ਪੂਰੈ ਅਪੁਨੇ ਕਰਿ ਰਾਖੇ॥ ਹਰਿ ਨਾਮੁ ਜਪਤ ਕਿਲਬਿਖ ਸਭਿ ਲਾਥੇ॥*
*ਸੰਤ ਸਾਜਨ ਸਿਖ ਭਏ ਸੁਹੇਲੇ॥ ਗੁਰਿ ਪੂਰੈ ਪ੍ਰਭ ਸਿਉ ਲੈ ਮੇਲੇ॥*
*ਜਨਮ ਮਰਨ ਦੁਖ ਫਾਹਾ ਕਾਟਿਆ॥ ਕਹੁ ਨਾਨਕ ਗੁਰਿ ਪੜਦਾ ਢਾਕਿਆ॥*(੧੩੪੦)

ਰੱਬੀ ਬਾਣੀ ਵਿਚ ਤਾਂ ਬਾਰੰਬਾਰ ਇਹੀ ਉਪਦੇਸ਼ ਹੈ ਕਿ ਜਿਨ੍ਹਾਂ ਨੇ ਵੀ ਹਰੀ ਪਰਮੇਸ਼ਰ ਅਰਾਧਿਆ ਉਹ ਹਰੀ ਨਾਲ ਹੀ ਅਭੇਦ ਹੋ ਗਏ।

*ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ॥* (੬੬੭)

ਜਾਂ ਫਿਰ—

*ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ॥* (੧੧)

ਸੰਸਾਰੀ ਲੋਕਾਂ ਨੂੰ ਪਰਮਾਰਥ ਦੇ ਮਾਰਗ ਲਈ ਉਤਸ਼ਾਹਿਤ ਕਰਦਿਆਂ ਨਿਰੰਕਾਰ ਨਾਲ ਅਭੇਦ ਹੋਈ ਇਕ ਸੱਚੀ ਸੁੱਚੀ ਆਤਮਾ ਮਾਨੋ ਆਪਣਾ ਤਜ਼ਰਬਾ ਦੱਸਦੀ ਪ੍ਰਤੀਤ ਹੁੰਦੀ ਹੈ ਕਿ ਹੁਣ ਤਾਂ ਹਰੀ ਨੇ ਆਪਣੇ ਆਸਣ ਭਾਵ ਜਿਥੇ ਉਸ ਦਾ ਵਾਸਾ ਹੈ ਉਥੇ ਹੀ ਮੇਰਾ ਵੀ ਵਾਸਾ ਕਰਵਾ ਲਿਆ, ਪਰ ਕਿਧਰੇ ਐਸਾ ਨਾ ਵੀਚਾਰਨਾ ਕਿ ਇਕ ਹੀ ਆਸਣ 'ਤੇ ਬੈਠੇ ਹੋਏ ਦੋ ਨਜ਼ਰ ਆਉਂਦੇ ਹਾਂ ਭਾਵ ਆਤਮਾ, ਪਰਮਾਤਮਾ ਤੋਂ ਵੱਖਰੀ ਦਿੱਸਦੀ ਹੈ, ਨਹੀਂ ਪਿਆਰਿਓ, ਹੁਣ ਤਾਂ ਕੋਈ ਜ਼ੋਰ ਲਾ ਕੇ ਥੱਕ ਜਾਏਗਾ, ਤਜ਼ਰਬੇ ਕਰਕੇ ਹੰਭ ਜਾਏਗਾ ਪਰ ਇਹ ਨਹੀਂ ਪਹਿਚਾਣ ਪਾਏਗਾ ਕਿ ਰਾਮ ਤੇ ਕਬੀਰ ਕੁਝ ਵੱਖਰੇ ਹਨ।

*ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥*
*ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥* (੯੬੯)

ਅਜਿਹੀ ਧਰਮੀ ਜ਼ਿੰਦਗੀ ਦੀ ਬਾਬਤ ਭਗਤ ਕਬੀਰ ਸਾਹਿਬ ਜੀ ਆਖਦੇ ਹਨ ਕਿ ਪਿਆਰਿਓ ਜਦੋਂ ਅਜਿਹਾ ਕੋਈ ਦਰਵੇਸ਼ ਸਰੀਰਿਕ ਚੋਲਾ ਤਿਆਗ ਆਪਣੇ ਪਿਆਰੇ ਦੇ ਘਰ ਜਾਂਦਾ ਹੈ ਜਿਥੇ ਉਸ ਦਾ ਆਪਣਾ ਘਰ ਬਣ ਗਿਆ ਫਿਰ ਅਜਿਹੀ ਆਤਮਾ ਲਈ ਰੋਣਾ ਨਹੀਂ ਚਾਹੀਦਾ ਬਲਕਿ ਅਜਿਹੀ ਆਤਮਾ ਤਾਂ ਵਧਾਈ ਦੀ ਹੱਕਦਾਰ ਹੁੰਦੀ ਹੈ। ਹਾਂ ਜੇ ਰੋਣਾ ਹੀ ਹੈ ਤਾਂ ਅਜਿਹੇ ਸਾਕਤ ਲਈ ਰੋਣਾ ਚਾਹੀਦਾ ਹੈ ਜਿਸ ਨੇ ਮਨੁੱਖਾ ਜੀਵਨ ਪਾ ਕੇ ਆਪਣੇ ਪਿਆਰੇ ਪਰਮੇਸ਼ਰ ਦੀ ਯਾਦ ਵਿਚ ਜ਼ਿੰਦਗੀ ਗੁਜ਼ਾਰਨ ਦੀ ਬਜਾਇ ਪਾਪਾਂ ਦੇ ਅੱਡੇ ਉਤੇ ਵੇਚ ਦਿੱਤੀ

ਜਿਸ ਕਰਕੇ ਹੁਣ ਹੱਟੀ ਹੱਟੀ ਭਾਵ ਜੰਮਦਾ ਮਰਦਾ ਤੇ ਮਰਦਾ ਜੰਮਦਾ ਹੈ। ਧਰਮੀ ਆਤਮਾ ਦਾ ਤਾਂ ਸੰਸਾਰਕ ਵਿਛੋੜਾ ਹੈ ਪਰ ਮਿਲਾਪ ਸਾਂਈ ਨਾਲ ਹੋਣ ਕਰਕੇ ਵਿਛੋੜੇ ਦਾ ਦੁਖ ਨਹੀਂ ਬਲਕਿ ਪਿਆਰੇ ਪ੍ਰਭੂ ਦੇ ਮਿਲਾਪ ਦਾ ਸੁਖ ਵੱਡਾ ਹੋਣ ਕਰਕੇ ਸੁਖ ਹੀ ਸੁਖ ਨਜ਼ਰ ਆਉਂਦਾ ਹੈ। ਜਿਵੇਂ ਲੜਕੀ ਘਰ ਤੋਂ ਤਾਂ ਵਿਛੜ ਕੇ ਜਾਂਦੀ ਹੈ, ਭੈਣ ਭਰਾ, ਮਾਤਾ, ਪਿਤਾ ਸਕੇ ਸਬੰਧੀ ਪਰ ਪਤੀ ਮਿਲਾਪ ਹੋਣ ਕਰਕੇ ਪ੍ਰਤੀਤ ਇਹੋ ਹੀ ਹੁੰਦਾ ਹੈ ਕਿ *ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ॥* ਸੰਸਾਰ ਤਾਂ ਫਿਰ ਵੀ ਇਕ ਦਿਨ ਛੱਡਣਾ ਹੀ ਸੀ ਪਰ ਹੁਣ ਸੰਸਾਰ ਛੱਡ ਕੇ ਨਿਰੰਕਾਰ ਮਿਲ ਗਿਆ, ਇਸ ਕਰਕੇ ਅਜਿਹੀ ਆਤਮਾ ਲਈ ਸੰਸਾਰੀ ਲੋਕੋ ਰੋਣਾ ਨਹੀਂ।

*ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ॥*
*ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ॥* (੧੩੬੫)

ਸਤਿਗੁਰੂ ਅਮਰਦਾਸ ਜੀ ਮਹਾਰਾਜ ਨੇ ਵੀ ਸੰਸਾਰੀ ਲੋਕਾਂ ਸਾਹਮਣੇ ਇਹੋ ਉਪਦੇਸ਼ ਰੱਖਿਆ ਸੀ ਕਿ ਭਾਈ ਮੇਰੇ ਚਲਾਣੇ ਤੇ ਰੋਣਾ ਨਹੀਂ ਕਿਉਂਕਿ ਮੇਰਾ ਸਰੀਰਿਕ ਚੋਲਾ ਬਹੁਤ ਬਿਰਧ ਹੋ ਗਿਆ ਸੀ। ਹੁਣ ਮੇਰਾ ਪਿਆਰਾ ਪਰਮੇਸ਼ਰ ਮੈਨੂੰ ਆਪਣੇ ਘਰ ਸੱਦ ਰਿਹਾ ਹੈ ਮੈਂ ਬਹੁਤ ਖੁਸ਼ੀ ਨਾਲ ਅੱਜ ਆਪਣੇ ਪਿਆਰੇ ਦੇ ਘਰ ਜਾਣਾ ਹੈ। ਇਸ ਲਈ ਜਿਨ੍ਹਾਂ ਦਾ ਤਾਂ ਮੇਰੇ ਨਾਲ ਪਿਆਰ ਹੈ ਉਹ ਤਾਂ ਭਾਈ ਸਗੋਂ ਖੁਸ਼ ਹੋਣੇ ਚਾਹੀਦੇ ਹਨ ਕਿਉਂਕਿ ਜਦੋਂ ਕਿਸੇ ਮਿੱਤਰ ਨੂੰ ਬਹੁਤ ਆਦਰ ਸਤਿਕਾਰ ਵਾਲਾ ਅਸਥਾਨ ਮਿਲਦਾ ਹੈ ਤਾਂ ਸਗੋਂ ਸੱਚੇ ਮਿੱਤਰ ਤਾਂ ਬਹੁਤ ਖੁਸ਼ ਹੁੰਦੇ ਹਨ। ਇਹ ਵੀਚਾਰ ਭਾਵੇਂ ਸੰਸਾਰੀ ਜੀਵ ਦੀ ਆਤਮਾ ਪਰਮਾਤਮਾ ਵਿਚ ਅਭੇਦਤਾ ਦੀ ਚਲ ਰਹੀ ਹੈ ਪਰ ਪਰਉਪਕਾਰੀ ਸਤਿਗੁਰੂ ਜੀ ਨੇ ਸਾਨੂੰ ਸਮਝਾਵੁਣ ਲਈ ਆਪ ਵੀ ਸਾਡੀ ਲਾਇਨ ਵਿਚ ਹੀ ਖਲੋ ਕੇ ਸਮਝਾ ਰਹੇ ਹਨ।

*ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ॥*
*ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ॥* (੯੨੩)

ਧਰਮ ਦੇ ਇਸ ਪਾਵਨ ਵਿਹੜੇ ਵਿਚੋਂ ਪ੍ਰਭੂ ਨਾਲ ਇਕਮਿਕਤਾ ਹਾਸਿਲ ਕਰ ਚੁੱਕੀਆਂ ਪਾਵਨ ਰੂਹਾਂ ਵਿਚੋਂ ਭਾਈ ਗੁਰਦਾਸ ਜੀ ਵੀ ਇਸ ਅਵਸਥਾ ਦੇ ਧਾਰਨੀ ਹੋ ਕੇ ਪ੍ਰਭੂ ਦਰਬਾਰ ਵਿਚ ਵਰਤਦੇ ਵਰਤਾਰੇ ਦਾ ਜ਼ਿਕਰ ਕਰਦੇ ਹਨ ਕਿ—

*ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥ ਸਚੀ ਦਰਗਹ ਜਾਇ ਸਚਾ ਪਿੜ ਮਲਿਆ॥*
*ਗੁਰਮੁਖਿ ਭੋਜਨੁ ਭਾਉ ਚਾਉ ਅਲਲਿਆ॥ ਗੁਰਮੁਖਿ ਨਿਹਚਲੁ ਚਿਤੁ ਨ ਹਲੈ ਹਲਿਆ॥*
*ਗੁਰਮੁਖਿ ਸਚੁ ਅਲਾਉ ਭਲੀ ਹੂੰ ਭਲਿਆ॥ ਗੁਰਮੁਖਿ ਸਦੇ ਜਾਨਿ ਆਵਨਿ ਘਲਿਆ॥*

ਅਜਿਹੀਆਂ ਪਵਿੱਤਰ ਰੂਹਾਂ ਆਪਣਾ ਜਨਮ ਸਵਾਰ ਲੈਂਦੀਆਂ ਹਨ, ਜਿਸ ਦਾ ਸਦਕਾ ਪ੍ਰਮੇਸ਼ਰ ਵਾਹਿਗੁਰੂ ਜੀ ਦੇ ਘਰ ਅਟੱਲ ਪਦਵੀ ਪਾ ਲੈਂਦੀਆਂ ਹਨ। ਨਿਹਚਲ ਪ੍ਰਭੂ ਜੀ ਵਿਚ ਨਿਹਚਲ ਆਤਮਾ ਦਾ ਵਾਸਾ ਹੋ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਅਜਿਹੀ ਆਤਮਾ ਕੇਵਲ ਆਪਣਾ ਆਪਾ ਹੀ ਸੁਧਾਰ ਕੇ ਜੀਵਨ ਸਫਲਾ ਨਹੀਂ ਕਰਦੇ ਬਲਕਿ ***"ਕੇਤੀ ਛੁਟੀ ਨਾਲਿ"*** ਦਾ ਮਾਰਗ ਵੀ ਪੱਧਰਾ ਕਰਨ ਵਾਸਤੇ ਮਾਨੋ ਅਜਿਹੇ ਕਦਮ ਚਿੰਨ੍ਹ ਛੱਡ ਕੇ ਜਾਂਦੀ ਹੈ ਕਿ ਜਿਨ੍ਹਾਂ ਉਤੇ ਚੱਲਣ ਵਾਲਾ ਯਕੀਨਨ ਹੀ ਗੁਰੂ ਜੀ ਦੀ ਬਖਸ਼ਿਸ਼ ਦਾ ਪਾਤਰ ਬਣ ਕੇ ਪ੍ਰਭੂ ਦਰਬਾਰ ਵਿਚ ਮੁਖ ਉਜਲਾ ਕਰਕੇ ਸਦੀਵਤਾ ਦੀ ਅਭੇਦਤਾ ਹਾਸਿਲ ਕਰ ਲੈਂਦਾ ਹੈ। ਸੰਸਾਰ ਦੀ ਝੋਲੀ ਵਿਚ ਕਿਤਨੀ ਪਿਆਰੀ ਤੇ ਮਿੱਠੀ ਇਹ ਦਾਤਿ ਮਾਨੋ ਤੋਹਫੇ ਵਜੋਂ ਪਾ ਜਾਂਦਾ ਹੈ ਕਿ ਹੇ ਭੁਲੜੇ ! ਜਗਤ ਪੂਰੇ ਦੀ ਅਰਾਧਨਾ ਕਰ। ਕਰਤੇ ਬਿਨਾਂ ਸਭ ਕੁਝ ਹੀ ਅਧੂਰਾ ਹੈ, ਕਰਤਾ ਹੀ ਅਸਲ ਵਿਚ ਪੂਰਾ ਹੁੰਦਾ ਹੈ। ਜਿਹੜਾ ਆਪ ਜੰਮਦਾ ਤੇ ਮਰਦਾ ਹੈ ਉਹ ਤਾਂ ਸਗੋਂ ਆਪ ਹੀ ਆਪਣੇ ਅਧੂਰੇ ਭਾਵ ਕੱਚੇ ਹੋਣ ਦਾ ਸਬੂਤ ਦੇ ਜਾਂਦਾ ਹੈ।

***ਜਨਮਿ ਮਰੈ ਸੋ ਕਾਚੋ ਕਾਚਾ॥*** (੨੮੮)

ਜਨਮ ਮਰਨ ਤੋਂ ਰਹਿਤ ਕੇਵਲ ਪਰਮੇਸ਼ਰ ਹੀ ਹੈ ਇਸ ਲਈ ਇਹ ਪੂਰਾ ਹੀ ਇਬਾਦਤ ਦਾ ਹੱਕ ਰੱਖਦਾ ਹੈ। ਦੂਜਾ ਉਸ ਪੂਰੇ ਦਾ ਨਾਮ ਵੀ ਪੂਰਾ ਹੈ। ਕਈ ਵਾਰੀ ਨਾਮ ਵੀ ਪੂਰਾ ਨਾ ਹੋਵੇ ਫਿਰ ਵੀ ਮੰਜ਼ਿਲ ਨਹੀਂ ਮਿਲਿਆ ਕਰਦੀ ਪਰ ਇਥੇ ਤਾਂ ਉਸ ਵਾਹਿਗੁਰੂ ਜੀ ਦਾ ਨਾਮ ਵੀ ਹਰ ਪੱਖ ਤੋਂ ਪੂਰਾ ਹੈ, ਪੂਰੇ ਦਾ ਨਾਮ ਵੀ ਪੂਰਾ ਹੀ ਹੁੰਦਾ ਹੈ। ਅਜਿਹੇ ਪੂਰਨ ਪਰਮੇਸ਼ਰ ਦੇ ਪੂਰਨ ਨਾਮ ਨਾਲ ਜੁੜ ਜਾਣ ਕਰਕੇ ਇਕ ਦਿਨ ਪ੍ਰਾਪਤੀ ਵੀ ਪੂਰੇ ਦੀ ਹੀ ਹੋ ਜਾਂਦੀ ਹੈ। ਪੂਰਾ ਹੀ ਕਿਸੇ ਅਧੂਰੇ ਨੂੰ ਪੂਰਾ ਕਰ ਸਕਦਾ ਹੈ। ਅਧੂਰਾ ਆਪ ਹੀ ਅਧੂਰਾ ਹੈ ਕਿਸੇ ਨੂੰ ਪੂਰਾ ਕਿਵੇਂ ਕਰ ਸਕਦਾ ਹੈ ਤਾਂ ਤੇ ਭਾਈ ਹਰ ਜੀਵ ਲਈ ਉਪਦੇਸ਼ ਹੈ ਕਿ ਪੂਰਨ ਪੁਰਖ ਪ੍ਰਭੂ ਪ੍ਰਮੇਸ਼ਰ ਦੇ ਹੀ ਗੁਣ ਗਾ ਜਿਸ ਨਾਲ ਆਤਮਾ ਪਰਮਾਤਮਾ ਵਿਚ ਅਭੇਦ ਹੋ ਕੇ ਇਸ ਨਿਹਚਲ ਪਦਵੀ ਨੂੰ ਪ੍ਰਾਪਤ ਕਰ ਸਕਦੀ ਹੈ। ਅਮੋਲਕ ਬਚਨ ਹਨ-

***ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ॥***
***ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ॥*** (੨੯੫)

# ਸਫਲ ਯਾਤਰਾ

ਹਰ ਮਨੁੱਖੀ ਜੀਵ ਦੀ ਯਾਤ੍ਰਾ ਸ਼ੁਰੂ ਤਾਂ ਇਕੋ ਜਿਹੀ ਹੁੰਦੀ ਹੈ ਪਰ ਸਮਾਪਤ ਸਾਰਿਆਂ ਦੀ ਵੱਖੋ ਵੱਖਰੇ ਢੰਗ ਨਾਲ ਹੁੰਦੀ ਹੈ। ਸਫਲ ਯਾਤਰਾ ਦੇ ਮੁਕਾਮ 'ਤੇ ਤਾਂ ਬਹੁਤ ਵਿਰਲੇ ਹੀ ਪਹੁੰਚ ਪਾਉਂਦੇ ਹਨ। ਯਾਤਰਾ ਦਾ ਸਮਾਪਤ ਹੋਣਾ ਅਤੇ ਯਾਤਰਾ ਦਾ ਸਫਲ ਹੋਣਾ ਦੋ ਬਿਲਕੁਲ ਵੱਖੋ ਵੱਖਰੀਆਂ ਗੱਲਾਂ ਹਨ। ਜਿਸ ਜੀਵ ਨੇ ਮਨੁੱਖਾ ਜਾਮਾ ਪਹਿਨ ਕੇ ਗੁਰੂ ਜੀ ਵਲੋਂ ਦਰਸਾਏ ਹੁਕਮ ਰਜਾਈ ਦੇ ਪੈਂਡੇ 'ਤੇ ਚਲਦਿਆਂ ਹਰ ਔਕੜ ਦਾ ਮੁਕਾਬਲਾ ਗੁਰੂ ਬਖਸ਼ਿਸ਼ ਰਾਹੀਂ ਕਰਦਿਆਂ ਨਿਰੰਕਾਰ ਦੀ ਪਵਿੱਤਰ ਗੋਦ ਹਾਸਿਲ ਕਰ ਲਈ, ਉਨ੍ਹਾਂ ਦੀ ਤਾਂ ਯਾਤਰਾ ਸਫਲ ਹੋ ਗਈ।

*ਸਫਲ ਸਫਲ ਭਈ ਸਫਲ ਜਾਤ੍ਰਾ॥ ਆਵਣ ਜਾਣ ਰਹੇ ਮਿਲੇ ਸਾਧਾ॥* (੬੮੭)
*ਆਇਆ ਸਫਲ ਤਾਹੂ ਕੋ ਗਨੀਐ॥ ਜਾਸੁ ਰਸਨ ਹਰਿ ਹਰਿ ਜਸੁ ਭਨੀਐ॥* (੨੫੨)
*ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥ ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥* (੪੮੮)

ਬਹੁਤਾਤ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਨੇ ਯਾਤਰਾ ਸ਼ੁਰੂ ਤਾਂ ਕੀਤੀ ਪਰ ਕੋਈ ਕਿਧਰੇ ਰੁਕ ਗਿਆ, ਕੋਈ ਕਿਧਰੇ ਰੁਕ ਕੇ ਅਗਲੇ ਸਫਰ ਦੀ ਗੱਲ ਵੀ ਯਾਦ ਨਹੀਂ ਕਰਨਾ ਚਾਹੁੰਦਾ। ਇਸ ਤਰ੍ਹਾਂ ਇਨ੍ਹਾਂ ਰਾਹੀਆਂ ਕੋਲ ਜਿਹੜੀਆਂ ਅਮੋਲਕ ਦੋ ਚੀਜ਼ਾਂ ਸਨ ਇਨ੍ਹਾਂ ਨੇ ਦੋਵੇਂ ਹੀ ਗਵਾ ਲਈਆਂ। ਪਹਿਲੀ ਅਮੋਲਕ ਵਸਤੂ ਮਨੁੱਖਾ ਜਾਮਾ ਸੀ ਅਤੇ ਦੂਸਰੀ ਨਿਯਤ ਵਕਤ ਸੀ। ਆਤਮਾ ਨੇ ਇਸ ਨਿਸ਼ਚਿਤ ਵਕਤ ਅਨੁਸਾਰ ਮਨੁੱਖਾ ਜਾਮੇ ਦੇ ਸਾਧਨ ਰਾਹੀਂ ਆਪਣੇ ਅਸਲੇ ਭਾਵ ਪਰਮੇਸ਼ਰ ਵਿਚ ਸਮਾਉਣਾ ਸੀ ਪਰ ਸਾਧਨ ਵੀ ਉਹੋ ਹੀ ਸਾਕਾਰ ਮੰਨਿਆ ਜਾਂਦਾ ਹੈ ਜਿਸ ਨਾਲ ਮਕਸਦ ਦੀ ਪੂਰਤੀ ਹੋ ਜਾਵੇ। ਸਾਧਨ ਮਨੁੱਖ ਜਾਮਾ ਗੋਬਿੰਦ ਮਿਲਣ ਦੀ ਵਾਰੀ ਰਾਹਾਂ ਵਿਚ ਅਟਕ ਅਟਕ ਕੇ ਹੀ ਸਮਾਂ ਬੀਤ ਜਾਣ ਕਰਕੇ ਗਵਾ ਲਈ। ਇਸ ਗੱਲ ਵੱਲ ਖਿਆਲ ਹੀ ਨਹੀਂ ਕੀਤਾ ਕਿ—

*ਇਹੀ ਤੇਰਾ ਅਉਸਰੁ ਇਹ ਤੇਰੀ ਬਾਰ॥ ਘਟ ਭੀਤਰਿ ਤੂ ਦੇਖੁ ਬੀਚਾਰਿ॥* (੧੧੫੯)
*ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ॥*
*ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ॥* (੫੦)

ਇਸ ਯਾਤਰੀ ਨੂੰ ਕਈ ਵਾਰੀ ਸੁਚੇਤ ਕੀਤਾ ਕਿ ਤੇਰੀ ਮੁਹਲਤਿ ਪੁੰਨੀ ਹੋ ਜਾਣੀ ਹੈ, ਭਾਵ

Sri Satguru Jagjit Singh Ji eLibrary NamdhariElibrary@gmail.com

ਮਿਲਿਆ ਸਮਾਂ ਬੀਤ ਜਾਣਾ ਹੈ ਫਿਰ ਧਾਹਾਂ ਮਾਰ ਮਾਰ ਕੇ ਰੋਵੇਂਗਾ ਪਰ ਤੇਰੀ ਇਕ ਨਹੀਂ ਸੁਣੀ ਜਾਣੀ ਹੁਣ ਹੀ ਵਕਤ ਹੈ, ਵਕਤ ਦੀ ਸੰਭਾਲ ਕਰ ਪਰ ਗਾਫਿਲਤਾ ਦੀ ਗਹਿਰੀ ਨੀਂਦ ਨੇ ਸਗੋਂ ਕਰਵੱਟ ਬਦਲਾ ਕੇ ਫਿਰ ਸੁਵਾ ਦਿੱਤਾ।

***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ॥***
***ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥*** (੧੪੨੮)

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੇ ਅਨੇਕਾਂ ਐਸੇ ਰਾਹਾਂ ਵਿਚ ਰੁਕ ਕੇ ਮੌਜ ਮਸਤੀਆਂ ਮਨਾਉਂਦਿਆਂ, ਜ਼ਿੰਦਗੀ ਅਜ਼ਾਂਈਂ ਗਵਾਉਂਦਿਆਂ ਲੋਕਾਂ ਬਾਬਤ ਬਚਨ ਆਖੇ ਸਨ। ਇਨ੍ਹਾਂ ਵਿਚ ਕੁਝ ਕੁ ਦਾ ਜ਼ਿਕਰ ਵੀਚਾਰ ਮਾਤਰ ਸਾਂਝਾ ਕਰਦੇ ਹਾਂ। ਜੀਵ ਕਿਥੇ ਕਿਥੇ ਰੁਕੇ ਹੋਏ ਹਨ। ਇਨ੍ਹਾਂ ਰੁਕੇ ਹੋਏ ਰਾਹੀਆਂ ਦੀ ਵੀਚਾਰ ਤੋਂ ਵੀ ਪਹਿਲਾਂ ਉਨ੍ਹਾਂ ਚੀਜ਼ਾਂ ਭਾਵ ਪੜਾਵਾਂ ਦਾ ਜ਼ਿਕਰ ਕਰਨਾ ਯੋਗ ਹੋਵੇਗਾ ਜਿਨ੍ਹਾਂ ਨੇ ਪ੍ਰਭੂ ਮਿਲਾਪ ਦੀ ਤਾਂਘ ਲੈ ਕੇ ਯਾਤਰਾ ਕਰ ਰਹੇ ਇਸ ਰਾਹੀ ਨੂੰ ਅਜਿਹੀ ਮਿੱਠੀ ਫ਼ਾਹੀ ਪਾਈ ਕਿ ਇਹ ਉਥੇ ਹੀ ਰੁਕ ਗਿਆ। ਉਹ ਪੜਾਅ ਹਨ:

ਮਾਇਆ, ਵਿਸ਼ੇ ਵਿਕਾਰ, ਪਰਿਵਾਰਿਕ ਮੋਹ ਮਮਤਾ, ਲੋਕ ਲਾਜ, ਮਨਮਤਿ, ਹਉਮੈਂ, ਧੰਧਾ, ਰਿਧੀਆਂ ਸਿਧੀਆਂ, ਮਾਣ ਵਡਿਆਈ, ਮਨਮੁਖਤਾ, ਪਾਖੰਡ ਅਤੇ ਅਗਿਆਨਤਾ ਜਾਂ ਚੰਚਲ ਮਤਿ ਆਦਿਕ। ਇਕ ਇਕ ਦੀ ਥੋੜ੍ਹੀ ਵੀਚਾਰ ਕਰਨੀ ਪਵੇਗੀ।

**੧. ਮਾਇਆ**—ਸਭ ਤੋਂ ਪਹਿਲਾਂ ਮਾਤਾ ਦੇ ਉਦਰ ਵਿਚੋਂ ਜਨਮ ਲੈ ਕੇ ਸੰਸਾਰ ਵਿਚ ਪ੍ਰਵੇਸ਼ ਕਰਦਿਆਂ ਹੀ ਪ੍ਰਮੇਸ਼ਰ ਭੁਲਾ ਕੇ ਸੰਸਾਰੀ ਬਣਾ ਦਿੰਦੀ ਹੈ ਉਹ ਮਾਇਆ ਹੈ।

***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥***
***ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥*** (੯੨੧)

ਮਾਇਆ ਨੇ ਪ੍ਰਭੂ ਮਿਲਾਪ ਦੇ ਪਾਂਧੀ ਨੂੰ ਇਸ ਤਰੀਕੇ ਉਲਝਾ ਲਿਆ ਕਿ ਇਹ ਸਾਰੀ ਜ਼ਿੰਦਗੀ ਇਸ ਉਲਝਣ ਨੂੰ ਹੀ ਸੁਲਝਾਉਂਦਾ ਰਿਹਾ ਪਰ ਇਹ ਮੁਸ਼ਕਿਲ ਹੱਲ ਨਾ ਹੋ ਸਕੀ ਬਲਕਿ ਮੌਤ ਨੇ ਆਪਣੀ ਗ੍ਰਿਫ਼ਤ ਵਿਚ ਲੈ ਲਿਆ। ਭਾਈ ਵੀਰ ਸਿੰਘ ਜੀ ਦੀ ਇਕ ਕਵਿਤਾ ਦੇ ਬੋਲ ਹਨ।

*ਮਾਇਆ ਖ਼੍ਰੀਦੀ ਦਿਲ ਦੇ ਬਦਲੇ, ਦਿਲ ਦੇ ਦੇ ਜਿਨੇ ਲੀਤੀ।*
*ਵਤਨ ਵੰਞਣ ਦੇ ਵੇਲੇ ਆਇਆ, ਮਾਇਆ ਠੱਗੀ ਕੀਤੀ।*
*ਪਸਰ ਪਈ ਇਹ ਵਤਨ ਆਪਣੇ, ਨਾਲ ਨਹੀਂ ਹੁਣ ਟੁਰਸੀ।*
*ਬੇਦਿਲ ਜਾਣਾ ਪਿਆ ਵਤਨ ਨੂੰ, ਭਠ ਸੁਦਾਗਰੀ ਕੀਤੀ।*
*ਪੋਥੀ ਵਾਚੀ, ਗਯਾਨ ਵੇਚਿਆ, ਦਿਲ ਦੀ ਵਿਕਰੀ ਕੀਤੀ।*
*ਮਾਇਆ ਖਰੀਦੀ ਵੇਚ ਧਰਮ ਨੂੰ, ਜਿਉ ਕਿਉ ਮਿਲੀ ਸੁ ਲੀਤੀ।*
*ਵੰਞਣ ਵੇਲੇ ਮਾਇਆ ਆਖੇ, ਮੈ ਨਿਜ ਵਤਨ ਨ ਛੋੜਾਂ।*

*ਦਿਲ ਵਿਕਿਆ ਹੁਣ ਮੁੜਦਾ ਨਾਹੀਂ, ਭੱਠ ਸੁਦਾਗਰੀ ਕੀਤੀ।*

ਮਾਇਆ ਦੀ ਇਸ ਫਾਹੀ ਵਿਚ ਫੱਸੇ ਜੀਵ ਦੀ ਅਵਸਥਾ ਦਾ ਜ਼ਿਕਰ ਭਗਤ ਕਬੀਰ ਸਾਹਿਬ ਜੀ ਵੀ ਕਰਦੇ ਹਨ ਕਿ—

*ਇਨਿ੍ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ॥*
*ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ॥ ਰਹਾਉ॥*
*ਧ੍ਰਿਗੁ ਤਨੁ ਧ੍ਰਿਗੁ ਧਨੁ ਧ੍ਰਿਗੁ ਇਹ ਮਾਇਆ ਧ੍ਰਿਗੁ ਧ੍ਰਿਗੁ ਮਤਿ ਬੁਧਿ ਫੰਨੀ॥*
*ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ ਬਾਂਧੇ ਆਪ ਬਚੰਨੀ॥*
*ਕਿਆ ਖੇਤੀ ਕਿਆ ਲੇਵਾ ਦੇਈ ਪਰਪੰਚ ਝੂਠੁ ਗੁਮਾਨਾ॥*
*ਕਹਿ ਕਬੀਰ ਤੇ ਅੰਤਿ ਬਿਗੂਤੇ ਆਇਆ ਕਾਲੁ ਨਿਦਾਨਾ॥* (੮੫੭)

ਵੈਸੇ ਕਦੇ ਰੱਬ ਚੇਤੇ ਆ ਜਾਵੇ ਇਹ ਤਾਂ ਬਹੁਤ ਦੂਰ ਦੀ ਗੱਲ ਹੈ, ਸਗੋਂ ਕਦੇ ਵਿਚਾਰਾ ਜੀਵ ਚੇਤੇ ਕਰਨ ਵੀ ਬੈਠ ਜਾਵੇ ਇਹ ਤਾਂ ਤਦ ਵੀ ਭਟਕਾਈ ਰੱਖਦੀ ਹੈ। ਇਸ ਤਰ੍ਹਾਂ ਕੁਝ ਲੋਕ ਅਜਿਹੇ ਹਨ। ਜਿਨ੍ਹਾਂ ਦੀ ਜ਼ਿੰਦਗੀ ਪਹਿਲੇ ਪੜਾਅ 'ਤੇ ਹੀ ਉਲਝ ਕੇ ਖਤਮ ਹੋ ਗਈ, ਜੀਵ ਜਮਾਂ ਦੇ ਵਸ ਪੈ ਗਿਆ। ਯਾਤਰਾ ਪੂਰੀ ਤਾਂ ਹੋ ਗਈ ਪਰ ਸਫਲ ਨਹੀ ਹੋ ਸਕੀ।

**੨. ਵਿਸ਼ੇ ਵਿਕਾਰ—** ਜੇ ਕਿਧਰੇ ਜ਼ਿੰਦਗੀ ਦੀ ਅਸਲੀਅਤ ਨੂੰ ਥੋੜ੍ਹੀ ਬਹੁਤ ਸਮਝ ਕੇ ਇਸ ਮਾਇਆ ਮਮਤਾ ਦੀ ਫਾਹੀ ਨੂੰ ਤੋੜ ਕੇ ਕੋਈ ਨਿਕਲਣ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਇਸ ਮਾਇਆ ਦੇ ਕੋਲ ਹੋਰ ਅਜਿਹੇ ਸਾਧਨਾਂ ਵਿਚੋਂ ਪ੍ਰਮੁੱਖ ਸਾਧਨ ਹੈ, ਇਸ ਜੀਵ ਨੂੰ ਵਿਸ਼ੇ ਵਿਕਾਰਾਂ ਦੀ ਅਜਿਹੀ ਮਿੱਠੀ ਗੋਲੀ ਦੇਣੀ ਕਿ ਇਹ ਸਵੇਰ ਤੋਂ ਸ਼ਾਮ ਤੇ ਸ਼ਾਮ ਤੋਂ ਸਵੇਰ ਤੱਕ ਇਨ੍ਹਾਂ ਦੀ ਪੂਰਤੀ ਲਈ ਹੀ ਗੁਲਾਮੀ ਕਰਦਾ ਰਹਿੰਦਾ ਹੈ। ਇਕ ਮਾਇਆ ਦੀ ਤਾਕਤ ਦੂਜਾ ਵਿਕਾਰਾਂ ਦੀ ਗੁਲਾਮੀ ਪਰਮਾਰਥੀ ਜੀਵ ਨੂੰ ਪਾਪਾਂ ਦੇ ਰਾਹ ਦਾ ਰਾਹੀ ਬਣਾ ਕੇ ਅਜਿਹਾ ਤੋਰਦੇ ਹਨ ਕਿ ਸਮਝ ਹੀ ਉਦੋਂ ਆਉਂਦੀ ਹੈ ਜਦੋਂ ਜ਼ਿੰਦਗੀ ਦੇ ਦਾਮਨ ਵਿਚੋਂ ਸੁਆਸਾਂ ਰੂਪੀ ਹੀਰੇ ਖਿਲਰਦੇ ਖਿਲਰਦੇ ਮੁੱਕ ਜਾਂਦੇ ਹਨ।

ਧੰਨ ਗੁਰੂ ਅਰਜਨ ਸਾਹਿਬ ਜੀ ਦੇ ਅਮੋਲਕ ਬਚਨ ਹਨ ਕਿ—

*ਬਿਖਈ ਦਿਨੁ ਰੈਨਿ ਇਵ ਹੀ ਗੁਦਾਰੈ॥*
*ਗੋਬਿੰਦੁ ਨ ਭਜੈ ਅਹੰਬੁਧਿ ਮਾਤਾ ਜਨਮੁ ਜੂਐ ਜਿਉ ਹਾਰੈ॥* (੧੨੦੫)

ਕਈ ਯਾਤਰੀ ਅਜਿਹੇ ਵੀ ਹੁੰਦੇ ਹਨ ਜਿਹੜੇ ਹਿੰਮਤ ਮਾਰ ਕੇ ਇਨ੍ਹਾਂ ਪੜਾਵਾਂ ਨੂੰ ਪਾਰ ਕਰ ਲੈਂਦੇ ਹਨ।

**੩. ਪ੍ਰੀਵਾਰਕ ਮੋਹ ਮਮਤਾ—** ਪਰਮੇਸ਼ਰ ਦੀ ਪ੍ਰਾਪਤੀ ਲਈ ਜਾ ਰਹੇ ਇਨ੍ਹਾਂ ਸੰਸਾਰੀ ਜੀਵਾਂ ਦੇ ਕਾਫਲੇ ਵਿਚੋਂ ਅਨੇਕਾਂ ਐਸੇ ਵੀ ਹਨ, ਜਿਨ੍ਹਾਂ ਨੇ ਪ੍ਰੀਵਾਰਕ ਸਾਂਝਾਂ ਅਜਿਹੀਆਂ ਪੱਕੀਆਂ ਕਰ ਲਈਆਂ ਕਿ ਇਸ ਪਰਿਵਾਰਕ ਪ੍ਰਵਿਰਸ਼ ਨੂੰ ਹੀ ਜ਼ਿੰਦਗੀ ਦਾ ਅਸਲ ਮੁਕਾਮ ਸਮਝ ਕੇ

Sri Satguru Jagjit Singh Ji eLibrary NamdhariElibrary@gmail.com

ਅਗਲੇਰੇ ਪੰਧ ਤਹਿ ਕਰਨ ਦੀ ਬਜਾਇ ਇਥੇ ਹੀ ਡੇਰਾ ਕਰ ਲਿਆ। ਹੁਣ ਸਭ ਕੁਝ ਘਰ ਪਰਿਵਾਰ ਹੀ ਬਣ ਗਿਆ। ਜ਼ਿੰਦਗੀ ਦਾ ਮਨੋਰਥ ਧਰਮ ਕਰਮ, ਸੰਸਾਰ ਵਿਚ ਚੰਦ ਰੋਜ਼ ਦੀ ਮਹਿਮਾਨੀ ਇਹ ਸਭ ਕੁਝ ਭੁੱਲ ਗਿਆ, ਭਗਤ ਕਬੀਰ ਸਾਹਿਬ ਜੀ ਨੇ ਅਜਿਹੇ ਪੜਾਅ 'ਤੇ ਰੁਕੇ ਲੋਕਾਂ ਦਾ ਜ਼ਿਕਰ ਕੀਤਾ ਹੈ।

*ਕਬੀਰ ਗਹਗਚਿ ਪਰਿਓ ਕੁਟੰਬ ਕੈ ਕਾਂਠੈ ਰਹਿ ਗਇਓ ਰਾਮੁ॥*
*ਆਇ ਪਰੇ ਧਰਮ ਰਾਇ ਕੇ ਬੀਚਹਿ ਧੂਮਾ ਧਾਮ॥* (੧੩੭੨)

ਜਾਂ ਫਿਰ—

*ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ॥*
*ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ॥* (੧੩੬੯)

ਹੈਰਾਨੀ ਦੀ ਗੱਲ ਹੈ ਕਿ ਸਤਿਗੁਰੂ ਜੀ ਦੇ ਇਸ ਬਚਨ ਨੇ ਕਈ ਵਾਰੀ ਕੰਨਾਂ ਦੇ ਬੂਹੇ ਖੜਕਾ ਖੜਕਾ ਕੇ ਸੁਚੇਤ ਕੀਤਾ ਕਿ ਭਾਈ ਤੇਰਾ ਮੁਕਾਮ ਭਾਵ ਡੇਰਾ ਜਾਂ ਅਸਲ ਟਿਕਾਣਾ ਇਹੋ ਘਰ ਪਰਿਵਾਰ ਨਹੀਂ, ਪਰ ਪੜ੍ਹ ਸੁਣ ਲੈਂਦਾ ਰਿਹਾ ਲੇਕਿਨ ਸਮਝਿਆ ਨਹੀਂ।

*ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥*
*ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥*
*ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥*
*ਐਸਾ ਕੰਮੁ ਮੂਲੇ ਨ ਕੀਜੈ ਜਿਤੁ ਅੰਤਿ ਪਛੋਤਾਈਐ॥*
*ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ॥*
*ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ॥* (੯੧੮)

**੪. ਲੋਕ ਲਾਜ—** ਦੀਨ ਅਤੇ ਦੁਨੀ ਦੋ ਅਜਿਹੀਆਂ ਵੱਖੋ ਵੱਖਰੀਆਂ ਚੀਜ਼ਾਂ ਹਨ ਕਿ ਇਕ ਵਕਤ ਜੀਵ ਦੀ ਝੋਲੀ ਵਿਚ ਇਕ ਹੀ ਰਹਿ ਸਕਦੀ ਹੈ। ਦੁਨੀ ਨਾਲ ਜੁੜ ਜਾਣ ਵਾਲਾ ਦੁਨੀ ਨੂੰ ਤਾਂ ਖੁਸ਼ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ ਪਰ ਦੀਨ ਪੱਖੋਂ ਆਪਣੀ ਝੋਲੀ ਖਾਲੀ ਕਰ ਲੈਂਦਾ ਹੈ ਕਿਉਂਕਿ ਭਗਤਾਂ ਤੇ ਸੰਸਾਰੀਆਂ ਦਾ ਜੋੜ ਨਹੀਂ ਬਣ ਸਕਦਾ। ਭਗਤਾਂ ਨੇ ਤਾਂ ਸਗੋਂ ਸੰਸਾਰਕ ਲੀਹਾਂ ਛੱਡ ਕੇ ਨਿਰਾਲੀ ਚਾਲ ਚਲਣਾ ਹੁੰਦਾ ਹੈ ਪਰ ਇਹ ਨਿਰਾਲੀ ਚਾਲ ਸੰਸਾਰ ਕਦੇ ਪਸੰਦ ਨਹੀਂ ਕਰਦਾ। ਇਸੇ ਕਰਕੇ ਬਹੁਤੀ ਵਾਰੀ ਸੰਸਾਰੀ ਲੋਕਾਂ ਨੇ ਪ੍ਰਭੂ ਪਿਆਰਿਆਂ ਨੂੰ ਫਾਂਸੀ ਦੇ ਰੱਸੇ ਦਿੱਤੇ, ਤੱਤੀਆਂ ਤੱਵੀਆਂ ਦਿੱਤੀਆਂ, ਹੋਰ ਅਨੇਕਾਂ ਸਜ਼ਾਵਾਂ ਦਿੱਤੀਆਂ ਕਾਰਣ ਸਿਰਫ ਇਕ ਹੀ ਸੀ ਕਿ ਉਨ੍ਹਾਂ ਨੇ ਦੁਨੀ ਦੀ ਪ੍ਰਵਾਹ ਲਾਹ ਕੇ ਦੀਨ ਕਮਾਉਣਾ ਨੇਕ ਕਰਮ ਜਾਣਿਆ। ਦੂਜੇ ਪਾਸੇ ਦੁਨੀ ਨਾਲ ਇਕਮਿਕ ਹੋ ਕੇ ਤੁਰਨ ਵਾਲੇ ਰੱਬੀ ਰਾਹਾਂ ਤੋਂ ਕੋਹਾਂ ਦੂਰ ਰਹੇ। ਜੀਵ ਆਇਆ ਤਾਂ ਵਿਚਾਰਾ ਦੀਨ ਕਮਾਉਣ ਸੀ ਕਿਉਂਕਿ ਰੱਬੀ ਦਰਗਾਹ ਵਿਚ ਇਸ ਦਾ ਸਾਥੀ ਤਾਂ ਦੀਨ ਨੇ ਬਣਨਾ ਸੀ ਪਰ ਇਹ ਦੁਨੀ ਮਗਰ ਲੱਗ ਕੇ ਦੀਨ ਗੁਵਾ ਬੈਠਾ। ਜਿਵੇਂ ਕਿਸੇ ਅਣਜਾਣ ਪੁਰਖ ਨੇ ਮਾਨੋਂ ਜਿਨ੍ਹਾਂ ਪੈਰਾਂ ਰਾਹੀਂ ਤੁਰ ਕੇ ਪੈਂਡਾ

Sri Satguru Jagjit Singh Ji eLibrary NamdhariElibrary@gmail.com

ਮੁਕਾਉਣਾ ਸੀ ਉਸ ਉਤੇ ਆਪ ਹੀ ਕੁਹਾੜਾ ਮਾਰ ਕੇ ਅਜਿਹਾ ਜ਼ਖਮੀ ਕੀਤਾ ਕਿ ਤੁਰਨਾ ਚਾਹੁੰਦਾ ਹੋਇਆ ਵੀ ਤੁਰ ਨਾ ਸਕਿਆ।

*ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥*
*ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥* (੧੩੬੫)
*ਕਬੀਰ ਡੂਬਹਿਗੋ ਰੇ ਬਾਪੁਰੇ ਬਹੁ ਲੋਗਨ ਕੀ ਕਾਨਿ॥*
*ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ॥* (੧੩੭੩)
*ਕਬੀਰ ਦੁਨੀਆ ਕੇ ਦੋਖੇ ਮੂਆ ਚਾਲਤ ਕੁਲ ਕੀ ਕਾਨਿ॥*
*ਤਬ ਕੁਲੁ ਕਿਸ ਕਾ ਲਾਜਸੀ ਜਬ ਲੇ ਧਰਹਿ ਮਸਾਨਿ॥* (੧੩੭੩)

ਲੋਕ ਮੈਨੂੰ ਕੀ ਕਹਿਣਗੇ ਇਸ ਲੋਕ ਲਾਜ ਨੇ ਧਰਮ ਦੇ ਮਾਰਗ ਤੇ ਹੀ ਚੱਲਣ ਨਾ ਦਿੱਤਾ। ਹੀਰੇ ਵਰਗਾ ਜਨਮ ਕੌਡੀਆਂ ਬਦਲੇ ਹਾਰ ਦਿੱਤਾ।

**੫. ਮਨਮਤਿ**—ਮਨ ਦੀ ਮਤਿ ਨੇ ਵੀ ਬਹੁਤ ਸਾਰੇ ਪਰਮਾਰਥੀ ਰਾਹੀਆਂ ਨੂੰ ਭਟਕਾਇਆ ਹੈ। ਮਨ ਇਤਨਾ ਚਲਾਕ ਹੈ ਕਿ ਸਾਰੀ ਜ਼ਿੰਦਗੀ ਲਾਰਿਆਂ ਵਿਚ ਹੀ ਜੀਵ ਨੂੰ ਲਾਈ ਰੱਖਦਾ ਹੈ। ਕਿਧਰੇ ਜ਼ਬਰਦਸਤੀ ਜੀਵ ਵਿਚਾਰਾ ਰੱਬ ਦੀ ਗੱਲ ਕਰਨ ਹੀ ਲੱਗ ਜਾਵੇ ਤਾਂ ਇਕ ਖਿਨ ਮਾਤਰ ਵੀ ਟਿੱਕ ਕੇ ਅਨੰਦ ਨਹੀਂ ਲੈਣ ਦਿੰਦਾ ਬਲਕਿ ਅਜਿਹੀਆਂ ਦਲੀਲਾਂ ਵਿਚ ਫਸਾ ਲੈਂਦਾ ਹੈ ਕਿ ਧਿਆਨ ਪ੍ਰਭੂ ਦੇ ਚਰਨਾਂ ਵਿਚ ਜੁੜਨ ਦੀ ਬਜਾਇ ਸੰਸਾਰੀ ਧੰਧਿਆਂ ਵਿਚ ਹੀ ਫਸਾਈ ਰੱਖਦਾ ਹੈ। ਇਥੋਂ ਤੱਕ ਕਿ ਜੇਕਰ ਬੁਰੇ ਕੰਮ ਲਈ ਜਾਣਾ ਹੋਵੇ ਤਾਂ ਇਤਨਾ ਪ੍ਰੇਰਦਾ ਹੈ ਕਿ ਮਨੁੱਖ ਬੁਰੇ ਕਰਮ ਕਮਾਉਣ ਲਈ ਆਪਣਾ ਹੌਸਲਾ ਸ਼ੇਰ ਵਰਗਾ ਬਹਾਦਰ ਬਣਾ ਲੈਂਦਾ ਹੈ ਪਰ ਜੇ ਕਿਧਰੇ ਧਰਮ ਦੀ ਗੱਲ ਕਰਨੀ ਹੋਵੇ ਤਾਂ ਅਤਿ ਦਾ ਆਲਸੀ ਹੋ ਵਕਤ ਗਵਾ ਦਿੰਦਾ ਹੈ। ਭਾਈ ਗੁਰਦਾਸ ਜੀ ਨੇ ਕਬਿੱਤ ਬੜੀ ਸੁੰਦਰ ਵੀਚਾਰ ਆਖੀ ਹੈ ਕਿ—

*ਜੈਸੋਂ ਮਨੁ ਲਾਗਤ ਹੈ ਲੇਖਕ ਕੋ ਲੇਖੈ ਬਿਖੈ, ਹਰਿ ਜਸੁ ਲਿਖਤ ਨ ਤੈਸੋਂ ਠਹਿਰਾਵਈ॥*
*ਜੈਸੋਂ ਮਨੁ ਬਨਜ ਬਿਉਹਾਰ ਕੇ ਬਿਥਾਰ ਬਿਖੈ, ਸਬਦ ਸੁਰਤਿ ਅਵਗਾਹਨ ਨ ਭਾਵਈ॥*
*ਜੈਸੋਂ ਮਨੁ ਕਨਿਕ ਅਉ ਕਾਮਨੀ ਸਨੇਹ ਬਿਖੈ, ਸਾਧ ਸੰਗਿ ਤੈਸੋ ਨੇਹ ਪਲ ਨ ਲਗਾਵਈ॥*
*ਮਾਇਆ ਬੰਧ ਧੰਧ ਬਿਖੈ ਆਵਧ ਬਿਹਾਇ ਜਾਇ, ਗੁਰ-ਉਪਦੇਸ ਹੀਨ ਪਾਛੇ ਪਛੁਤਾਵਈ॥ ੨੩੪॥*

ਮਨ ਆਪਣੀ ਮਤਿ ਦੇ ਆਸਰੇ ਜੀਵ ਨੂੰ ਕਦੇ ਗੁਰੂ ਦੀ ਮਤਿ ਲੈਣ ਹੀ ਨਹੀਂ ਦਿੰਦਾ।

**੬. ਰਿਧੀਆਂ ਸਿਧੀਆਂ**— ਕਈ ਐਸੇ ਵੀ ਜੀਵ ਹਨ ਜਿਹੜੇ ਬਹੁਤੇ ਬੰਦਸ਼ਾਂ ਦੀਆਂ ਜ਼ੰਜੀਰਾਂ ਤੋੜ ਕੇ ਰੱਬੀ ਰਾਹ ਦੀ ਚੋਣ ਕਰ ਲੈਂਦੇ ਹਨ। ਜੀਵਨ ਅੰਦਰ ਕਾਫੀ ਸਫਲਤਾ ਵੀ ਪਾ ਲੈਂਦੇ ਹਨ ਪਰ ਰਿਧੀਆਂ ਸਿਧੀਆਂ ਵੀ ਇਕ ਅਜਿਹੀ ਚਿਕੜ ਦੀ ਨਦੀ ਹੈ ਜਿਥੋਂ ਵਿਰਲੇ ਹੀ ਪਾਰ ਹੁੰਦੇ ਹਨ। ਬੰਦਗੀ ਕਰਦਿਆਂ ਦੁਨੀਆਂ ਦੀ ਮਾਣ ਵਡਿਆਈ ਵੀ ਇਸ ਚਿੱਕੜ ਵਿਚੋਂ ਨਿਕਲਣ ਨਹੀਂ ਦਿੰਦੀ, ਜਿਸ ਕਰਕੇ ਅਲਾਹੀ ਤਾਕਤ ਦੇ ਮਿਲੇ ਕਿਣਕੇ ਨੂੰ ਵਰਤਕੇ ਮਨੁੱਖ ਸੰਸਾਰਿਕ ਚਿੱਕੜ ਵਿਚੋਂ ਬਾਹਰ ਨਿਕਲਣ ਦੀ ਬਜਾਇ ਸਗੋਂ ਹੋਰ ਧੱਸ ਜਾਂਦਾ ਹੈ, ਜਦੋਂ ਇਸ

Sri Satguru Jagjit Singh Ji eLibrary NamdhariElibrary@gmail.com

ਤਾਕਤ ਦੀ ਵਰਤੋਂ ਸੰਸਾਰੀ ਲੋਕਾਂ ਵਲੋਂ ਮਿਲੇ ਮਾਣ ਪ੍ਰਤਿਸ਼ਟਾ ਲਈ ਵਰਤਣ ਲੱਗ ਪੈਂਦਾ ਹੈ। ਅਜਿਹੀ ਤਾਕਤ ਤਾਂ ਸਗੋਂ ਮੋਹ ਦੀ ਫਾਹੀ ਬਣ ਕੇ ਹਿਰਦੇ ਵਿਚੋਂ ਨਾਮ ਨਾ ਵੱਸਣ ਦੇਣ ਦਾ ਸਗੋਂ ਕਾਰਣ ਬਣ ਖਲੋਂਦੀ ਹੈ। ਅਜਿਹੀ ਅਵਸਥਾ ਵਿਚ ਅਨੇਕਾਂ ਰੱਬ ਦੇ ਫਕੀਰ ਕਹਿਲਾਉਣ ਵਾਲੇ ਹਾਰ ਖਾ ਜਾਂਦੇ ਹਨ, ਕਿਉਂਕਿ—

*ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥* (੫੯੩)

**੭. ਪਾਖੰਡ—** ਪਾਖੰਡ ਜਾਂ ਕਰਮ ਕਾਂਡ ਇਹ ਪਰਮਾਰਥੀ ਲੋਕਾਂ ਲਈ ਅਜਿਹੀ ਖਤਰਨਾਕ ਬਿਮਾਰੀ ਹੈ ਜਿਹੜੀ ਜ਼ਿੰਦਗੀ ਭਰ ਤੋਰੀ ਵੀ ਰੱਖਦੀ ਹੈ, ਕਰਮ ਵੀ ਬਹੁਤ ਕਰਵਾਉਂਦੀ ਹੈ ਪਰ ਪਹੁੰਚਣ ਵੀ ਕਿਧਰੇ ਨਹੀਂ ਦਿੰਦੀ। ਮਨੁੱਖ ਆਪਣੇ ਆਪ ਨੂੰ ਅਜਿਹੇ ਕਰਮ ਕਰਦਾ ਧਰਮੀ ਭਾਵ ਰੱਬ ਦੇ ਨੇੜੇ ਹੋਇਆ ਸਮਝਣ ਲੱਗ ਪੈਂਦਾ ਹੈ। ਦੁਨੀਆਂ ਦੀ ਨਜ਼ਰ ਵਿਚ ਸਗੋਂ ਅਜਿਹਾ ਕਰਮ ਕਾਂਡੀ ਪਰਵਾਨ ਵੀ ਵਧੇਰੇ ਹੁੰਦਾ ਹੈ। ਪਰ ਖਿਆਲ ਕਰਨ ਯੋਗ ਬਾਤ ਹੈ ਕਿ ਅਜਿਹਾ ਰਾਹੀ ਧਰਮ ਦੇ ਰਾਹ 'ਤੇ ਤੁਰਨ ਦਾ ਪਾਖੰਡ ਕਰਨ ਕਰਕੇ ਦਿਸਦਾ ਤਾਂ ਧਰਮੀ ਹੁੰਦਾ ਹੈ ਪਰ ਉਹ ਅਸਲ ਵਿਚ ਬਹੁਤ ਖਤਰਨਾਕ ਅਧਰਮੀ ਹੁੰਦਾ ਹੈ। ਅਜਿਹਾ ਮਨੁੱਖ ਨਾਮ ਤਾਂ ਜਪਦਾ ਨਹੀਂ ਸਗੋਂ ਦਿਖਾਵੇ ਦੇ ਕਰਮ ਕਾਂਡ ਕਰਦਾ ਹੈ, ਜਿਨ੍ਹਾਂ ਦਾ ਰੱਬੀ ਦਰਬਾਰ ਵਿਚ ਕੌਡੀ ਮੁੱਲ ਨਹੀਂ ਪੈਂਦਾ।

*ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥*
*ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥ ਰਹਾਉ॥*
*ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ॥*
*ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ॥*
*ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ॥*
*ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ॥*
*ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ॥*
*ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ॥*(੨੧੬)

ਇਸ ਤਰ੍ਹਾਂ ਨਾਲ ਰਾਹਾਂ ਵਿਚ ਹੀ ਭਟਕਦੇ ਜੀਵਾਂ ਦੀ ਦਸ਼ਾ ਭਾਈ ਗੁਰਦਾਸ ਜੀ ਨੇ ਕਬਿੱਤ ਵੀ ਬਹੁਤ ਸੁੰਦਰ ਢੰਗ ਨਾਲ ਬਿਆਨ ਕੀਤੀ ਹੈ ਕਿ-

*ਜੈਸੇ ਬੈਲ ਤੇਲੀ ਕੋ ਜਾਨਤ ਕਈ ਕੋਸ ਚਲਿਓ,*
*ਨੈਨ ਉਘਰਤ ਵਾਹੀ ਠਾਉ ਹੀ ਠਿਕਾਨੋ ਹੈ॥*
*ਜੈਸੇ ਜੇਵਰੀ ਬਟਤ ਆਂਧਰੋ ਅਚਿੰਤ ਚਿੰਤ,*
*ਖਾਤ ਜਾਤ ਬਛਰੋ ਟਟੋਰੇ ਪਛਤਾਨੋ ਹੈ॥*
*ਜੈਸੇ ਮ੍ਰਿਗ ਤ੍ਰਿਸਨਾ ਲਓ ਧਾਵੈ ਮ੍ਰਿਗ ਤ੍ਰਿਖਾਵੰਤ,*
*ਆਵਤ ਨ ਸਾਂਤਿ ਭ੍ਰਮ ਭ੍ਰਮਤ ਹਿਰਾਨੋ ਹੈ॥*

Sri Satguru Jagjit Singh Ji eLibrary NamdhariElibrary@gmail.com

*ਤੈਸੇ ਸੁਪਨੰਤਰਿ ਦਿਸੰਤਰ ਬਿਹਾਇ ਗਈ,*
*ਪਹੁੰਚ ਨ ਸਕਿਓ ਤਹਾਂ ਜਹਾਂ ਮੋਹਿ ਜਾਨੋ ਹੈ॥ ੫੭੮॥*

ਯਾਤਰਾ ਸ਼ੁਰੂ ਕਰਕੇ ਇਸ ਤਰ੍ਹਾਂ ਅਨੇਕਾਂ ਪੜਾਵਾਂ 'ਤੇ ਜੀਵ ਰੁਕ ਕੇ ਮੰਜ਼ਿਲ ਤੱਕ ਪਹੁੰਚਣ ਤੋਂ ਪਹਿਲਾਂ ਹੀ ਜ਼ਿੰਦਗੀ ਦਾ ਸਰਮਾਇਆ ਖਤਮ ਕਰਕੇ ਅਧੂਰੇ ਹੀ ਆਉਂਦੇ ਹਨ ਅਤੇ ਅਧੂਰੇ ਹੀ ਸੰਸਾਰ ਤੋਂ ਤੁਰ ਜਾਂਦੇ ਹਨ। ਯਾਤਰਾ ਉਸ ਦੀ ਹੀ ਪੂਰੀ ਹੁੰਦੀ ਹੈ ਜਿਸ ਨੇ ਜਿਥੋਂ ਸ਼ੁਰੂ ਕੀਤੀ ਸੀ, ਜ਼ਿੰਦਗੀ ਦੀ ਸ਼ਾਮ ਪੈਣ ਤੋਂ ਪਹਿਲਾਂ ਪਹਿਲਾਂ ਉਥੇ ਪਹੁੰਚ ਜਾਏ। ਪੂਰੀ ਯਾਤਰਾ ਹੀ ਸਫਲ ਯਾਤਰਾ ਹੁੰਦੀ ਹੈ। ਜੀਵ ਰੱਬ ਤੋਂ ਵਿਛੁੜ ਕੇ ਭਟਕਦਾ ਹੋਇਆ ਮਨੁੱਖਾ ਜਨਮ ਤੱਕ ਪਹੁੰਚਿਆ ਸੀ ਫਿਰ ਇਥੋਂ ਗੁਰੂ ਜੀ ਨੂੰ ਨਾਲ ਲੈ ਕੇ ਪਰਮੇਸ਼ਰ ਦੇ ਘਰ ਵੱਲ ਨੂੰ ਤੁਰਿਆ ਸੀ। ਰਸਤੇ ਵਿਚ ਅਨੇਕਾਂ ਔਕੜਾਂ ਮੁਸ਼ਕਿਲਾਂ ਨੂੰ ਸਤਿਗੁਰੂ ਜੀ ਦਾ ਸੰਗ ਹੋਣ ਕਰਕੇ ਹੱਲ ਕਰਕੇ ਹੱਲ ਕਰਦਾ ਹੋਇਆ ਆਪਣੀ ਮੰਜ਼ਿਲ ਨੂੰ ਪ੍ਰਾਪਤ ਕਰ ਲੈਂਦਾ ਹੈ।

*ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥*
*ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ॥*
*ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ॥*
*ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ॥*
*ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥*
*ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ॥* (੧੩੬)

ਪਰਮੇਸ਼ਰ ਕਿਰਪਾ ਕਰੇ ਹਰ ਮਨੁੱਖੀ ਚੋਲਾ ਪਹਿਨ ਕੇ ਆਈ ਆਤਮਾ ਨੂੰ ਸੱਚਾ ਪ੍ਰਭੂ ਮਿਲਾ ਦੇਣ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਰਗਾ ਸਤਿਗੁਰੂ ਮਿਲੇ ਜਿਸ ਨਾਲ ਉਹ ਪ੍ਰਮੇਸ਼ਰ ਵਿਚ ਅਭੇਦ ਹੋ ਕੇ ਆਪਣੀ ਯਾਤਰਾ ਪੂਰੀ ਅਤੇ ਸਫਲ ਕਰ ਸਕੇ ਜਿਸ ਨਾਲ ਜਨਮ ਮਰਨ ਦੀ ਭਟਕਣਾ ਤੋਂ ਮੁਕਤ ਹੋ ਕੇ ਨਿਰੰਕਾਰ ਦਾ ਰੂਪ ਹੋ ਸਕੇ। ਅਜਿਹਾ ਤਦ ਹੀ ਹੋ ਸਕਦਾ ਹੈ ਜੇਕਰ ਮਿਹਰਾਂ ਦਾ ਸਾਂਈਂ ਆਪਣੀ ਮਿਹਰ ਕਰਕੇ ਇਸ ਵਿਛੁੜੀ ਜੀਵ ਆਤਮਾ ਨੂੰ ਪ੍ਰੇਮ ਅਤੇ ਨਾਮ ਵਿਚ ਰੰਗ ਲਵੇ। ਨਾਮ ਵਿਚ ਹੀ ਐਸੀ ਤਾਕਤ ਹੈ। ਸਲੋਕ ਸਹਿਸਕ੍ਰਿਤੀ ਦਾ ਇਕ ਬਚਨ ਵੀਚਾਰੀਏ ਸਾਹਿਬ ਜੀ ਕਥਨ ਕਰਦੇ ਹਨ ਕਿ ਨਾਮ ਸੰਸਾਰ ਵਿਚ ਪਿੱਛੇ ਰਹਿ ਗਏ ਜੀਵਾਂ ਨੂੰ ਹੋਰਾਂ ਤੋਂ ਵੀ ਅੱਗੇ ਕਰ ਦਿੰਦਾ ਹੈ। ਨਿਰਾਸੇ ਲੋਕਾਂ ਦੀਆਂ ਝੋਲੀਆਂ ਆਸਾਂ ਉਮੀਦਾਂ ਨਾਲ ਪੂਰੀਆਂ ਕਰ ਦਿੰਦਾ ਹੈ। ਨਿਰਧਨ ਲੋਕਾਂ ਦੀ ਐਸੀ ਬਾਂਹ ਪਕੜਦਾ ਹੈ ਕਿ ਸੰਸਾਰ ਦੇ ਅਮੀਰਾਂ ਲੋਕਾਂ ਵਿਚ ਜਾਣਿਆ ਜਾਂਦਾ ਹੈ। ਰੋਗੀਆਂ ਦੇ ਸਾਰੇ ਰੋਗ ਮੁਕਾ ਕੇ ਭਗਤੀ ਭਾਵ ਵਿਚ ਐਸਾ ਰੰਗ ਦਿੰਦਾ ਹੈ ਕਿ ਹਰੀ ਕੀਰਤੀ ਦਾ ਦਾਨ ਉਨ੍ਹਾਂ ਦੀ ਝੋਲੀ ਪਾ *'ਨਦਰੀ ਨਦਰਿ ਨਿਹਾਲ'* ਕਰ ਦਿੰਦਾ ਹੈ। ਅਸਲ ਵਿਚ ਪ੍ਰਮੇਸ਼ਰ ਹੈ ਹੀ ਦਾਤਾਂ ਬਖਸ਼ਣ ਵਾਲਾ ਇਸ ਲਈ ਕਿਹੜੀ ਅਜਿਹੀ ਦਾਤ ਹੈ ਕਿ ਜਿਹੜੀ ਗੁਰੂ ਜੀ ਦੀ ਸੇਵਾ ਕਰਿਆ ਨਹੀਂ ਨਸੀਬ ਹੁੰਦੀ। ਸ਼ਰਤ ਹੈ ਕਿ ਜੀਵ ਰੱਬ ਦਾ ਹੋਣਾ ਚਾਹਵੇ, ਉਹ ਤਾਂ ਆਪਣਾ ਬਣਾਉਂਦਿਆਂ ਪਲ ਵੀ ਨਹੀਂ

Sri Satguru Jagjit Singh Ji eLibrary NamdhariElibrary@gmail.com

ਲਗਾਉਂਦਾ। ਹਜ਼ੂਰ ਦੀ ਜ਼ੁਬਾਨੇ ਪਾਕ ਦਾ ਫੁਰਮਾਨ ਹੈ ਕਿ—

*ਪਾਛੰ ਕਰੋਤਿ ਅਗ੍ਰਣੀਵਹ ਨਿਰਾਸੰ ਆਸ ਪੂਰਨਹ॥*
*ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ॥*
*ਭਗਤ੍ਹੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ॥*
*ਪਾਰਬ੍ਰਹਮ ਪੁਰਖ ਦਾਤਾਰਹ ਨਾਨਕ ਗੁਰ ਸੇਵਾ ਕਿੰਨ ਲਭ੍ਹਤੇ॥ ੨੦॥ (੧੩੫੫)*

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com